

ਜਾਂਬਾਜ਼ ਯੋਧੇ



ਮਨਿੰਦਰ ਸਿੰਘ ਬਾਜਾ

ਜਾਂਬਾਜ਼ ਯੋਧੇ



ਮਨਿੰਦਰ ਸਿੰਘ ਬਾਜਾ

ਜਾਂਬਾਜ਼ ਯੋਧੇ

ਲੇਖਕ

ਮਨਿੰਦਰ ਸਿੰਘ ਬਾਜਾ

ਪ੍ਰਕਾਸ਼ਕ :

ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)

154, ਘੰਟਾ ਘਰ ਮਾਰਕੀਟ, ਸਕੂਟਰ ਸਟੈਂਡ ਦੇ ਉੱਪਰ,

ਅੰਮ੍ਰਿਤਸਰ। ਫੋਨ : 0183-5101231

ਮੋਬਾਇਲ : 98726-58302, 98151-61234

JANBAZ JODHE

By : Maninder Singh Baja ©
Mobile : 9815014647

Janbaz Jodhe by Maninder Singh Baja

First Edition	:	January 2010
Price	:	**120/-**
Title	:	Gurmat Pustak Bhandar
Printed at	:	Dashmesh Printing Press
Publisher by	:	Gurmat Pustak Bhandar 154, Ghanta Ghar Market, (Ground Floor Scooter Stand), Sri Harimander Sahib, Sri Amritsar. Ph.: 0183-5101231 Mb.: 98726-58302, 98151-61234


(Printed in India)

5

ਮੈਂ ਕਿਵੇਂ ਲਿਖਣ ਲੱਗਾ ?

ਮੈਨੂੰ ਪੜ੍ਹਨ ਦਾ ਬਹੁਤ ਸ਼ੌਕ ਸੀ ਪਰ ਕਦੀ ਕੁਝ ਲਿਖਣ ਬਾਰੇ ਨਹੀਂ ਸੀ ਸੋਚਿਆ। ਗਿਆਨੀ ਤਰਲੋਕ ਸਿੰਘ ਜੀ ਨਾਵਲਕਾਰ ਦੇ ਨਾਵਲ *ਲਹੂ ਸ਼ਹੀਦਾਂ ਦਾ*, *ਸ਼ਹੀਦ ਸਿੰਘਣੀਆਂ*, *ਬੀ.ਟੀ. ਦੀਆਂ ਡਾਂਗਾਂ*, *ਮੋਰਚਾ ਗੁਰੂ ਕਾ ਬਾਗ*, *ਸਿੱਖ ਰਾਜ ਦੀਆਂ ਸ਼ਾਮਾਂ*, *ਬੱਬਰਾਂ ਦੀ ਵਿਥਿਆ*, *ਗੋਲੀ ਚੱਲਦੀ ਗਈ* ਦੀ ਪ੍ਰਸੰਸਾ ਕਰਦਾ ਹਾਂ। ਪਰ ਗਿਆਨੀ ਤਰਲੋਕ ਸਿੰਘ ਜੀ ਦੇ ਲਿਖੇ ਇਤਿਹਾਸਕ ਨਾਵਲ *ਸ਼ਹੀਦ ਮਹਿਤਾਬ ਸਿੰਘ ਮੀਰਾਂਕੋਟੀਆ* ਵਿਚ ਜਿਵੇਂ ਇਤਿਹਾਸਕ ਤੱਥਾਂ ਨੂੰ ਤੋੜਿਆ-ਮਰੋੜਿਆ ਗਿਆ ਹੈ, ਇਤਿਹਾਸ ਨੂੰ ਮਿਥਿਹਾਸ ਬਣਾ ਕੇ, ਸਿੱਖ ਸ਼ਹੀਦਾਂ ਦੇ ਇਤਿਹਾਸ ਨਾਲ ਖਿਲਵਾੜ ਕਰਨ ਦੀ ਕਾਰਵਾਈ ਨਾਲ ਮੇਰੇ ਦਿਲ ਉੱਤੇ ਗਹਿਰਾ ਜ਼ਖ਼ਮ ਹੋਇਆ ਹੈ, ਜਿਸ ਨਾਲ ਮੈਨੂੰ ਇਤਿਹਾਸ ਦੇ ਤੱਥਾਂ ਦੀ ਖੋਜ ਕਰ ਕੇ ਚਾਰ ਸਾਲ ਦੀ ਦਿਨ-ਰਾਤ ਦੀ ਮਿਹਨਤ ਨੇ ਮੈਨੂੰ ਅਨਪੜ੍ਹ ਜਿਹੇ ਜ਼ਿਮੀਂਦਾਰ ਜੱਟ ਨੂੰ ਇਕ ਲੇਖਕ ਦੇ ਰਸਤੇ ਵੱਲ ਤੋਰ ਦਿੱਤਾ ਹੈ। ਮੈਂ ਹੁਣ ਤਕ ਲੇਖਕ ਦੇ ਤੌਰ 'ਤੇ, ਖੇਤਰ ਵਿਚ ਜੋ ਮਾਣ-ਸਨਮਾਨ ਹਾਸਲ ਕੀਤਾ ਹੈ, ਇਹ ਸਭ ਗਿਆਨੀ ਤਰਲੋਕ ਸਿੰਘ ਜੀ ਨਾਵਲਕਾਰ ਦੇ ਇਤਿਹਾਸਕ ਨਾਵਲ *ਸ਼ਹੀਦ ਮਹਿਤਾਬ ਸਿੰਘ ਮੀਰਾਂਕੋਟੀਆ* ਵਿਚਲੇ ਇਤਿਹਾਸ ਨੂੰ ਮਿਥਿਹਾਸ ਬਣਾਉਣ ਦੇ ਵਿਰੋਧ ਵਿਚ ਉੱਠੀ ਉਪਜ ਹੈ।

ਇਹ ਹਥਲੀ ਲਿਖਤ *ਜਾਂਬਾਜ਼ ਯੋਧੇ* ਸਿੱਖ ਇਤਿਹਾਸ ਦੇ ਤਵਾਰੀਖ਼ੀ ਤੱਥਾਂ ਦੇ ਘੇਰੇ ਵਿਚ ਰਹਿ ਕੇ ਲਿਖੀ ਗਈ ਤਵਾਰੀਖ਼ੀ ਦਸਤਾਵੇਜ਼ੀ ਹਿਸਟਰੀ ਹੈ। *ਜਾਂਬਾਜ਼ ਯੋਧੇ* ਅਤੇ *ਬਾਗੀ ਸੂਰਮੇ* ਦੇ ਮੁੱਖ ਪਾਤਰ ਇਕੋ ਮੰਜ਼ਿਲ ਦੇ ਪਾਂਧੀ ਹਨ। ਇਸ ਲਈ ਦੋਵਾਂ ਲਿਖਤਾਂ ਦੇ ਇਤਿਹਾਸਕ ਤੱਥ ਅਤੇ ਕਈ ਅਹਿਮ ਕਾਂਡ ਹੂ-ਬ-ਹੂ ਆਪਸ ਵਿਚ ਰਲਦੇ ਹਨ ਜਿਨ੍ਹਾਂ ਵਿਚ ਕਿਸੇ ਵੀ ਕੀਮਤ ਉੱਤੇ ਫ਼ਰਕ ਨਹੀਂ ਪਾਇਆ ਜਾ ਸਕਦਾ। ਉਮੀਦ ਹੈ ਕਿ ਵਿਦਵਾਨ ਸੱਜਣ ਤਰੁੱਟੀਆਂ ਨੂੰ ਨਜ਼ਰ-ਅੰਦਾਜ਼ ਕਰਦੇ ਹੋਏ ਖ਼ੂਬੀਆਂ ਨੂੰ ਮਾਣ ਬਖ਼ਸ਼ਣਗੇ।



ਜਾਂਬਾਜ਼ ਯੋਧੇ

ਮਨਿੰਦਰ ਸਿੰਘ ਬਾਜਾ

ਦੋ ਸ਼ਬਦ

ਅਬਦੁੱਲ ਸਮੱਦ ਖ਼ਾਂ (ਦਲੇਰੇ-ਜੰਗ) ਅਤੇ ਵਜ਼ੀਰ ਕਮਰੁਦੀਨ ਦੋਵੇਂ ਸਕੇ ਭਰਾ ਸਨ। ਕਮਰੁਦੀਨ ਦਿੱਲੀ ਦੇ ਬਾਦਸ਼ਾਹ ਦਾ ਵਜ਼ੀਰ ਬਣਿਆ। ਵਜ਼ੀਰ ਕਮਰੁਦੀਨ ਦਾ ਪੁੱਤਰ ਮੀਰ ਮੰਨੂੰ ਹੋਇਆ ਹੈ। ਮੀਰ ਮੰਨੂੰ ਨੇ ਸਿੱਖਾਂ ਉੱਤੇ ਅਸਹਿ ਅਤੇ ਅਕਹਿ ਜ਼ੁਲਮ ਕੀਤੇ। 11 ਫ਼ਰਵਰੀ 1713 ਨੂੰ ਫ਼ਰੁੱਖ਼ਸੀਅਰ ਦਿੱਲੀ ਦੇ ਤਖ਼ਤ ਦਾ ਬਾਦਸ਼ਾਹ ਬਣਿਆ। ਲਾਹੌਰ ਦਾ ਸੂਬੇਦਾਰ ਜ਼ਬਰਦਸਤ ਖ਼ਾਨ ਸੀ। ਸੰਨ 1715 ਵਿਚ ਦਿੱਲੀ ਦੇ ਬਾਦਸ਼ਾਹ ਫ਼ਰੁੱਖ਼ਸੀਅਰ ਨੇ ਸਿੱਖਾਂ ਦੀ ਵਧ ਰਹੀ ਤਾਕਤ ਨੂੰ ਕੁਚਲਣ ਲਈ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਖ਼ਤਮ ਕਰਨ ਲਈ ਬੜਾ ਸਖ਼ਤ ਹੁਕਮ ਜਾਰੀ ਕੀਤਾ। ਫ਼ਰੁੱਖ਼ਸੀਅਰ ਬਾਦਸ਼ਾਹ ਨੇ ਅਬਦੁੱਲ ਸਮੱਦ ਖ਼ਾਂ ਨੂੰ ਲਾਹੌਰ ਦਾ ਸੂਬੇਦਾਰ ਗਵਰਨਰ ਨਿਯੁਕਤ ਕਰ ਦਿੱਤਾ। ਦਿੱਲੀ ਦੇ ਬਾਦਸ਼ਾਹ ਫ਼ਰੁੱਖ਼ਸੀਅਰ ਦੇ ਹੁਕਮ ਉੱਤੇ ਲਾਹੌਰ ਦੇ ਸੂਬੇਦਾਰ ਅਬਦੁੱਲ ਸਮੱਦ ਖ਼ਾਂ ਅਤੇ ਉਸ ਦੇ ਪੁੱਤਰ ਜ਼ਕਰੀਆ ਖ਼ਾਨ ਫ਼ੌਜਦਾਰ ਲਾਹੌਰ ਨੇ ਮੁਲਤਾਨ ਅਤੇ ਸਰਹਿੰਦ ਦੇ ਨਿੱਕੇ-ਵੱਡੇ ਫ਼ੌਜਦਾਰਾਂ ਨੂੰ ਨਾਲ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਖ਼ਤਮ ਕਰਨ ਲਈ ਚੜ੍ਹਾਈ ਕੀਤੀ। ਸੂਬੇਦਾਰ ਅਬਦੁੱਲ ਸਮੱਦ ਖ਼ਾਂ ਅਤੇ ਜ਼ਕਰੀਆ ਖ਼ਾਨ ਨੇ ਇਕ ਲੱਖ ਫ਼ੌਜ ਅਤੇ ਹਜ਼ਾਰਾਂ ਮੁਸਲਮਾਨ ਗ਼ਾਜ਼ੀ ਨਾਲ ਲੈ ਕੇ ਗੁਰਦਾਸ ਨੰਗਲ ਦੀ ਗੜ੍ਹੀ ਦੇ ਅੱਠ ਮਹੀਨੇ ਦੇ ਲੰਬੇ ਘੇਰੇ ਤੋਂ ਬਾਅਦ 17 ਦਸੰਬਰ ਸੰਨ 1715 ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ 700 ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਅਬਦੁੱਲ ਸਮੱਦ ਖ਼ਾਂ (ਸੂਬਾ ਲਾਹੌਰ) ਅਤੇ ਜ਼ਕਰੀਆ ਖ਼ਾਨ ਨੇ ਮਾਝੇ (ਲਾਹੌਰ ਦੇ ਇਲਾਕੇ) ਵਿਚੋਂ ਪਿੰਡਾਂ ਵਿਚ ਅਮਨ-ਚੈਨ ਨਾਲ ਖੇਤੀਬਾੜੀ ਕਰਨ ਵਾਲੇ ਤਕਰੀਬਨ 2000 ਸਿੰਘਾਂ ਨੂੰ ਕੈਦੀ ਬਣਾ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਜਲੂਸ ਦੀ ਸ਼ਕਲ ਵਿਚ ਗੱਡਿਆਂ ਉੱਤੇ ਨੂੜ ਕੇ ਕਾਫ਼ਲਾ ਦਿੱਲੀ ਪਹੁੰਚਾਇਆ। ਬਾਬਾ ਬੰਦਾ ਸਿੰਘ ਬਹਾਦਰ ਅਤੇ ਪ੍ਰਮੁੱਖ ਸਿੰਘਾਂ ਨੂੰ ਦਿੱਲੀ ਦੇ ਬਾਦਸ਼ਾਹ ਫ਼ਰੁੱਖ਼ਸੀਅਰ ਦੇ ਪੇਸ਼ ਕੀਤਾ ਗਿਆ।

ਬਾਦਸ਼ਾਹ ਫ਼ਰੁੱਖ਼ਸੀਅਰ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਤੇ ਸਾਥੀ ਸਿੰਘਾਂ ਨੂੰ ਇਸਲਾਮ ਧਰਮ ਕਬੂਲ ਕਰਨ ਜਾਂ ਕਤਲ ਦਾ ਹੁਕਮ ਸੁਣਾਇਆ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਤੇ ਸਾਥੀ ਸਿੰਘਾਂ ਨੇ ਸਿੱਖ ਧਰਮ ਤੋਂ ਜਾਨ ਕੁਰਬਾਨ ਕਰਨ (ਸ਼ਹੀਦ ਹੋਣ) ਨੂੰ ਪਹਿਲ ਦਿੱਤੀ।

ਬਾਬਾ ਬੰਦਾ ਸਿੰਘ ਬਹਾਦਰ ਦੇ ਸਾਥੀ ਸਿੰਘਾਂ ਦੀ 5 ਮਾਰਚ ਤੋਂ 11 ਮਾਰਚ 1716 ਤਕ ਦਿੱਲੀ ਵਿਚ ਲੋਕਾਂ ਦੇ ਸਾਹਮਣੇ ਕਤਲੇਆਮ ਕੀਤੀ ਗਈ।

ਬਾਬਾ ਬੰਦਾ ਸਿੰਘ ਬਹਾਦਰ ਅਤੇ ਕੁਝ ਚੋਣਵੇਂ ਸਾਥੀ ਸ. ਬਾਜ ਸਿੰਘ, ਸ. ਮਾਲੀ ਸਿੰਘ, ਸ. ਫ਼ਤਹਿ ਸਿੰਘ ਅਤੇ ਕੁਝ ਕੁ ਹੋਰ ਸਾਥੀ ਸਿੰਘਾਂ ਨੂੰ ਕੁਤਬ ਮੀਨਾਰ ਦੇ ਲਾਗੇ ਬੇਰਹਿਮੀ ਨਾਲ ਤਸੀਹੇ ਦੇ ਕੇ 19 ਜੂਨ 1716 ਨੂੰ ਸ਼ਹੀਦ ਕੀਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਦੇ ਚਾਰ ਸਾਲਾਂ ਦੇ ਪੁੱਤਰ ਅਜੈ ਸਿੰਘ ਨੂੰ ਉਸ ਦੀਆਂ ਅੱਖਾਂ ਦੇ ਸਾਹਮਣੇ ਕਤਲ ਕੀਤਾ ਗਿਆ। ਅਜੈ ਸਿੰਘ ਦਾ ਦਿਲ ਕੱਢ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿਚ ਪਾਇਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਦੀਆਂ ਲੱਤਾਂ ਦਾ ਮਾਸ ਗਰਮ ਜੰਬੂਰਾਂ ਨਾਲ ਤੋੜਿਆ ਗਿਆ। ਹਾਥੀ ਦੇ ਪੈਰਾਂ ਨਾਲ ਬੰਨ੍ਹ ਕੇ ਘਸੀਟਿਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਦੀਆਂ ਅੱਖਾਂ ਕੱਢ ਦਿੱਤੀਆਂ ਗਈਆਂ, ਦੋਵੇਂ ਹੱਥ, ਦੋਵੇਂ ਪੈਰ ਕੱਟ ਦਿੱਤੇ ਗਏ। ਅਖੀਰ ਬਾਬਾ ਬੰਦਾ ਸਿੰਘ ਬਹਾਦਰ ਦਾ ਸੀਸ ਤਲਵਾਰ ਦੇ ਵਾਰ ਨਾਲ ਕੱਟ ਦਿੱਤਾ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੇ ਸਾਥੀ ਸਿੰਘ ਜ਼ਾਲਮ ਹਕੂਮਤ ਦੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ, ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭਾਉਂਦੇ ਹੋਏ, 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਗਜਾਉਂਦੇ ਹੋਏ ਸਿੱਖ ਧਰਮ ਤੋਂ ਹੱਸ-ਹੱਸ ਕੇ ਜਾਨਾਂ ਕੁਰਬਾਨ ਕਰ, ਸ਼ਹੀਦ ਹੋ ਕੇ ਸਦਾ ਲਈ ਸਿੱਖ ਇਤਿਹਾਸ ਵਿਚ ਅਮਰ ਹੋ ਗਏ।

ਦਿੱਲੀ ਦੇ ਮੁਗ਼ਲ ਬਾਦਸ਼ਾਹ ਫ਼ਰੁੱਖ਼ਸੀਅਰ ਨੇ ਬਾਬਾ ਬੰਦਾ ਸਿੰਘ ਬਹਾਦਰ ਤੇ ਸਾਥੀਆਂ ਦੀ ਗ੍ਰਿਫ਼ਤਾਰੀ ਅਤੇ ਸ਼ਹੀਦੀ ਤੋਂ ਖ਼ੁਸ਼ ਹੋ ਕੇ ਇਨਾਮ ਵਜੋਂ ਅਬਦੁੱਲ ਸਮੱਦ ਖ਼ਾਂ ਨੂੰ 'ਦਲੇਰੇ-ਜੰਗ' ਦਾ ਖ਼ਿਤਾਬ ਦਿੱਤਾ ਅਤੇ ਲਾਹੌਰ ਦਾ ਸੂਬੇਦਾਰ ਗਵਰਨਰ ਪੱਕੇ ਤੌਰ 'ਤੇ ਨਿਯੁਕਤ ਕੀਤਾ। ਉਸ ਦੇ ਪੁੱਤਰ ਜ਼ਕਰੀਆ ਖ਼ਾਨ ਨੂੰ 'ਖ਼ਾਨ ਬਹਾਦਰ' ਦਾ ਖ਼ਿਤਾਬ ਦਿੱਤਾ ਅਤੇ ਇਨਾਮ ਵਜੋਂ ਮੁਲਤਾਨ ਦਾ ਸੂਬੇਦਾਰ ਗਵਰਨਰ ਬਣਾ ਦਿੱਤਾ। ਅਬਦੁੱਲ ਸਮੱਦ ਖ਼ਾਂ (ਦਲੇਰੇ-ਜੰਗ) ਸੂਬੇਦਾਰ ਲਾਹੌਰ ਤੇ ਉਸ ਦੇ ਬੇਟੇ ਜ਼ਕਰੀਆ ਖ਼ਾਨ ਸੂਬੇਦਾਰ ਮੁਲਤਾਨ ਨੇ ਸਿੱਖਾਂ ਨੂੰ ਖ਼ਤਮ ਕਰਨ ਲਈ ਅੱਤ ਦੇ ਜ਼ੁਲਮ ਕੀਤੇ। ਲੱਖਾਂ ਸਿੰਘ, ਸਿੰਘਣੀਆਂ, ਬੱਚੇ, ਬੁੱਢੇ ਅਸਹਿ ਤੇ ਅਕਹਿ ਜ਼ੁਲਮ ਕਰ ਕੇ ਸ਼ਹੀਦ ਕਰ ਦਿੱਤੇ। ਸਿੰਘਾਂ ਦੇ ਘਰ-ਬਾਰ ਸਾੜ/ਉਜਾੜ ਦਿੱਤੇ।

ਸੰਨ 1726 ਵਿਚ ਲਾਹੌਰ ਦੇ ਸੂਬੇਦਾਰ ਅਬਦੁੱਲ ਸਮੱਦ ਖ਼ਾਂ ਦੀ ਮੌਤ ਹੋ ਗਈ। ਉਸ ਦੀ ਥਾਂ ਉਸ ਦਾ ਪੁੱਤਰ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਲਾਹੌਰ ਦਾ ਸੂਬੇਦਾਰ ਬਣਿਆ। ਜ਼ਕਰੀਆ ਖ਼ਾਨ ਨੇ ਸਿੱਖਾਂ ਦੀ ਨਸਲਕੁਸ਼ੀ ਦੀ ਮੁਹਿੰਮ ਜਾਰੀ ਰੱਖੀ। ਸਿੰਘਾਂ ਦੇ ਸਿਰਾਂ ਦੇ ਇਨਾਮ ਰੱਖੇ ਗਏ। ਸਿੰਘਾਂ ਨੂੰ ਜੰਗਲ-ਬੇਲਿਆਂ ਵਿਚ

ਰਹਿਣਾ ਪਿਆ। ਪੰਜਾਬ ਛੱਡ ਕੇ ਪ੍ਰਦੇਸਾਂ ਵਿਚ ਰਹਿਣਾ ਪਿਆ, ਪਰ ਜਦੋਂ ਵੀ ਸਿੰਘਾਂ ਨੂੰ ਮੌਕਾ ਮਿਲਿਆ, ਲਾਹੌਰ ਦੀ ਮੁਗ਼ਲ ਹਕੂਮਤ ਨਾਲ ਟੱਕਰ ਲੈਂਦੇ ਰਹੇ। ਸਿੱਖਾਂ ਨੇ 'ਖ਼ਾਲਸਾ ਸਿੱਖ ਰਾਜ' ਦੀ ਸਥਾਪਨਾ ਲਈ ਸੰਘਰਸ਼ ਜਾਰੀ ਰੱਖਿਆ। ਜ਼ਕਰੀਆ ਖ਼ਾਨ ਦੇ ਹੁਕਮ ਉੱਤੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤ ਸਰੋਵਰ ਅੰਮ੍ਰਿਤਸਰ ਸਾਹਿਬ ਫ਼ੌਜੀ ਪਹਿਰੇ ਲਗਾ ਦਿੱਤੇ ਗਏ। ਸਿੱਖਾਂ ਦੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ 'ਤੇ ਪਾਬੰਦੀ ਲਾ ਦਿੱਤੀ ਗਈ। ਜ਼ਕਰੀਆ ਖ਼ਾਨ ਸੂਬੇਦਾਰ ਲਾਹੌਰ ਦੇ ਹੁਕਮ ਉੱਤੇ ਚੌਧਰੀ ਮਸਲ-ਉਲ-ਦੀਨ (ਮੱਸਾ ਰੰਘੜ) ਮੰਡਿਆਲੇ ਵਾਲੇ ਨੇ ਫ਼ੌਜਦਾਰ ਬਣ ਕੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਪਲੰਘ ਡਾਹ ਕੇ, ਉਪਰ ਬੈਠ ਕੇ ਹੁੱਕੇ ਪੀਤੇ, ਕੰਜਰੀਆਂ ਨਚਾਈਆਂ, ਸ਼ਰਾਬਾਂ-ਕਬਾਬਾਂ ਦੇ ਦੌਰ ਚਲਾਏ ਅਤੇ ਉਸ ਦੀ ਅਗਵਾਈ ਵਿਚ ਅੰਮ੍ਰਿਤਸਰ ਦਾ ਅੰਮ੍ਰਿਤ ਸਰੋਵਰ ਪੂਰਿਆ ਜਾਣ ਲੱਗਾ। ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਖ਼ਬਰ ਸੁਣ ਕੇ ਬੁੱਢਾ ਜੌਹੜ (ਬੀਕਾਨੇਰ) ਤੋਂ ਦੋ ਜੁਝਾਰੂ ਬੱਬਰ ਸ਼ੇਰ ਸਿੰਘਾਂ, ਸਰਦਾਰ ਮਹਿਤਾਬ ਸਿੰਘ ਮੀਰਾਂਕੋਟ, ਸਰਦਾਰ ਸੁੱਖਾ ਸਿੰਘ ਮਾੜੀ ਕੰਬੋਕੀ ਵਾਲੇ ਬਹਾਦਰ ਸੂਰਮੇ ਦਿਨ-ਦਿਹਾੜੇ 12 ਵਜੇ 6 ਮਈ 1740, ਮੁਤਾਬਕ 12 ਜੇਠ 1797 ਬਿਕ੍ਰਮੀ ਨੂੰ ਚੌਧਰੀ ਮੱਸਾ ਰੰਘੜ ਦਾ ਸਿਰ ਵੱਢ ਕੇ ਲੈ ਗਏ। ਅਬਦੁੱਲ ਸਮੱਦ ਖ਼ਾਂ (ਦਲੇਰੇ-ਜੰਗ) ਅਤੇ ਉਸ ਦੇ ਪੁੱਤਰ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਦੇ ਸਿੱਖਾਂ ਉੱਤੇ ਕੀਤੇ ਜ਼ੁਲਮਾਂ ਨੂੰ ਭਾਈ ਰਤਨ ਸਿੰਘ ਭੰਗੂ ਗੁਰ ਪੰਥ ਪ੍ਰਕਾਸ਼ ਪੰਨਾ 301-302 ਉੱਤੇ ਇਸ ਤਰ੍ਹਾਂ ਬਿਆਨ ਕਰਦੇ ਹਨ :

ਦੋਹਰਾ— ਸੱਤਰਾਂ ਸੈ ਪਚਾਨਵੈ, ਖਾਨ ਬਹਾਦਰ ਨਵਾਬ।
ਉਨ ਬਹੁ ਦੁਖ ਸਿੰਘਨ ਦਯੋ, ਪਾਪੀ ਬਡੋ ਖਰਾਬ ।੧।
ਮਨੀ ਸਿੰਘ ਜਬ ਮਾਰਯੋ, ਬੰਦ ਬੰਦ ਤਿਸੈ ਕਟਾਇ।
ਔਰ ਸਿੰਘ ਥੇ ਜੋ ਮਰੇ, ਕੋ ਸਭ ਸਕੇ ਗਿਨਾਇ ।੨।

ਚੌਪਈ— ਕਈ ਚਰਖ, ਕਈ ਫਾਂਸੀ ਮਾਰੇ,
ਕਈ ਤੋਪਨ, ਕਈ ਛੁਰੀ ਕਟਾਰੇ।
ਕਈਅਨ ਕੈ ਸਿਰ ਮੁੰਗਲੀ ਕੁੱਟੇ,
ਕਈ ਡੋਬੇ, ਕਈ ਘਸੀਟ ਸੁ ਸੁੱਟੇ ।੩।
ਕੱਥੋ, ਟੰਗੇ, ਬੰਦੂਖਨ ਦਏ ਮਾਰ,
ਕੌਣ ਗਨੈ, ਜੋ ਮਰੇ ਹਜ਼ਾਰ।
ਪਾਂਤ ਪਾਂਤ ਕਹੀ ਪਕੜ ਬਹਾਏ,
ਸਾਥ ਤੇਗਨ ਕੇ ਸੀਸ ਉਡਾਏ ।੪।
ਕਿਸੇ ਹੱਥ, ਕਿਸੇ ਟੰਗ ਕਟਵਾਇ,
ਅੱਖ ਕੱਢ ਕਿਸੇ ਖੱਲ ਲੁਹਾਇ।

ਕੇਸਨ ਵਾਲੇ ਜੋ ਨਰ ਹੋਈ,
ਬਾਲ ਬਿਰਧ ਲੱਭ ਛੱਡੋ ਨਾ ਕੋਈ।੫।

17 ਦਸੰਬਰ ਸੰਨ 1715 ਨੂੰ ਬਾਬਾ ਬੰਦਾ ਸਿੰਘ ਬਹਾਦਰ ਤੇ 700 ਸਾਥੀ ਸਿੰਘਾਂ ਦੀ ਗੁਰਦਾਸ ਨੰਗਰ ਦੀ ਗੜ੍ਹੀ ਵਿਚੋਂ ਹੋਈ ਗ੍ਰਿਫ਼ਤਾਰੀ ਨਾਲ ਅਤੇ ਮਾਝੇ ਦੇ ਇਲਾਕੇ ਵਿਚੋਂ ਅਮਨ-ਚੈਨ ਨਾਲ ਵੱਸਦੇ ਸਿੱਖਾਂ ਦੀ ਫੜੋ-ਫੜਾਈ ਨਾਲ, ਸਿੱਖਾਂ ਨੂੰ ਗ੍ਰਿਫ਼ਤਾਰ ਕਰ ਕੇ ਅਜੀਬੋ-ਗਰੀਬ ਜਲੂਸ ਦੀ ਸ਼ਕਲ ਵਿਚ ਦਿੱਲੀ ਲਿਜਾ ਕੇ 5 ਮਾਰਚ ਤੋਂ 11 ਮਾਰਚ 1716 ਤਕ 2000 ਸਿੱਖਾਂ ਦੀ ਲੋਕਾਂ ਸਾਹਮਣੇ ਬੇਰਹਿਮੀ ਨਾਲ ਕੀਤੀ ਗਈ ਕਤਲੇਆਮ ਅਤੇ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਹਨਾਂ ਦੇ ਪ੍ਰਮੁੱਖ ਸਾਥੀਆਂ ਸਰਦਾਰ ਬਾਜ ਸਿੰਘ, ਸਰਦਾਰ ਫ਼ਤਹਿ ਸਿੰਘ, ਸਰਦਾਰ ਮਾਲੀ ਸਿੰਘ, ਸਰਦਾਰ ਗੁਲਾਬ ਸਿੰਘ ਮੁੱਖ ਤੌਰ 'ਤੇ ਅਤੇ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਚਾਰ ਸਾਲ ਦੇ ਬੇਟੇ ਅਜੈ ਸਿੰਘ, ਇਹਨਾਂ ਸਾਰਿਆਂ ਨੂੰ 19 ਜੂਨ ਸੰਨ 1716 ਨੂੰ ਸਰਬਰਾਹ ਖ਼ਾਨ ਕੋਤਵਾਲ ਅਤੇ ਇਬਰਾਹੀਮ-ਉਦੀਨ ਖ਼ਾਨ ਮੀਰਿ ਆਤਸ਼ ਦੀ ਨਿਗਰਾਨੀ ਹੇਠ ਇਕ ਜਲੂਸ ਦੀ ਸ਼ਕਲ ਵਿਚ ਕੁਤਬ ਮੀਨਾਰ ਦੇ ਨੇੜੇ ਖ਼ੁਆਜਾ ਕੁਤਬੁਦੀਨ ਬਖ਼ਤਿਆਰ ਕਾਕੀ ਦੇ ਰੋਜ਼ੇ ਪਾਸ ਹੋਈ ਸ਼ਹਾਦਤ ਨਾਲ ਸਿੱਖਾਂ ਉੱਤੇ ਜ਼ਕਰੀਆ ਖ਼ਾਨ (ਖ਼ਾਨ ਬਹਾਦਰ) ਦੇ ਜ਼ੁਲਮਾਂ ਦਾ ਆਰੰਭ ਹੋਇਆ ਸੀ, ਜੋ ਸੰਤ ਸਰੂਪ, ਹਠੀ, ਜਪੀ, ਤਪੀ, ਸੰਤ ਸਿਪਾਹੀ ਭਾਈ ਤਾਰੂ ਸਿੰਘ ਜੀ ਦੇ ਪੈਰ ਦੀ ਜੁੱਤੀ ਨਾਲ ਲਾਹੌਰ ਦੇ ਸੂਬੇਦਾਰ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਦਾ 1 ਜੁਲਾਈ ਸੰਨ 1745 ਨੂੰ ਅੰਤ ਹੋ ਗਿਆ। ਜ਼ਕਰੀਆ ਖ਼ਾਨ ਬਹਾਦਰ ਸੂਬੇਦਾਰ ਲਾਹੌਰ ਦੀ ਕੁਮੌਤ ਅਤੇ ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਇਕੋ ਦਿਨ 1 ਜੁਲਾਈ ਸੰਨ 1745 ਨੂੰ ਹੋਈ ਹੈ।

-ਭਾਈ ਮਨਿੰਦਰ ਸਿੰਘ ਬਾਜਾ (ਹਿਸਟੋਰੀਅਨ)
ਪਿੰਡ ਬਾਜਾ ਮਰਾੜ੍ਹ, ਡਾਕਖ਼ਾਨਾ ਬਰੀਵਾਲਾ
ਤਹਿਸੀਲ ਅਤੇ ਜ਼ਿਲਾ ਮੁਕਤਸਰ
ਫ਼ੋਨ: 98150-14647

ੴ ਸਤਿਗੁਰ ਪ੍ਰਸਾਦਿ ॥

ਜਾਂਬਾਜ਼ ਯੋਧੇ

ਕਾਂਡ 1

"ਮਤਾਬ ਸਿੰਘ ਨੇ ਐਸ ਬਿਚਾਰੀ।
ਤਾਰੂ ਸਿੰਘ ਸੰਗ ਕਰੀਏ ਤਿਆਰੀ।
ਹਮਰੋ ਉਸ ਕੋ ਹੁਤੋ ਸੁਨੇਹ।
ਉਸ ਕੇ ਹੀ ਸੰਗ ਤਜੀਏ ਦੇਹ।੪।

(ਗੁਰ ਪੰਥ ਪ੍ਰਕਾਸ਼, ਰਤਨ ਸਿੰਘ ਭੰਗੂ, ਪੰਨਾ ੩੬੯)

"ਸੁਣਾ ਭਾਊ ਨੰਬਰਦਾਰਾ, ਕੀ ਖ਼ਬਰਾਂ ਲਾਹੌਰ ਦੀਆਂ। ਖਾਨੂੰ (ਜ਼ਕਰੀਆ ਖ਼ਾਨ) ਕੀ ਆਖਦਾ ਸੀ ? ਕੀ ਸੋਚਦਾ ਸੀ ਮੀਟਿੰਗ ਵਿਚ ਸਿੰਘਾਂ ਬਾਰੇ ?" ਸਰਦਾਰ ਮਹਿਤਾਬ ਸਿੰਘ ਨੇ ਆਪਣੇ ਪੱਗ-ਵੱਟ ਭਰਾ ਨੰਬਰਦਾਰ ਨੱਥੇ ਚੌਧਰੀ ਨੂੰ ਸੰਬੋਧਨ ਹੁੰਦੇ ਹੋਏ ਆਖਿਆ।

ਨੱਥਾ ਨੰਬਰਦਾਰ, "ਵੀਰ ਮਹਿਤਾਬ ਸਿੰਘ ਜੀ, ਕੀ ਦੱਸਾਂ ਲਾਹੌਰ ਦੀਆਂ ਖ਼ਬਰਾਂ ? ਇਹ ਜ਼ਕਰੀਆ ਖ਼ਾਨ ਬੜਾ ਪੱਥਰ ਦਿਲ ਹਾਕਮ ਹੈ। ਪਹਿਲਾਂ ਇਸ ਦੇ ਪਿਉ ਅਬਦੁੱਲ ਸਮੱਦ ਖ਼ਾਨ ਨੇ ਸਿੰਘਾਂ ਨਾਲ ਕਿਹੜੀ ਘੱਟ ਕੀਤੀ ਹੈ। ਜਦੋਂ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਲੰਮੇ ਘੇਰੇ ਪਿੱਛੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਸੱਤ ਸੌ ਸਾਥੀਆਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ ਤਾਂ ਮਾਝੇ ਦੇ ਇਲਾਕੇ ਵਿਚੋਂ ਖੇਤੀ ਕਰਨ ਵਾਲੇ, ਅਮਨ-ਅਮਾਨ ਨਾਲ ਰਹਿਣ ਵਾਲੇ ਸਿੰਘਾਂ ਨੂੰ ਪਿੰਡਾਂ ਵਿਚੋਂ ਨਜਾਇਜ਼ ਫੜ ਕੇ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਜਲੂਸ ਦੀ ਸਕਲ ਵਿਚ ਦਿੱਲੀ ਦੇ ਬਾਦਸ਼ਾਹ ਫ਼ਰੁੱਖ਼ਸੀਅਰ ਦੇ ਪੇਸ਼ ਕੀਤਾ ਤੇ ਤਸੀਹੇ ਦੇ ਕੇ ਬੇਰਹਿਮੀ ਨਾਲ ਸਿੱਖਾਂ ਦੀ ਦਿੱਲੀ ਵਿਚ ਕਤਲੇਆਮ ਕੀਤੀ ਗਈ ਤੇ ਦਿੱਲੀ ਦੇ ਬਾਦਸ਼ਾਹ ਦੀ ਵਾਹ-ਵਾਹ ਖੱਟੀ। ਦਿੱਲੀ ਦੇ ਬਾਦਸ਼ਾਹ ਨੇ ਇਨਾਮ ਵਜੋਂ ਅਬਦੁੱਲ ਸਮੱਦ ਖ਼ਾਨ ਨੂੰ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ ਤੇ ਜ਼ਕਰੀਆ ਖ਼ਾਨ ਨੂੰ ਮੁਲਤਾਨ ਦਾ ਸੂਬੇਦਾਰ ਬਣਾ ਦਿੱਤਾ। ਅਬਦੁੱਲ ਸਮੱਦ ਖ਼ਾਨ ਆਪ ਤਾਂ ਮਰ ਗਿਆ ਤੇ

ਜ਼ਕਰੀਆ ਖ਼ਾਨ ਨੇ ਲਾਹੌਰ ਦਾ ਸੂਬੇਦਾਰ ਬਣਦਿਆਂ ਹੀ ਸਿੱਖਾਂ ਉੱਤੇ ਜ਼ੁਲਮ ਦਾ ਕੁਹਾੜਾ ਚਲਾਉਣਾ ਸ਼ੁਰੂ ਕਰ ਦਿੱਤਾ। ਬੱਸ ਹੁਣ ਇਹੋ ਭੂਤ ਸਵਾਰ ਹੋਇਆ ਜ਼ਕਰੀਆ ਖ਼ਾਨ ਦੇ ਸਿਰ ਉੱਤੇ ਕਿ ਸਿੰਘ ਰਾਜ ਦੇ ਵੈਰੀ ਹਨ। ਸਿੰਘ ਬਾਗੀ ਹਨ, ਸਰਕਾਰ ਨਾਲ ਟੱਕਰ ਲੈਂਦੇ ਹਨ। ਸਿੱਖ ਮਾਰੋ, ਫੜਾਉ, ਸਰਕਾਰ ਇਨਾਮ ਦੇਵੇਗੀ। ਇਹਨਾਂ ਇਨਾਮਾਂ ਦੇ ਲਾਲਚ ਵਿਚ ਆ ਕੇ ਤਾਂ ਮੁਸਲਮਾਨ ਚੌਧਰੀ ਚੁਗਲਾਂ ਦੇ ਨਾਲ-ਨਾਲ ਹਿੰਦੂ ਚੌਧਰੀ ਵੀ ਪਿੱਛੇ ਨਹੀਂ ਰਹੇ।" ਨੱਥੇ ਨੰਬਰਦਾਰ ਮੀਰਾਂਕੋਟ ਨੇ ਭਾਈ ਮਹਿਤਾਬ ਸਿੰਘ ਨੂੰ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਦੇ ਸਿੱਖਾਂ ਉੱਤੇ ਹੋ ਰਹੇ ਜ਼ੁਲਮ ਦੀ ਗੱਲ ਕਰਦਿਆਂ ਦੁਖੀ ਮਨ ਨਾਲ ਕਿਹਾ।

ਸਰਦਾਰ ਮਹਿਤਾਬ ਸਿੰਘ, "ਭਾਊ, ਕੋਈ ਗੱਲ ਨਹੀਂ, ਅੱਜ ਕੋਈ ਸਿੰਘਾਂ ਉੱਤੇ ਮੁਸੀਬਤਾਂ ਪਹਿਲੀ ਵਾਰ ਥੋੜੀ ਆਈਆਂ। ਸਾਡੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉੱਤੇ ਦੱਸੋ ਕਿਹੜੀ ਮੁਸੀਬਤ ਨਹੀਂ ਆਈ ? ਹਜ਼ਾਰਾਂ ਸਿੰਘ, ਆਪਣੇ ਪੁੱਤਰਾਂ ਤੋਂ ਪਿਆਰੇ, ਜ਼ਾਲਮ ਹਕੂਮਤ ਨਾਲ ਟੱਕਰ ਲੈਂਦਿਆਂ ਸ਼ਹੀਦ ਕਰਵਾਏ। ਆਪਣੇ ਚਾਰੇ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਜੀ, ਜਾਨ ਤੋਂ ਵੱਧ ਪਿਆਰੇ ਸਿੰਘ ਸ਼ਹੀਦ ਕਰਵਾ ਕੇ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਿਆ ਤੇ ਸਮਾਂ ਆਉਣ 'ਤੇ ਔਰੰਗਜ਼ੇਬ ਅਤੇ ਵਜ਼ੀਰ ਖ਼ਾਨ ਦੀਆਂ ਫ਼ੌਜਾਂ ਦੇ ਦੰਦ ਭੰਨੇ। ਜ਼ਾਲਮ ਹਕੂਮਤ ਦੀਆਂ ਜੜ੍ਹਾਂ ਪੁੱਟਣ ਲਈ ਸੰਘਰਸ਼ ਜਾਰੀ ਰੱਖਿਆ। ਜ਼ਕਰੀਆ ਖ਼ਾਨ ਵੀ ਜ਼ੋਰ ਲਾ ਲਵੇ, ਸਿੰਘਾਂ ਦਾ ਰਾਖਾ ਅਕਾਲ ਪੁਰਖ ਵਾਹਿਗੁਰੂ ਹੈ। ਸਿੰਘਾਂ ਨੂੰ ਮਾਰ ਕੇ ਕੋਈ ਨਹੀਂ ਮੁਕਾ ਸਕਦਾ। ਬਾਬਾ ਤਾਰਾ ਸਿੰਘ ਵਾਂ ਨੂੰ ਸਾਥੀਆਂ ਸਮੇਤ ਸ਼ਹੀਦ ਕਰ ਕੇ ਲਾਹੌਰ ਦੇ ਸੂਬੇਦਾਰ ਨੇ ਸਮਝਿਆ ਸੀ ਕਿ ਮੈਂ ਮਾਝੇ ਵਿਚੋਂ ਸਿੰਘਾਂ ਦੇ ਗੜ੍ਹ ਨੂੰ ਖ਼ਤਮ ਕਰ ਦਿੱਤਾ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸਿੰਘਾਂ ਨੇ ਜਥੇਬੰਦ ਹੋ ਕੇ ਲਾਹੌਰ ਦੀਆਂ ਗਸ਼ਤੀ ਫ਼ੌਜਾਂ ਨਾਲ ਟੱਕਰ ਲੈ ਕੇ ਗੁਰੀਲਾ ਹਮਲਿਆਂ ਨਾਲ ਨੱਕ ਵਿਚ ਦਮ ਕਰ ਦਿੱਤਾ।"

ਨੱਥਾ ਨੰਬਰਦਾਰ, "ਭਾਈ ਮਹਿਤਾਬ ਸਿੰਘ ਜੀ, ਇਹੋ ਰੋਣੇ ਤੁਹਾਡੀ ਗੱਲ ਵਾਲੇ ਜ਼ਕਰੀਆ ਖ਼ਾਨ ਰੋਂਦਾ ਪਿਆ ਸੀ। ਅਖੇ, ਸਿੰਘਾਂ ਦੇ ਗਸ਼ਤੀ ਫ਼ੌਜਾਂ ਉੱਤੇ ਹਮਲੇ ਵਧ ਗਏ ਹਨ। ਸਿੰਘ ਸਰਕਾਰੀ ਖ਼ਜ਼ਾਨੇ ਲੁੱਟਣ ਲੱਗ ਪਏ ਹਨ। ਸਰਕਾਰੀ ਅਫ਼ਸਰਾਂ ਨੂੰ ਕਤਲ ਕਰ ਰਹੇ ਹਨ। ਹਕੂਮਤ ਉਨਾ ਚਿਰ ਚੈਨ ਨਾਲ ਨਹੀਂ ਬੈਠ ਸਕਦੀ, ਜਿੰਨਾ ਚਿਰ ਸਿੰਘਾਂ ਨੂੰ ਖ਼ਤਮ ਨਹੀਂ ਕਰ ਦਿੰਦੀ। ਚੌਧਰੀਆਂ, ਚੁਗਲਾਂ ਨੂੰ ਹਦਾਇਤਾਂ ਕੀਤੀਆਂ ਹਨ ਕਿ ਸਿੰਘਾਂ ਨੂੰ ਮਾਰੋ, ਫ਼ੌਜ ਨੂੰ ਇਤਲਾਹ ਦੇ ਕੇ ਫੜਾਉ। ਜਿਸ ਚੌਧਰੀ ਦੇ ਪਿੰਡ ਵਿਚ ਕੋਈ ਸਿੰਘ ਰਹਿੰਦਾ ਹੋਵੇ, ਫ਼ੌਰਨ ਫੜਾਉ। ਜਿਸ ਦੇ ਘਰ ਸਿੰਘ ਆਉਣ, ਉਹ ਸਿੰਘਾਂ ਨੂੰ ਰੋਟੀ, ਅੰਨ-ਪਾਣੀ ਨਾ ਦੇਵੇ। ਜਿਹੜੇ ਚੌਧਰੀ ਸਿੰਘਾਂ ਨੂੰ ਫੜਾਉਣ ਵਿਚ ਸਹਿਯੋਗ ਨਹੀਂ ਦੇਣਗੇ, ਉਹਨਾਂ ਦੀ ਚੌਧਰ ਖੋਹ ਕੇ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ। ਜਿਹੜੇ ਸਿੰਘਾਂ ਨੂੰ ਫੜਾਉਣ ਲਈ,

ਖ਼ਤਮ ਕਰਨ ਲਈ ਸਹਿਯੋਗ ਦੇਣਗੇ, ਉਹਨਾਂ ਨੂੰ ਸਰਕਾਰ ਵੱਲੋਂ ਇਨਾਮ ਦਿੱਤਾ ਜਾਵੇਗਾ।"

ਨੰਬਰਦਾਰ ਨੱਥਾ ਖਹਿਰਾ, "ਭਾਈ ਮਹਿਤਾਬ ਸਿੰਘ ਜੀ, ਚੌਕਸ ਰਹਿਣ ਦੀ ਲੋੜ ਹੈ। ਇਨਾਮਾਂ ਦੇ ਲਾਲਚ ਨੇ ਪੱਤਾ-ਪੱਤਾ ਸਿੰਘਾਂ ਦਾ ਵੈਰੀ ਬਣਾ ਦਿੱਤਾ ਹੈ। ਸਿੰਘਾਂ ਦੀ ਭਾਲ ਵਿਚ ਗਸ਼ਤੀ ਫ਼ੌਜਾਂ ਨੇ ਪਿੰਡ ਵਿਚ ਆਉਣਾ ਸ਼ੁਰੂ ਕਰ ਦਿੱਤਾ ਹੈ।"

ਸਰਦਾਰ ਮਹਿਤਾਬ ਸਿੰਘ, "ਭਾਊ ਨੰਬਰਦਾਰਾ, ਕੋਈ ਡਰ ਨਹੀਂ। ਸਿੰਘ ਤਾਂ ਹਮੇਸ਼ਾ ਅਕਾਲ ਪੁਰਖ ਵਾਹਿਗੁਰੂ ਤੇ ਕਿਰਪਾਨ ਦੇ ਆਸਰੇ ਜੀਉਂਦਾ ਹੈ। ਹੁਣ ਉਸੇ ਤਰ੍ਹਾਂ ਫ਼ੈਸਲਾ ਕੀਤਾ ਜਾਵੇਗਾ, ਜਿਵੇਂ ਖ਼ਾਲਸਾ ਪੰਥ ਦਾ ਹੁਕਮ ਹੋਵੇਗਾ।"

"ਚੱਲ ਭਾਊ, ਹੁਣ ਪਿੰਡ ਨੂੰ ਚੱਲੀਏ।" ਬਾਹਰ ਖੇਤਾਂ ਵਿਚ ਬੈਠੇ ਭਾਈ ਮਹਿਤਾਬ ਸਿੰਘ ਨੇ ਨੰਬਰਦਾਰ ਨੱਥੇ ਨੂੰ ਆਖਿਆ।

ਨੱਥਾ ਨੰਬਰਦਾਰ, "ਚੰਗਾ ਭਾਈ ਮਹਿਤਾਬ ਸਿੰਘ ਜੀ, ਕੱਲ੍ਹ ਨੂੰ ਸਵੇਰੇ ਖੂਹ 'ਤੇ ਬੈਠ ਕੇ ਆਪਣੇ ਖੇਤਾਂ ਵਿਚ ਦੁੱਖ-ਸੁੱਖ ਸਾਂਝੇ ਕਰਾਂਗੇ।"

"ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।"

ਦੋਵਾਂ ਭਰਾਵਾਂ ਨੇ ਗੁਰੂ ਫ਼ਤਹਿ ਬੁਲਾਈ ਤੇ ਨੱਥਾ ਨੰਬਰਦਾਰ ਆਪਣੇ ਪਿੰਡ ਮੀਰਾਂਕੋਟ ਕਲਾਂ (ਵੱਡੇ) ਅਤੇ ਭਾਈ ਮਹਿਤਾਬ ਸਿੰਘ ਮੀਰਾਂਕੋਟ ਖੁਰਦ (ਛੋਟੇ) ਨੂੰ ਤੁਰ ਪਏ। ਗਰਮੀਆਂ ਦੇ ਦਿਨ ਸਨ। ਸੂਰਜ ਅਸਤ ਹੋ ਰਿਹਾ ਸੀ। ਭਾਈ ਮਹਿਤਾਬ ਸਿੰਘ ਜੀ ਰਹਰਾਸਿ ਸਾਹਿਬ ਜੀ ਦਾ ਪਾਠ ਕਰਦੇ ਹੋਏ ਹੌਲੀ-ਹੌਲੀ ਘਰ ਨੂੰ ਜਾ ਰਹੇ ਸਨ। ਨੱਥਾ ਨੰਬਰਦਾਰ, ਪੱਗ-ਵੱਟ ਭਰਾ ਸਰਦਾਰ ਮਹਿਤਾਬ ਸਿੰਘ ਦੇ ਅੰਮ੍ਰਿਤਧਾਰੀ ਹੋਣ 'ਤੇ ਭਰਾ ਦੀ ਜ਼ਿੰਦਗੀ ਦੇ ਭਵਿੱਖ ਬਾਰੇ ਅਤੇ ਜ਼ਕਰੀਆ ਖ਼ਾਨ ਬਹਾਦਰ ਦੀ ਸਿੱਖ-ਮਾਰੂ ਨੀਤੀ ਦੇ ਜ਼ੁਲਮਾਂ ਬਾਰੇ ਸੋਚਾਂ ਸੋਚਦਾ ਜਾ ਰਿਹਾ ਸੀ ਕਿ ਹੁਣ ਕੀ ਹੋਵੇਗਾ ?

ਕਾਂਡ 2

ਜ਼ਕਰੀਆ ਖ਼ਾਨ ਬਹਾਦਰ ਨੇ ਅੱਜ ਕੋਈ ਸਿੱਖਾਂ ਨੂੰ ਖ਼ਤਮ ਕਰਨ ਦਾ ਨਵਾਂ ਐਲਾਨ ਤਾਂ ਨਹੀਂ ਕੀਤਾ। ਇਸ ਦੁਸ਼ਟ ਨੇ ਪਹਿਲਾਂ ਵੀ ਕੋਈ ਕਸਰ ਨਹੀਂ ਛੱਡੀ ਸਿੰਘਾਂ ਨੂੰ ਖ਼ਤਮ ਕਰਨ ਦੀ। ਕਾਜ਼ੀ ਅਬਦੁਲ ਰਹਿਮਾਨ ਨੂੰ ਫ਼ੌਜ ਦੇ ਕੇ ਅੰਮ੍ਰਿਤਸਰ ਦਾ ਪ੍ਰਬੰਧ ਉਸ ਨੂੰ ਸੌਂਪ ਛੱਡਿਆ ਹੈ। ਸ੍ਰੀ ਹਰਿਮੰਦਰ ਸਾਹਿਬ ਦੁਆਲੇ ਫ਼ੌਜੀ ਪਹਿਰਾ ਬਿਠਾ ਕੇ ਸ਼ਾਹੀ ਕਬਜ਼ਾ ਕੀਤਾ ਹੋਇਆ ਹੈ। ਕਾਜ਼ੀ ਅਬਦੁੱਲ ਰਹਿਮਾਨ ਨੇ ਆਪਣੀ ਫ਼ੌਜ ਦੀ ਤਾਕਤ ਦੇ ਨਸ਼ੇ ਵਿਚ ਐਲਾਨ ਕੀਤਾ ਕਿ 'ਹੈ ਕੋਈ ਗੁਰੂ ਦਾ ਸਿੰਘ ਜਿਹੜਾ ਮੇਰੇ ਹੁੰਦਿਆਂ ਹੁਣ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰੇ। ਮੈਂ ਫੇਰ ਸਿੰਘਾਂ ਨੂੰ ਸਿੰਘ-ਸ਼ੇਰ ਸਮਝੂੰ। ਇਹ ਕੋਈ ਸ਼ੇਰਾਂ ਦਾ ਕੰਮ ਨਹੀਂ, ਰਾਤ ਗਿੱਦੜਾਂ ਚੋਰਾਂ ਵਾਂਗੂ ਅੰਮ੍ਰਿਤਸਰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨਾ।'

ਕਾਜ਼ੀ ਦਾ ਇਹ ਐਲਾਨ ਜਦੋਂ ਸਿੰਘਾਂ/ਖ਼ਾਲਸਾ ਦਲਾਂ ਵਿਚ, ਜੰਗਲਾਂ ਬੇਲਿਆਂ ਵਿਚ ਪਹੁੰਚਿਆ ਤਾਂ ਖ਼ਾਲਸੇ/ਸਿੰਘਾਂ ਨੇ ਗੁਰਮਤਾ ਕੀਤਾ ਕਿ ਦਿਨ ਵੇਲੇ ਇਸ਼ਨਾਨ ਜ਼ਰੂਰ ਕੀਤਾ ਜਾਵੇ। ਖ਼ਾਲਸੇ ਦੇ ਅਸਲੀ ਸਰੂਪ ਦਾ ਪ੍ਰਗਟਾਵਾ ਕੀਤਾ ਜਾਵੇ।

ਭਾਈ ਸੁੱਖਾ ਸਿੰਘ ਜੀ ਨੇ ਮੁਖੀ ਜਥੇਦਾਰਾਂ ਨਵਾਬ ਕਪੂਰ ਸਿੰਘ, ਜਥੇਦਾਰ ਬੁੱਢਾ ਸਿੰਘ, ਜਥੇਦਾਰ ਸ਼ਾਮ ਸਿੰਘ ਨਾਰਲਾ ਨੂੰ ਬੇਨਤੀ ਕੀਤੀ। ਪੰਥ ਖ਼ਾਲਸਾ ਗੁਰੂ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਕਰੇ। ਇਕੱਲਾ ਸਿੰਘ ਸਤਿਗੁਰੂ ਦੀ ਮਿਹਰ ਨਾਲ ਦਿਨ ਵੇਲੇ ਇਸ਼ਨਾਨ ਕਰੇਗਾ। ਭਾਈ ਸੁੱਖਾ ਸਿੰਘ ਕੰਬੋਕੀ ਮਾੜੀ, ਮੁਸਲਮਾਨੀ ਭੇਸ ਵਿਚ ਅੰਮ੍ਰਿਤਸਰ ਅੰਮ੍ਰਿਤ ਸਰੋਵਰ ਦੇ ਕੰਢੇ ਪਹੁੰਚਿਆ। ਸਿਰ ਤੋਂ ਮੜਾਸਾ ਲਾਹ ਕੇ ਪਾਸੇ ਰੱਖ ਦਿੱਤਾ ਹੈ। ਦੂਜੇ ਕੱਪੜੇ ਵੀ ਲਾਹ ਕੇ ਸਰੋਵਰ ਕੇ ਕੰਢੇ ਰੱਖ ਦਿੱਤੇ ਹਨ। ਭਾਈ ਸੁੱਖਾ ਸਿੰਘ ਨੇ ਅੰਮ੍ਰਿਤ ਸਰੋਵਰ ਵਿਚ ਟੁੱਬਾ ਲਾਇਆ, ਇਸ਼ਨਾਨ ਕੀਤਾ। ਭਾਈ ਸੁੱਖਾ ਸਿੰਘ ਜੀ ਦੇ ਤੇੜ ਕਛਹਿਰਾ ਹੈ, ਉਹ ਵੀ ਗਿੱਲਾ ਹੈ, ਸਿਰ ਉੱਤੇ ਨੰਗੇ ਕੇਸਾਂ ਦਾ ਜੂੜਾ ਹੈ। ਸਿੱਖੀ ਦੀ ਪ੍ਰਤੱਖ ਨਿਸ਼ਾਨੀ ਹੈ। ਭਾਈ ਸੁੱਖਾ ਸਿੰਘ ਜੀ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਦਿੱਤੇ। ਘੋੜੇ ਉੱਤੇ ਸਵਾਰ ਹੋ ਕੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦਾ ਜਾ ਰਿਹਾ ਹੈ। ਕਾਜ਼ੀ ਅਬਦੁੱਲ ਰਹਿਮਾਨ ਦੇ ਫ਼ੌਜੀ ਸਰਦਾਰ ਸੁੱਖਾ ਸਿੰਘ ਨੂੰ ਫੜਨਾ ਚਾਹੁੰਦੇ ਸਨ

ਪਰ ਭਾਈ ਸੁੱਖਾ ਸਿੰਘ ਨੇ ਘੋੜੇ ਨੂੰ ਅੱਡੀ ਲਾ ਦਿੱਤੀ ਅਤੇ ਸਿਪਾਹੀਆਂ ਨੂੰ ਡਾਹ ਨਾ ਦਿੱਤੀ। ਕਾਜ਼ੀ ਅਬਦੁੱਲ ਰਹਿਮਾਨ ਦਾ ਗਰੂਰ ਸਰਦਾਰ ਸੁੱਖਾ ਸਿੰਘ ਦੀ ਬਹਾਦਰੀ ਨੇ ਚੂਰ-ਚੂਰ ਕਰ ਕੇ ਰੱਖ ਦਿੱਤਾ।

ਕਾਜ਼ੀ ਅਬਦੁੱਲ ਰਹਿਮਾਨ ਸਿਪਾਹੀਆਂ 'ਤੇ ਦੰਦੀਆਂ ਕਰੀਚ ਰਿਹਾ ਸੀ। 'ਤੁਸੀਂ ਤਨਖ਼ਾਹ ਕਾਹਦੀ ਲੈਂਦੇ ਹੋ, ਇਕ ਸਿੰਘ ਦਿਨੇ ਇਸ਼ਨਾਨ ਕਰ ਕੇ ਲਲਕਾਰਦਾ ਹੋਇਆ ਨੰਗੇ ਧੜ ਸਾਫ਼ ਬਚ ਕੇ ਨਿਕਲ ਜਾਵੇ। ਲਾਹਨਤ ਹੈ ਤੁਹਾਡੀ ਮਰਦਾਨਗੀ ਉੱਤੇ।' ਭਾਈ ਸੁੱਖਾ ਸਿੰਘ ਜੀ ਬਾਬਾ ਬੁੱਢਾ ਸਾਹਿਬ ਜੀ ਦੀ ਬੀੜ (ਜੰਗਲ) ਵਿਚ ਸਿੰਘਾਂ ਦੇ ਜਥੇ ਪਾਸ ਪਹੁੰਚ ਗਿਆ। ਸਿੰਘਾਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਸਵਾਗਤ ਕੀਤਾ। ਕੁਝ ਦਿਨਾਂ ਪਿੱਛੋਂ ਸਿੰਘਾਂ ਨੇ ਗੁਰਮਤਾ ਕੀਤਾ ਕਿ ਕਾਜ਼ੀ ਅਬਦੁੱਲ ਰਹਿਮਾਨ ਦੀ ਖ਼ਬਰ ਕਰਾਰੇ ਹੱਥੀਂ ਲਈ ਜਾਵੇ। ਭਾਈ ਸੁੱਖਾ ਸਿੰਘ ਜੀ, ਭਾਈ ਥਰਾਜ ਸਿੰਘ ਜੀ (ਭਤੀਜਾ ਭਾਈ ਮਨੀ ਸਿੰਘ ਜੀ ਸ਼ਹੀਦ) ਨੇ ਪੰਜਾਹ ਸਿੰਘਾਂ ਦਾ ਜਥਾ ਲੈ ਕੇ ਚੜ੍ਹਾਈ ਕਰ ਦਿੱਤੀ। ਤੜਕੇ ਹੀ ਅੰਮ੍ਰਿਤ ਵੇਲੇ ਅੰਮ੍ਰਿਤਸਰ ਪਹੁੰਚ ਕੇ ਪੰਜਾਹ ਸਿੰਘਾਂ ਦਾ ਜੱਥਾ ਗਿੱਲਾਂਵਾਲੀ ਦਰਵਾਜ਼ੇ ਤੋਂ ਬਾਹਰ ਤਿਆਰ-ਬਰ-ਤਿਆਰ ਹੋ ਗਿਆ। ਭਾਈ ਸੁੱਖਾ ਸਿੰਘ ਜੀ, ਭਾਈ ਥਰਾਜ ਸਿੰਘ ਜੀ ਘੋੜਿਆਂ ਉੱਤੇ ਸਵਾਰ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਸਰੋਵਰ ਕੰਢੇ ਪਹੁੰਚ ਪਏ। ਸਿੰਘਾਂ ਨੇ ਇਸ਼ਨਾਨ ਕਰ ਕੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਦਿੱਤੇ। ਸ੍ਰੀ ਹਰਿਮੰਦਰ ਸਾਹਿਬ ਦੇ ਦੁਆਲੇ ਬੈਠੇ ਪਹਿਰੇਦਾਰਾਂ ਵਿਚ ਭਾਜੜ ਪੈ ਗਈ। 'ਸਿੱਖ ਆ ਗਏ, ਸਿੱਖ ਆ ਗਏ' ਦਾ ਰੌਲਾ ਪੈ ਗਿਆ। ਜਿਧਰ ਕਿਸੇ ਦਾ ਮੂੰਹ ਹੋਇਆ, ਭੱਜੀ ਜਾਵੇ। ਕਾਜ਼ੀ ਅਬਦੁੱਲ ਰਹਿਮਾਨ ਨੇ ਫ਼ੌਜ ਦਾ ਹੌਸਲਾ ਵਧਾਉਣ ਲਈ ਲਲਕਾਰਿਆ, "ਫੜ ਲਓ ਜਵਾਨੋ, ਸਿੰਘ ਥੋੜ੍ਹੇ ਈ ਆ, ਬਚ ਕੇ ਨਿਕਲ ਨਾ ਜਾਣ।"

ਭਾਈ ਸੁੱਖਾ ਸਿੰਘ, ਭਾਈ ਥਰਾਜ ਸਿੰਘ ਜੀ ਆਪਣੀ ਯੁੱਧ-ਨੀਤੀ ਅਨੁਸਾਰ ਹੌਲੀ-ਹੌਲੀ ਗਿੱਲਾਂਵਾਲੀ ਦਰਵਾਜ਼ੇ ਵੱਲ ਜਾ ਰਹੇ ਸਨ। ਕਾਜ਼ੀ ਅਬਦੁੱਲ ਰਹਿਮਾਨ ਨੇ ਆਪਣੇ ਪੁੱਤਰ ਅਤੇ ਦੋ ਸੌ ਸਿਪਾਹੀ ਲੈ ਕੇ ਸਿੰਘਾਂ ਦਾ ਪਿੱਛਾ ਕੀਤਾ। ਕਾਜ਼ੀ ਅਬਦੁੱਲ ਰਹਿਮਾਨ ਜਦੋਂ ਫ਼ੌਜੀ ਦਸਤੇ ਸਮੇਤ ਗਿੱਲਾਂਵਾਲੀ ਦਰਵਾਜ਼ੇ ਤੋਂ ਬਾਹਰ ਹੋਇਆ ਤਾਂ ਅੱਗੇ ਸਿੰਘ ਭੁੱਖੇ ਸ਼ੇਰਾਂ ਵਾਂਗ ਤਲਵਾਰਾਂ ਸੂਤ ਕੇ ਕਾਜ਼ੀ ਦੀ ਫ਼ੌਜ ਉੱਤੇ ਝਪਟ ਪਏ। ਸਿੰਘ ਸ਼ੇਰਾਂ ਦੇ ਹੱਲੇ ਵਿਚ ਕਾਜ਼ੀ ਅਬਦੁੱਲ ਰਹਿਮਾਨ, ਉਸ ਦਾ ਪੁੱਤਰ ਅਤੇ ਦੋ ਸੌ ਸਿਪਾਹੀ ਸਿੰਘਾਂ ਦੇ ਹੱਥੋਂ ਮਾਰੇ ਗਏ। ਸਿੰਘਾਂ ਨੇ ਇਕ ਹੱਲੇ ਵਿਚ ਇਕ ਵੀ ਸਿਪਾਹੀ ਸੁੱਕਾ ਨਾ ਛੱਡਿਆ। ਸਿੰਘਾਂ ਨੇ ਫ਼ੌਜ ਦੇ ਸ਼ਸਤਰ ਤੇ ਘੋੜੇ ਸੰਭਾਲੇ ਅਤੇ ਆਪਣੇ ਜ਼ਖ਼ਮੀ ਸਾਥੀਆਂ ਨੂੰ ਨਾਲ ਲੈ ਕੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦੇ ਹੋਏ ਜੰਗਲ-ਬੇਲੇ ਨੂੰ ਨਿਕਲ ਗਏ।

ਸਿੰਘ ਫ਼ਤਹਿ ਦੇ ਜੈਕਾਰੇ ਗਜਾਉਂਦੇ ਹੋਏ, ਕਾਜ਼ੀ ਅਬਦੁੱਲ ਰਹਿਮਾਨ ਦੀ ਸੁਧਾਈ ਕਰ ਕੇ ਚੜ੍ਹਦੀ ਕਲਾ ਵਿਚ ਜਥੇ ਨੂੰ ਜਾ ਮਿਲੇ। ਸਿੰਘ ਹਮੇਸ਼ਾਂ ਆਪਣੀਆਂ

ਲੋੜਾਂ (ਸ਼ਸਤਰ, ਘੋੜੇ) ਵੀ ਜੰਗ ਦੇ ਮੈਦਾਨ ਵਿਚੋਂ ਹੀ ਹਾਸਲ ਕਰ ਲੈਂਦੇ ਸਨ।

ਜਦੋਂ ਜ਼ਕਰੀਆ ਖ਼ਾਨ ਬਹਾਦਰ ਸੂਬੇਦਾਰ ਲਾਹੌਰ ਨੂੰ ਕਾਜ਼ੀ ਅਬਦੁੱਲ ਰਹਿਮਾਨ ਅਤੇ ਫ਼ੌਜ ਦੇ ਕਤਲੇਆਮ ਦੀ ਖ਼ਬਰ ਮਿਲੀ ਤਾਂ ਉਸ ਨੇ ਸਿੰਘਾਂ ਨੂੰ ਖ਼ਤਮ ਕਰਨ ਲਈ ਹੋਰ ਗਸ਼ਤੀ ਟੋਲੇ ਤੋਰ ਦਿੱਤੇ, ਜੋ ਸਿੰਘਾਂ ਦੀ ਭਾਲ ਵਿਚ ਪਿੰਡਾਂ ਵਿਚ ਹਰਲ-ਹਰਲ ਕਰਨ ਲੱਗੇ। ਚੌਧਰੀ ਚੁਗਲ ਪਿੰਡਾਂ ਵਿਚ ਵੱਸਦੇ ਸਿੱਖਾਂ ਨੂੰ ਖੇਤੀ ਕਰਦਿਆਂ ਨੂੰ ਫ਼ੌਜ ਨੂੰ ਫੜਾਉਣ ਲੱਗ ਪਏ। ਜ਼ਕਰੀਆ ਖ਼ਾਨ ਬਹਾਦਰ ਨੇ ਚੌਧਰੀਆਂ ਨੂੰ ਵੀ ਗਸ਼ਤੀ ਫ਼ੌਜਾਂ ਦੇ ਟੋਲਿਆਂ ਦਾ ਫ਼ੌਜਦਾਰ ਨਿਯੁਕਤ ਕਰ ਦਿੱਤਾ। ਕਰਮਾ ਚੌਧਰੀ ਛੀਨੇ ਪਿੰਡ ਦਾ, ਧਰਮਾ ਛੀਨੇ ਪਿੰਡ ਦਾ, ਚੌਧਰੀ ਸਾਹਿਬ ਰਾਏ ਨੁਸ਼ਹਿਰੇ ਦਾ, ਮਹੰਤ ਆਕਲ ਦਾਸ, ਹਰਭਗਤ ਨਿਰੰਜਨੀਆ ਜੰਡਿਆਲਾ ਗੁਰੂ ਦੇ, ਰਾਮਾ ਰੰਧਾਵਾ ਘਨੀਏ ਵਾਲਾ, ਧਰਮ ਦਾਸ ਜੋਧ ਨਗਰ ਦਾ, ਸਨਮੁੱਖ ਰਾਏ ਵਡਾਲੀ ਦਾ, ਰਾਏ ਬਖਤਾ ਮਜੀਠੇ ਦਾ, ਰਾਏ ਹਸਨਾ ਮੰਡਿਆਲੇ ਦਾ, ਰੈਣਾ ਮੱਲ ਭੀਲੋਵਾਲ ਦਾ ਅਤੇ ਸਲਾਬਤ ਖ਼ਾਨ ਠਰੂ ਦਾ ਫ਼ੌਜੀ ਦਸਤੇ ਲੈ ਕੇ ਸਿੰਘਾਂ ਨੂੰ ਪਿੰਡਾਂ ਵਿਚੋਂ ਫੜ ਕੇ ਲਾਹੌਰ ਭੇਜਣ ਲੱਗ ਪਏ। ਲਾਹੌਰ ਫੜ ਕੇ ਭੇਜੇ ਸਿੰਘਾਂ ਨੂੰ ਸਿੱਖ ਧਰਮ ਨਾ ਛੱਡਣ 'ਤੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ। ਜੁਝਾਰੂ ਸਿੰਘਾਂ ਦੀਆਂ ਗਸ਼ਤੀ ਫ਼ੌਜਾਂ ਨਾਲ ਝੜਪਾਂ ਹੋਣ ਲੱਗੀਆਂ। ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਦੀ ਸਖ਼ਤੀ ਨਾਲ ਸਿੰਘਾਂ ਦਾ ਪੰਜਾਬ (ਮਾਝੇ) ਵਿਚ ਰਹਿਣਾ ਔਖਾ ਹੋ ਗਿਆ। ਸਿੰਘਾਂ ਨੂੰ ਮਾਝੇ ਦਾ ਇਲਾਕਾ ਛੱਡਣ ਲਈ ਮਜਬੂਰ ਹੋਣਾ ਪਿਆ। ਸਿੰਘਾਂ ਦੇ ਜਥੇ ਜੈਸਲਮੇਰ, ਜੈਪੁਰ, ਜੋਧਪੁਰ, ਬੀਕਾਨੇਰ ਰਾਜਸਥਾਨ ਨੂੰ ਨਿਕਲ ਗਏ।

ਕਾਂਡ 3

ਝਬਾਲ ਦੇ ਇਲਾਕੇ ਵਿਚ ਬੀੜ ਬਾਬਾ ਬੁੱਢਾ ਸਾਹਿਬ ਦੇ ਨਾਲ ਲੱਗਦੇ ਜੰਗਲ ਵਿਚ ਸਿੰਘਾਂ ਦੇ ਜੱਥੇ ਇਕੱਠੇ ਹੋਣ ਲੱਗੇ। ਮੁਖੀਏ ਸਿੰਘਾਂ, ਨਵਾਬ ਕਪੂਰ ਸਿੰਘ, ਬਾਬਾ ਬੁੱਢਾ ਸਿੰਘ, ਜਥੇਦਾਰ ਸ਼ਾਮ ਸਿੰਘ ਨਾਰਲਾ ਆਦਿ ਨੇ ਫ਼ੈਸਲਾ ਕੀਤਾ ਕਿ ਸਿੰਘਾਂ ਨੂੰ ਪੰਜਾਬ ਛੱਡ ਕੇ ਪ੍ਰਦੇਸਾਂ ਵਿਚ ਚਲੇ ਜਾਣਾ ਚਾਹੀਦਾ ਹੈ। ਖ਼ਾਲਸਾ ਪੰਥ ਆਪਣੀ ਤਾਕਤ ਵਧਾ ਕੇ ਮੌਕਾ ਆਉਣ 'ਤੇ ਜ਼ਾਲਮ ਹਕੂਮਤ ਨਾਲ ਟੱਕਰ ਲਵੇ ਅਤੇ ਦੁਸ਼ਮਣਾਂ ਦੀ ਸੋਧ-ਸੋਧਾਈ ਵੀ ਕਰੇ। ਮਾਝੇ ਦੇ ਸਿੰਘਾਂ ਨੂੰ ਪਿੰਡਾਂ ਵਿਚ ਸੁਨੇਹੇ ਭੇਜੇ ਜਾਣ ਕਿ ਪੰਥ ਦਾ ਹੁਕਮ ਹੈ, ਸਿੰਘ ਪਿੰਡਾਂ ਵਿਚ ਸਹੀ-ਸਲਾਮਤ ਨਹੀਂ ਰਹਿ ਸਕਦੇ, ਇਸ ਲਈ ਜੰਗਲਾਂ ਵਿਚ ਪਹੁੰਚ ਜਾਉ।

ਭਾਈ ਮਹਿਤਾਬ ਸਿੰਘ ਮੀਰਾਂਕੋਟ, ਅੰਮ੍ਰਿਤ ਵੇਲੇ ਸੁਚੇਤ ਪਾਣੀ/ਮੈਦਾਨ ਜਾ ਕੇ ਖੂਹ ਤੋਂ ਇਸ਼ਨਾਨ ਕਰ ਕੇ ਨਿਤਨੇਮ, ਜਪੁਜੀ ਸਾਹਿਬ ਦਾ ਪਾਠ ਕਰਦੇ ਹੋਏ ਘਰ ਨੂੰ ਆ ਰਹੇ ਸਨ। ਜਦੋਂ ਘਰ ਪੁੱਜੇ ਤਾਂ ਇਕ ਨੌਜਵਾਨ ਮੰਜੇ 'ਤੇ ਬੈਠਾ ਹੈ। ਘੋੜਾ ਕੋਲ ਕਿੱਲੇ ਨਾਲ ਬੱਝਾ ਹੈ। ਇਹ ਸਿੰਘ ਭਾਈ ਤਾਰੂ ਸਿੰਘ ਜੀ ਪੂਹਲੇ ਪਿੰਡ ਦਾ ਵਾਸੀ ਹੈ। ਭਾਈ ਮਹਿਤਾਬ ਸਿੰਘ ਜੀ ਭਾਈ ਤਾਰੂ ਸਿੰਘ ਜੀ ਨੂੰ ਪਹਿਲਾਂ ਹੀ ਜਾਣਦੇ ਹਨ। ਭਾਈ ਤਾਰੂ ਸਿੰਘ ਜੀ ਖ਼ਾਲਸਾ ਦਲਾਂ ਵਿਚ ਸਿੰਘਾਂ ਦੀ ਲੰਗਰ ਪਾਣੀ ਦੀ ਸੇਵਾ ਕਰਨ ਵਾਲਾ, ਸਿੰਘਾਂ ਦੀ ਹਰ ਪੱਖੋਂ ਸੇਵਾ ਕਰਨ ਕਰਕੇ ਜਾਣਿਆ ਜਾਂਦਾ ਸੀ।

ਭਾਈ ਮਹਿਤਾਬ ਸਿੰਘ ਤੇ ਭਾਈ ਤਾਰੂ ਸਿੰਘ ਜੀ ਨੇ ਗੁਰ ਫ਼ਤਹਿ ਗਜਾਈ, 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ'। ਦੋਵੇਂ ਬਹਾਦਰ ਸਿੰਘ ਜੱਫੀ ਪਾ ਕੇ ਮਿਲੇ ਹਨ। ਪਰਿਵਾਰਕ ਸੁੱਖ-ਸਾਂਦ ਪੁੱਛੀ ਹੈ।

ਭਾਈ ਮਹਿਤਾਬ ਸਿੰਘ, "ਸੁਣਾਉ ਭਾਈ ਸਾਹਿਬ ਜੀ, ਕਿਵੇਂ ਦਿੱਤੇ ਅੰਮ੍ਰਿਤ ਵੇਲੇ ਦਰਸ਼ਨ? ਹੋਰ ਸੁਣਾਉ, ਮਾਤਾ ਜੀ, ਭੈਣ ਜੀ ਰਾਜ਼ੀ-ਖ਼ੁਸ਼ੀ ਹਨ?"

ਭਾਈ ਤਾਰੂ ਸਿੰਘ, "ਭਾਈ ਸਾਹਿਬ ਜੀਉ, ਹੋਰ ਤਾਂ ਸਭ ਸੁੱਖ-ਸਾਂਦ ਹੈ। ਰਾਤ ਭਾਈ ਸੁੱਖਾ ਸਿੰਘ ਜੀ ਕੰਬੋਕੀ ਮਾੜੀ ਵਾਲੇ ਜਥੇ ਦੇ ਕੁਝ ਸਿੰਘ ਨਾਲ ਆਏ ਸਨ। ਉਹਨਾਂ ਦਾ ਸੁਨੇਹਾ ਦੇਣ ਆਪ ਜੀ ਤਕ ਆਇਆ ਹਾਂ।"

ਭਾਈ ਮਹਿਤਾਬ ਸਿੰਘ, "ਕੀ ਕਹਿੰਦੇ ਸੀ, ਭਾਈ ਸੁੱਖਾ ਸਿੰਘ ਜੀ?"

ਭਾਈ ਤਾਰੂ ਸਿੰਘ, "ਭਾਈ ਸਾਹਿਬ ਕਹਿੰਦੇ ਸਨ ਕਿ ਭਾਈ ਮਹਿਤਾਬ ਸਿੰਘ ਜੀ ਨੂੰ ਕਹਿ ਦੇਣਾ ਕਿ ਪੰਥ ਦਾ ਫ਼ੈਸਲਾ ਹੈ ਕਿ ਸਿੰਘਾਂ ਨੇ ਕੁਝ ਚਿਰ ਲਈ ਮਾਝੇ ਦਾ ਇਲਾਕਾ ਛੱਡ ਕੇ ਮਾਲਵਾ, ਬੀਕਾਨੇਰ (ਰਾਜਸਥਾਨ) ਨੂੰ ਜਾਣਾ ਹੈ। ਜੰਗਲ ਵਿਚ ਛੇਤੀ ਪੁੱਜ ਜਾਣਾ। ਸਿੰਘਾਂ ਦਾ ਪਿੰਡਾਂ ਵਿਚ ਰਹਿਣਾ ਖ਼ਤਰੇ ਤੋਂ ਖ਼ਾਲੀ ਨਹੀਂ। ਲਾਹੌਰੀ ਮੁਗ਼ਲ ਫ਼ੌਜਾਂ ਸਿੰਘਾਂ ਨੂੰ ਪਿੰਡਾਂ ਵਿਚੋਂ ਫੜ ਕੇ ਸ਼ਹੀਦ ਕਰ ਰਹੀਆਂ ਹਨ। ਭਾਈ ਸੁੱਖਾ ਸਿੰਘ ਜੀ ਕਹਿੰਦੇ ਸਨ ਕਿ ਭਾਈ ਮਹਿਤਾਬ ਸਿੰਘ ਜੀ ਲਾਪ੍ਰਵਾਹੀ ਨਾ ਕਰਨ। ਬੀੜ ਸਾਹਿਬ ਦੇ ਜੰਗਲ ਵਿਚ ਪਹੁੰਚ ਜਾਣ ਦੀ ਖੇਚਲ ਕਰਨੀ।"

ਭਾਈ ਮਹਿਤਾਬ ਸਿੰਘ, "ਅੱਛਾ ਜੀ, ਭਾਈ ਸਾਹਿਬ, ਜਿਵੇਂ ਹੁਕਮ ਹੈ ਪੰਥ ਦਾ, ਉਸੇ ਤਰ੍ਹਾਂ ਹੀ ਵਾਹਿਗੁਰੂ ਦੇ ਭਾਣੇ ਵਿਚ ਰਹਿ ਕੇ ਪੰਥ ਦਾ ਹੁਕਮ ਮੰਨਾਂਗੇ।" "ਭਾਈ ਸਾਹਿਬ, ਤੁਸੀਂ ਹੁਣ ਦੁੱਧ ਛਕੋਗੇ ਜਾਂ ਦਹੀਂ।" ਭਾਈ ਮਹਿਤਾਬ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਨੂੰ ਪੁੱਛਿਆ।

ਭਾਈ ਤਾਰੂ ਸਿੰਘ, "ਬੱਸ ਭਾਈ ਸਾਹਿਬ, ਕਿਸੇ ਚੀਜ਼ ਦੀ ਇੱਛਾ ਨਹੀਂ। ਮੈਂ ਚੱਲਦਾ ਹਾਂ ਹੁਣ।"

"ਨਹੀਂ ਭਾਈ ਸਾਹਿਬ, ਤੁਸੀਂ ਇਸ ਤਰ੍ਹਾਂ ਨਹੀਂ ਜਾ ਸਕਦੇ।" ਭਾਈ ਮਹਿਤਾਬ ਸਿੰਘ ਜੀ ਦੀ ਸਿੰਘਣੀ ਦੋ ਛੰਨੇ ਦੁੱਧ ਦੇ ਲੈ ਆਈ। ਦੋਵਾਂ ਸਿੰਘਾਂ ਨੇ ਦੁੱਧ ਪੀਤਾ ਅਤੇ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ।

ਭਾਈ ਮਹਿਤਾਬ ਸਿੰਘ, "ਚੰਗਾ ਭਾਈ ਸਾਹਿਬ ਜੀ, ਸਿੰਘਾਂ ਦਾ ਹੁਕਮ ਸਿਰ ਮੱਥੇ ਮੰਨਦੇ ਹਾਂ।"

ਭਾਈ ਤਾਰੂ ਸਿੰਘ ਜੀ ਘੋੜੇ ਉੱਤੇ ਚੜ੍ਹ ਕੇ ਵਾਪਸ ਆਪਣੇ ਪਿੰਡ ਪੂਹਲੇ ਨੂੰ ਚੱਲ ਪਏ।

ਕਾਂਡ 4

ਭਾਈ ਮਹਿਤਾਬ ਸਿੰਘ ਜੀ, "ਬਲਵੰਤ ਕੁਰੇ, ਪੰਥ ਦਾ ਫ਼ੈਸਲਾ ਹੈ ਕਿ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੇ ਸਿੱਖਾਂ ਵਿਰੁੱਧ ਜ਼ੁਲਮ ਦਾ ਕੁਹਾੜਾ ਬੜਾ ਤੇਜ਼ ਕਰ ਦਿੱਤਾ ਹੈ। ਲਾਹੌਰੀ ਮੁਗ਼ਲ ਫ਼ੌਜਾਂ ਸਿੰਘਾਂ ਨੂੰ ਪਿੰਡਾਂ ਵਿਚ ਭਾਲਦੀਆਂ ਫਿਰਦੀਆਂ ਹਨ। ਸਿੰਘਾਂ ਨੇ ਮਾਲਵਾ, ਜੈਪੁਰ, ਜੋਧਪੁਰ, ਬੀਕਾਨੇਰ ਨੂੰ ਚਾਲੇ ਪਾ ਲਏ ਹਨ। ਸਿੰਘਾਂ ਨੇ ਸੁਨੇਹਾ ਭੇਜਿਆ ਹੈ। ਇਸ ਲਈ ਬਹੁਤਾ ਸੋਚਣ ਦਾ ਸਮਾਂ ਨਹੀਂ, ਛੇਤੀ ਤਿਆਰ ਹੋ, ਜੋ ਲੀੜਾ-ਕੱਪੜਾ ਹੈ, ਥੋੜ੍ਹਾ ਬਹੁਤਾ ਆਪਣੇ ਵਾਸਤੇ ਅਤੇ ਬੇਟੇ ਰਾਏ ਸਿੰਘ ਵਾਸਤੇ ਬੰਨ੍ਹ ਲੈ। ਮੈਂ ਭਾਊ ਲੱਧਾ ਸਿੰਘ ਜੀ ਨੂੰ ਵੀ ਖੇਤ ਜਾ ਕੇ ਦੱਸ ਆਉਂਦਾਂ।"

ਭਾਈ ਲੱਧਾ ਸਿੰਘ ਜੀ, ਭਾਈ ਮਹਿਤਾਬ ਸਿੰਘ ਜੀ ਦੇ ਵੱਡੇ ਭਰਾ ਸਨ, ਜੋ ਸਵੇਰੇ ਤੜਕੇ ਹੀ ਬਲਦਾਂ ਨਾਲ ਪੈਲੀ ਵਾਹੁਣ ਗਏ ਹੋਏ ਸਨ।

ਭਾਈ ਮਹਿਤਾਬ ਸਿੰਘ ਜੀ ਨੇ ਭਾਈ ਲੱਧਾ ਸਿੰਘ ਜੀ ਨੂੰ ਜਾ ਕੇ ਦੱਸਿਆ, "ਭਾਊ, ਮੁਗ਼ਲ ਫ਼ੌਜ ਵੱਲੋਂ ਪਿੰਡਾਂ ਵਿਚ ਸਿੰਘਾਂ ਦੀ ਫੜੋ-ਫੜਾਈ ਹੋ ਰਹੀ ਹੈ। ਸਿੰਘਾਂ ਨੇ ਬੀਕਾਨੇਰ ਨੂੰ ਨਿਕਲ ਜਾਣ ਲਈ ਸੁਨੇਹਾ ਭੇਜਿਆ ਹੈ।"

ਭਾਈ ਲੱਧਾ ਸਿੰਘ, "ਮਹਿਤਾਬ ਸਿੰਘ, ਤੁਸੀਂ ਕੀ ਫ਼ੈਸਲਾ ਕੀਤਾ ਹੈ?"

ਭਾਈ ਮਹਿਤਾਬ ਸਿੰਘ, "ਭਾਊ, ਫ਼ੈਸਲਾ ਕਾਹਦਾ, ਪੰਥ ਦਾ ਹੁਕਮ ਮੰਨਣਾ ਹੈ। ਜਿਵੇਂ ਅੱਗੇ ਮੰਨਦੇ ਹਾਂ।"

ਭਾਈ ਲੱਧਾ ਸਿੰਘ, "ਮਹਿਤਾਬ ਸਿੰਘ, ਤੁਸੀਂ ਜੱਥੇ ਨਾਲ ਚੱਲੋ। ਮੇਰਾ ਤੁਸੀਂ ਫ਼ਿਕਰ ਨਾ ਕਰੋ। ਭਰਜਾਈ ਤੇਰੀ ਬਸੰਤ ਕੌਰ ਆਪਣੇ ਪੇਕੇ ਕੁਰਾਲੇ ਗਈ ਹੋਈ ਹੈ। ਉਸ ਨੂੰ ਉਥੇ ਕੋਈ ਖ਼ਤਰਾ ਨਹੀਂ। ਮੈਂ ਜੰਗਲ ਵਿਚ ਰਹਿ ਕੇ ਵੀ ਸਮਾਂ ਲੰਘਾ ਲਵਾਂਗਾ। ਤੁਸੀਂ ਜਾਓ।"

ਭਾਈ ਮਹਿਤਾਬ ਸਿੰਘ, "ਭਾਊ, ਚੱਲ। ਸਮੇਂ ਦੇ ਨਾਲ-ਨਾਲ ਚੱਲਣਾ ਤੇ ਆਪਣੇ ਧਰਮ ਉੱਤੇ ਕਾਇਮ ਰਹਿੰਦਿਆਂ ਯੁੱਧਨੀਤੀ ਨਾਲ ਦੁਸ਼ਮਣ ਦਾ ਮੁਕਾਬਲਾ ਕਰਨਾ, ਤਾਕਤ ਵਧਾ ਕੇ ਦੁਸ਼ਮਣ ਨੂੰ ਚਿੱਤ/ਖ਼ਤਮ ਕਰਨਾ ਵੀ ਯੁੱਧਨੀਤੀ ਦਾ ਹਿੱਸਾ ਹੁੰਦਾ ਹੈ। ਯੁੱਧਨੀਤੀ ਵਿਚ ਕਈ ਵਾਰ ਦੋ ਕਦਮ ਪਿੱਛੇ ਵੀ ਹਟਣਾ ਪਵੇ ਤਾਂ ਹਟ ਜਾਈਦਾ ਹੈ।"

ਪਰ ਭਾਈ ਲੱਧਾ ਸਿੰਘ ਨਾ ਮੰਨਿਆ। ਭਾਈ ਮਹਿਤਾਬ ਸਿੰਘ ਨੂੰ ਜਾਣ ਵਾਸਤੇ ਜ਼ੋਰ ਦਿੱਤਾ ਅਤੇ ਆਪਣੀ ਘੋੜੀ ਵੀ ਭਾਈ ਮਹਿਤਾਬ ਸਿੰਘ ਨੂੰ ਲਿਜਾਣ ਵਾਸਤੇ ਆਖਿਆ।

ਭਾਈ ਮਹਿਤਾਬ ਸਿੰਘ ਜੀ ਨੇ ਆਪਣੀ ਘੋੜੀ ਅਤੇ ਵੱਡੇ ਭਰਾ ਲੱਧਾ ਸਿੰਘ ਦੀ ਘੋੜੀ ਵੀ ਤਿਆਰ ਕਰ ਲਈ। ਸਾਰੇ ਪਿੰਡ ਵਿਚ ਭਾਈ ਮਹਿਤਾਬ ਸਿੰਘ ਦੇ ਚਲੇ ਜਾਣ ਦੀ ਘੁਸਰ-ਮੁਸਰ ਹੋਣ ਲੱਗੀ। ਭਾਈ ਮਹਿਤਾਬ ਸਿੰਘ ਦੇ ਜਾਣ ਦਾ ਪਤਾ ਨੱਥੇ ਖਹਿਰੇ ਨੰਬਰਦਾਰ ਮੀਰਾਂਕੋਟ ਨੂੰ ਵੀ ਲੱਗ ਗਿਆ। ਨੱਥਾ ਨੰਬਰਦਾਰ ਮੀਰਾਂਕੋਟ ਖੁਰਦ ਆ ਗਿਆ। ਕੀ ਵੇਖਦਾ ਹੈ ਕਿ ਭਾਈ ਮਹਿਤਾਬ ਸਿੰਘ ਜੀ ਪਰਿਵਾਰ ਸਮੇਤ ਜਾਣ ਦੀ ਤਿਆਰੀ ਕਰ ਰਹੇ ਹਨ।

ਜਦੋਂ ਭਾਈ ਮਹਿਤਾਬ ਸਿੰਘ ਨੇ ਨੱਥੇ ਨੰਬਰਦਾਰ ਨੂੰ ਸਾਹਮਣੇ ਵੇਖਿਆ ਤਾਂ ਆਖਿਆ, "ਆ ਗਿਆ ਭਾਊ ਨੰਬਰਦਾਰਾ, ਆਹ ਮੇਰਾ ਘਰ-ਬਾਰ ਤੇਰੇ ਹਵਾਲੇ ਈ। ਜੇ ਕਿਤੇ ਅਕਾਲ ਪੁਰਖ ਵਾਹਿਗੁਰੂ ਨੂੰ ਭਾਇਆ ਤਾਂ ਆ ਜਾਵਾਂਗੇ। ਘਰ ਛੱਡਣਾ ਬੜਾ ਮੁਸ਼ਕਲ ਹੁੰਦਾ ਹੈ ਪਰ ਸਮਾਂ ਮਜਬੂਰ ਕਰ ਦਿੰਦਾ ਹੈ, ਕੀ ਕੀਤਾ ਜਾਵੇ।"

ਨੱਥੇ ਨੰਬਰਦਾਰ ਤੋਂ ਅੱਗੋਂ ਬੋਲਿਆ ਨਾ ਗਿਆ। ਭਾਈ ਮਹਿਤਾਬ ਸਿੰਘ ਜੀ ਨੂੰ ਜੱਫੀ ਵਿਚ ਘੁੱਟ ਲਿਆ, ਗਲਾ ਭਰ ਆਇਆ, ਅੱਖਾਂ ਵਿਚੋਂ ਹੰਝੂ ਵਹਿ ਤੁਰੇ। ਹੁਣ ਨੱਥੇ ਨੰਬਰਦਾਰ ਨੂੰ ਸੁੱਝਦੀ ਨਹੀਂ ਸੀ ਕਿ ਕਿਸ ਤਰ੍ਹਾਂ ਆਖੇ, 'ਵੀਰ ਮਹਿਤਾਬ ਸਿੰਘ, ਤੂੰ ਨਾ ਜਾ।' ਭਾਈ ਮਹਿਤਾਬ ਸਿੰਘ ਦਾ ਪਿੰਡ ਵਿਚ ਰਹਿਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਦੇ ਜ਼ੁਲਮਾਂ ਦੀ ਨੱਥੇ ਨੰਬਰਦਾਰ ਨੂੰ ਕੋਈ ਭੁੱਲ ਨਹੀਂ ਸੀ। ਸਿੰਘਾਂ ਨੂੰ ਫੜਾਉਣ ਦੇ, ਦੱਸਣ ਦੇ, ਸਿਰ ਵੱਢ ਕੇ ਪੇਸ਼ ਕਰਨ ਦੇ ਇਨਾਮ ਦਿੱਤੇ ਜਾ ਰਹੇ ਸਨ। ਇਨਾਮਾਂ ਦੇ ਲਾਲਚੀ ਲੋਕਾਂ ਨੂੰ ਸਿੰਘਾਂ ਦੇ ਵੈਰੀ ਬਣਾ ਦਿੱਤਾ ਹੈ। ਸਿੰਘਾਂ ਉੱਤੇ ਜ਼ੁਲਮਾਂ ਦੀ ਕਿਤੇ ਅਪੀਲ ਦਲੀਲ ਦੀ ਕੋਈ ਸੁਣਵਾਈ ਨਹੀਂ ਸੀ। ਜਿਹੜੇ ਸਿੰਘ ਪਿੰਡਾਂ ਵਿਚੋਂ ਫੜ ਕੇ ਲਾਹੌਰ ਲਿਜਾਏ ਜਾਂਦੇ ਹਨ, ਸੂਬੇਦਾਰ ਜ਼ਕਰੀਆ ਖ਼ਾਨ ਦਾ ਇਕੋ ਐਲਾਨ ਹੈ ਕਿ ਸਿੱਖ ਧਰਮ ਛੱਡ ਕੇ ਮੁਸਲਮਾਨ ਬਣੋ। ਸਿੱਖ ਧਰਮ ਨਹੀਂ ਛੱਡਦੇ ਤਾਂ ਸਿੰਘਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਂਦਾ ਹੈ।

ਨੱਥੇ ਚੌਧਰੀ ਨੇ ਆਪਣੇ ਆਪ ਨੂੰ ਸੰਭਾਲਦਿਆਂ ਆਖਿਆ, "ਭਾਈ ਮਹਿਤਾਬ ਸਿੰਘ ਜੀ, ਮੁਸੀਬਤਾਂ ਹਮੇਸ਼ਾਂ ਧਰਮੀ ਮਰਦਾਂ ਉੱਤੇ ਹੀ ਆਇਆ ਕਰਦੀਆਂ ਹਨ। ਭਾਈ ਮਹਿਤਾਬ ਸਿੰਘ ਜੀ, ਜੇ ਆਪਾਂ ਸੁੱਖ ਵਿਚ ਪੱਗ ਵਟਾ ਕੇ ਭਰਾ ਬਣੇ ਆਂ ਤਾਂ ਹੁਣ ਤੇਰੇ ਦੁੱਖ ਵਿਚ ਸ਼ਰੀਕ ਹੋ ਕੇ ਵਟਾਈ ਪੱਗ ਦੀ ਲਾਜ ਪਾਲਾਂਗੇ।"

ਭਾਈ ਮਹਿਤਾਬ ਸਿੰਘ, "ਭਾਊ ਨੰਬਰਦਾਰਾ, ਜਿਸ ਦੇ ਤੇਰੇ ਵਰਗੇ ਬਹਾਦਰ ਸੱਚੇ-ਸੁੱਚੇ ਇਨਸਾਨ ਮਿੱਤਰ ਹੋਣ, ਉਹਨਾਂ ਨੂੰ ਦੁੱਖ ਵੀ ਮਹਿਸੂਸ ਨਹੀਂ ਹੁੰਦਾ। ਬੰਦੇ ਦੇ ਵਸ ਕੁਝ ਨਹੀਂ। ਇਨਸਾਨ ਕੁਝ ਸੋਚਦਾ ਹੈ, ਪਰਮਾਤਮਾ ਨੂੰ ਕੁਝ ਹੋਰ

ਭਾਉਂਦਾ ਹੈ। ਪਰਮਾਤਮਾ ਦੀ ਰਜ਼ਾ ਵਿਚ ਹੀ ਰਹਿਣਾ ਪੈਂਦਾ ਹੈ।

ਭਾਈ ਮਹਿਤਾਬ ਸਿੰਘ ਜੀ ਘਰ-ਬਾਰ ਛੱਡ ਕੇ ਤੁਰਨ ਲੱਗੇ ਹਨ। ਇਕ ਘੋੜੀ ਆਪ ਫੜ ਲਈ, ਦੂਜੀ ਸਿੰਘਣੀ ਨੇ ਫੜ ਲਈ ਹੈ। ਵੇਖਣ ਵਾਲੇ ਹਿੰਦੂ ਤੇ ਮੁਸਲਮਾਨ ਜ਼ਕਰੀਆ ਖ਼ਾਨ ਨੂੰ ਗਾਲ੍ਹਾਂ ਦਿੰਦੇ ਹਨ ਜਿਹੜਾ ਬਿਨਾਂ ਵਜ੍ਹਾ ਹੀ ਸਿੱਖਾਂ ਨੂੰ ਤੰਗ ਕਰ ਰਿਹਾ ਹੈ। ਜਦੋਂ 5-6 ਸਾਲ ਦੇ ਬੱਚੇ ਰਾਏ ਸਿੰਘ ਵੱਲ ਵੇਖਦੇ ਹਨ ਤਾਂ ਕਲੇਜੇ ਦਾ ਰੁੱਗ ਭਰਿਆ ਜਾਂਦਾ ਹੈ।

ਭਾਈ ਮਹਿਤਾਬ ਸਿੰਘ ਜੀ ਤੁਰਨ ਲੱਗੇ ਹਨ। ਨੱਥੇ ਖਹਿਰੇ ਨੰਬਰਦਾਰ ਦਾ ਦਿਲ ਧੜਕਿਆ, ਉਸ ਦੇ ਪੰਜਾਬੀ ਜੋਸ਼ ਨੇ ਉਬਾਲਾ ਮਾਰਿਆ, "ਵੀਰ ਮਹਿਤਾਬ ਸਿੰਘ ਜੀ, ਤੂੰ ਜਾਹ, ਮੈਂ ਤੈਨੂੰ ਨਹੀਂ ਰੋਕਦਾ, ਪਰ ਮੈਂ ਬੇਟਾ ਰਾਏ ਸਿੰਘ ਤੇ ਬੀਬੀ ਬਲਵੰਤ ਕੌਰ ਨੂੰ ਨਹੀਂ ਜਾਣ ਦੇਣਾ। ਜਿੰਨਾ ਚਿਰ ਮੇਰੇ ਸਵਾਸ ਹਨ, ਮੈਂ ਰਾਏ ਸਿੰਘ ਬੱਚੇ ਤੇ ਬੀਬੀ ਬਲਵੰਤ ਕੌਰ ਨੂੰ ਪ੍ਰਦੇਸਾਂ ਵਿਚ ਰੁਲਦਾ ਨਹੀਂ ਵੇਖ ਸਕਦਾ। ਜੇ ਇਹਨਾਂ ਉੱਤੇ ਕੋਈ ਮੁਸੀਬਤ ਆਵੇਗੀ, ਪਹਿਲਾਂ ਮੈਂ ਛਾਤੀ ਡਾਹਵਾਂਗਾ।"

ਨੱਥੇ ਖਹਿਰੇ ਨੰਬਰਦਾਰ ਨੇ ਪੰਜ ਸਾਲ ਦੇ ਰਾਏ ਸਿੰਘ ਨੂੰ ਬਾਹੋਂ ਫੜ ਲਿਆ ਤੇ ਭਾਈ ਮਹਿਤਾਬ ਸਿੰਘ ਦੀ ਸਿੰਘਣੀ ਨੂੰ ਕਹਿਣ ਲੱਗਾ, "ਭੈਣ ਬਲਵੰਤ ਕੁਰੇ, ਜਿੰਨਾ ਚਿਰ ਮੈਂ ਜਿਉਂਦਾ ਹਾਂ, ਤੁਹਾਡੀ ਸੇਵਾ ਹਿਫ਼ਾਜ਼ਤ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਂਦਾ ਹਾਂ। ਭੈਣ, ਤੁਸੀਂ ਮੇਰੇ ਘਰ ਚੱਲੋ। ਭਾਈ ਮਹਿਤਾਬ ਸਿੰਘ ਜੀ, ਤੁਸੀਂ ਬੀਬੀ ਬਲਵੰਤ ਕੌਰ ਅਤੇ ਰਾਏ ਸਿੰਘ ਦਾ ਫ਼ਿਕਰ ਨਾ ਕਰੋ। ਮੈਂ ਤੇਰੇ ਨਾਲ ਵਟਾਈ ਪੱਗ ਦੀ ਲਾਜ ਪਾਲਾਂਗਾ। ਲੋੜ ਪਈ ਤੇ ਵਟਾਈ ਪੱਗ ਦੀ ਲਾਜ ਪਾਲਣ ਖ਼ਾਤਰ ਆਪਣੀ ਜਾਨ ਵੀ ਕੁਰਬਾਨ ਕਰ ਦੇਵਾਂਗਾ।"

ਭਾਈ ਮਹਿਤਾਬ ਸਿੰਘ ਜੀ ਦੇ ਪੱਗ-ਵੱਟ ਭਰਾ ਨੱਥਾ ਖਹਿਰੇ ਦਾ ਆਖਿਆ ਕਿਵੇਂ ਮੂੰਹ-ਜ਼ੋਰ ਹੋ ਸਕਦਾ ਸੀ। ਬੱਸ, ਭਾਈ ਮਹਿਤਾਬ ਸਿੰਘ ਇੰਨਾ ਹੀ ਕਹਿ ਸਕਿਆ, "ਚੰਗਾ ਭਾਊ ਨੰਬਰਦਾਰਾ, ਤੇਰੀ ਮਰਜ਼ੀ, ਜਿਵੇਂ ਤੈਨੂੰ ਚੰਗਾ ਲੱਗਦਾ, ਉਵੇਂ ਹੀ ਸਹੀ।"

ਭਾਈ ਮਹਿਤਾਬ ਸਿੰਘ ਨੱਥੇ ਨੰਬਰਦਾਰ ਨੂੰ ਘੁੱਟ ਕੇ ਜੱਫੀ ਪਾ ਕੇ ਮਿਲਿਆ ਤੇ ਆਖਿਆ, "ਭਾਊ ਲੱਧਾ ਸਿੰਘ ਦਾ ਖ਼ਿਆਲ ਰੱਖੀਂ, ਉਹ ਮੇਰੇ ਆਖੇ ਨਹੀਂ ਲੱਗਿਆ।"

ਪੁੱਤਰ ਰਾਏ ਸਿੰਘ ਦਾ ਮੱਥਾ ਚੁੰਮਿਆ, ਘੁੱਟ ਕੇ ਪਿਆਰ ਕੀਤਾ। ਭਾਈ ਮਹਿਤਾਬ ਸਿੰਘ ਜੀ ਨੇ ਪਿੰਡ ਮੀਰਾਂਕੋਟ ਦੇ ਵਾਸੀਆਂ ਭਰਾਵਾਂ ਨੂੰ ਫ਼ਤਹਿ ਬੁਲਾਈ। ਘੋੜੀ ਉੱਤੇ ਚੜ੍ਹ ਕੇ ਸਿੰਘਾਂ ਦੇ ਜੱਥੇ ਨਾਲ ਰਲਣ ਲਈ ਤੁਰ ਪਿਆ।

ਨੱਥਾ ਨੰਬਰਦਾਰ ਭਾਈ ਮਹਿਤਾਬ ਸਿੰਘ ਜੀ ਦੇ ਪੰਜ ਸਾਲਾਂ ਦੇ ਪੁੱਤਰ ਰਾਏ ਸਿੰਘ ਅਤੇ ਸਿੰਘਣੀ ਬਲਵੰਤ ਕੌਰ ਨੂੰ ਨਾਲ ਲੈ ਕੇ ਆਪਣੇ ਪਿੰਡ ਮੀਰਾਂਕੋਟ ਕਲਾਂ ਨੂੰ ਆਪਣੇ ਘਰ ਨੂੰ ਤੁਰ ਪਿਆ।

ਕਾਂਡ 5

ਜ਼ਕਰੀਆ ਖ਼ਾਨ ਬਹਾਦਰ ਦੇ ਜ਼ੁਲਮਾਂ ਤੋਂ ਤੰਗ ਆ ਕੇ ਸਿੰਘ ਮਾਝੇ ਦਾ ਇਲਾਕਾ ਛੱਡ ਗਏ। ਜੈਸਲਮੇਰ, ਜੋਧਪੁਰ, ਬੀਕਾਨੇਰ (ਰਾਜਸਥਾਨ) ਦੀਆਂ ਸਿਆਸਤਾਂ ਵਿਚ ਦਿਨ-ਕੱਟੀ ਕਰ ਰਹੇ ਹਨ। ਮਾਝੇ/ਪੰਜਾਬ ਵਿਚ ਸਿੰਘ ਨਜ਼ਰ ਨਹੀਂ ਆਉਂਦੇ। ਜੇ ਕੋਈ ਸਿੰਘ ਪੰਜਾਬ ਵਿਚ ਹੈ ਵੀ ਤਾਂ ਉਹ ਜੰਗਲ-ਬੇਲਿਆਂ ਵਿਚ ਲੁਕ-ਛਿਪ ਕੇ ਦਿਨ ਲੰਘਾ ਰਹੇ ਹਨ। ਮਨਚਲੇ ਲੋਕ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ, "ਭਈ, ਬੜਾ ਸੂਬਾ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੇ ਰੋਹਬ ਪਾਇਆ, ਸਿੰਘ ਹੁਣ ਤਾਂ ਨਜ਼ਰ ਨਹੀਂ ਆਉਂਦੇ।"

ਕਿਤੇ-ਕਿਤੇ ਜੰਗਲ-ਬੇਲਿਆਂ ਵਿਚ ਲੁਕੇ-ਛਿਪੇ ਅਣਖੀਲੇ ਬਹਾਦਰ ਸਿੰਘ ਰਾਤ ਵੇਲੇ ਜੰਗਲਾਂ-ਬੇਲਿਆਂ ਵਿਚੋਂ ਨਿਕਲਦੇ ਹਨ। ਲਾਹੌਰੀ ਮੁਗ਼ਲ ਗਸ਼ਤੀ ਫ਼ੌਜਾਂ ਦੇ ਕੈਂਪਾਂ ਉੱਤੇ, ਜਦੋਂ ਰਾਤ ਨੂੰ ਫ਼ੌਜ ਸੁੱਤੀ ਹੁੰਦੀ ਹੈ, ਗੁਰੀਲਾ ਹਮਲਾ ਕਰ ਦਿੰਦੇ ਹਨ। ਬਹਾਦਰ ਸਿੰਘ ਬੰਦੂਕ, ਗੋਲੀ, ਤਲਵਾਰ ਚਲਾ ਕੇ ਆਪ ਖਿਸਕ ਜਾਂਦੇ ਹਨ। ਫ਼ੌਜ ਅੱਬੜਵਾਹੇ ਉੱਠਦੀ ਹੈ, ਆਪਸ ਵਿਚ ਗਾਜਰ-ਮੂਲੀ ਵਾਂਗ ਕੱਟ ਮਰਦੀ ਹੈ। ਸਿੰਘ ਹਮਲਾ ਕਰਦੇ ਸਮੇਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੇ ਹਨ। ਮੁਸਲਮਾਨੀ ਸਰਕਾਰੀ ਫ਼ੌਜਾਂ ਵਿਚ ਭਗਦੜ ਮੱਚ ਜਾਂਦੀ ਹੈ। ਫ਼ੌਜੀ ਨੀਂਦ ਵਿਚ ਊਂਘਦੇ ਹੀ ਅੰਨ੍ਹੇਵਾਹ ਤਲਵਾਰ, ਗੋਲੀ ਚਲਾਉਂਦੇ ਹਨ। ਦਿਨ ਚੜ੍ਹੇ ਵੇਖਦੇ ਹਨ ਕਿ ਲਾਸ਼ਾਂ ਦੇ ਢੇਰ ਲੱਗੇ ਹੁੰਦੇ ਹਨ। ਫ਼ੌਜਦਾਰ ਵੇਖਦੇ ਹਨ ਕਿ ਇਕ ਵੀ ਸਿੰਘ ਦੀ ਲਾਸ਼ ਜਾਂ ਹੋਰ ਕੋਈ ਨਿਸ਼ਾਨੀ ਨਜ਼ਰ ਨਹੀਂ ਆਉਂਦੀ। ਕਈ ਲੋਕ ਗੱਲਾਂ ਕਰਦੇ ਹਨ, ਜਦੋਂ ਕਿਸੇ ਸਿਪਾਹੀ ਨੂੰ ਸਿੰਘਾਂ ਦਾ ਸੁਪਨਾ ਆ ਜਾਂਦਾ ਹੈ ਤਾਂ ਉਹ ਅੱਬੜਵਾਹੇ ਰੌਲਾ ਪਾ ਦਿੰਦਾ ਹੈ, 'ਸਿੰਘ ਆ ਗਏ, ਸਿੰਘ ਆ ਗਏ।'

ਇਸੇ ਤਰ੍ਹਾਂ ਪਿੰਡ ਮੀਰਾਂਕੋਟ ਦੇ ਨਾਲ ਲੱਗਦੇ ਜੰਗਲ ਵਿਚ ਭਾਈ ਲੱਧਾ ਸਿੰਘ ਭੰਗੂ ਮੀਰਾਂਕੋਟ ਦਾ ਭਾਈ ਸੁਲੱਖਣ ਸਿੰਘ ਗਿੱਲ, ਭਾਈ ਰਾਮ ਸਿੰਘ ਲੰਬੇ ਹੋਰ ਦਾ ਦਿਨ ਵੇਲੇ ਲੁਕੇ-ਛਿਪੇ ਰਹਿੰਦੇ ਸਨ। ਰਾਤ ਵੇਲੇ ਬਾਹਰ ਨਿਕਲਦੇ, ਗੰਨਾ, ਗਾਜਰ, ਮੂਲੀ, ਖਖੜੀ, ਖਰਬੂਜਾ ਜੋ ਮਿਲਦਾ, ਉਸ ਨਾਲ ਗੁਜ਼ਾਰਾ ਕਰਦੇ। ਵੇਲੇ-ਕੁਵੇਲੇ ਆਪਣੇ ਹਮਦਰਦਾਂ ਸਨੇਹੀਆਂ ਕੋਲੋਂ ਰੋਟੀ-ਪਾਣੀ ਲੈ ਆਉਂਦੇ। ਇਹਨਾਂ ਸਿੰਘਾਂ ਕੋਲ ਤਲਵਾਰਾਂ, ਬਰਛੇ, ਬੰਦੂਕਾਂ ਵੀ ਸਨ। ਇਹ ਸਿੰਘ ਸ਼ਸਤਰਾਂ

ਦੇ ਸਹਾਰੇ ਵਾਹਿਗੁਰੂ ਵਾਹਿਗੁਰੂ ਜਪਦੇ, ਜੰਗਲ ਵਿਚ ਨਿਰਭੈ ਰਹਿ ਰਹੇ ਸਨ।

ਸਿੰਘਾਂ ਨੂੰ ਜਦੋਂ ਵੀ ਕਿਤੇ ਮੌਕਾ ਮਿਲਦਾ, ਰਾਤ ਵੇਲੇ ਗਸ਼ਤੀ ਫ਼ੌਜਾਂ ਦੇ ਕੈਂਪਾਂ ਉੱਤੇ ਗੁਰੀਲਾ ਹਮਲਾ ਕਰ ਕੇ ਫਿਰ ਜੰਗਲ ਵਿਚ ਵੜ ਜਾਂਦੇ। ਫ਼ੌਜਦਾਰਾਂ, ਚੌਧਰੀਆਂ ਨੇ ਸਿੰਘਾਂ ਦੇ ਗੁਰੀਲਾ ਹਮਲਿਆਂ ਤੋਂ ਤੰਗ ਆ ਕੇ ਸਿੰਘਾਂ ਦੀ ਸਰਗਰਮੀ ਨਾਲ ਭਾਲ ਸ਼ੁਰੂ ਕੀਤੀ। ਆਪਣੇ ਸੂਹੀਏ ਛੱਡੇ, ਸਿੰਘਾਂ ਦੀ ਸੂਹ ਕੱਢੋ।

ਇਕ ਦਿਨ ਕਿਸੇ ਸੂਹੀਏ ਨੇ ਭਾਈ ਲੱਧਾ ਸਿੰਘ, ਭਾਈ ਰਾਮ ਸਿੰਘ, ਭਾਈ ਸੁਲੱਖਣ ਸਿੰਘ ਨੂੰ ਮੀਰਾਂਕੋਟ ਦੇ ਜੰਗਲ ਵਿਚ ਵੜਦਿਆਂ ਵੇਖ ਲਿਆ। ਸੂਹੀਏ ਨੇ ਫ਼ੌਜਦਾਰ ਨੂਰਦੀਨ ਨੂੰ ਇਤਲਾਹ ਦਿੱਤੀ। ਫ਼ੌਜਦਾਰ ਨੂਰਦੀਨ ਨੇ ਫ਼ੌਜ ਲੈ ਕੇ ਜੰਗਲ ਦਾ ਚੱਪਾ-ਚੱਪਾ ਛਾਣ ਮਾਰਿਆ ਪਰ ਸਿੰਘਾਂ ਦਾ ਕੋਈ ਪਤਾ ਨਾ ਲੱਗਾ। ਸਿੰਘਾਂ ਨੇ ਜੰਗਲ ਵਿਚ ਬਘਿਆੜਾਂ ਦੀ ਖੱਡ ਪੁੱਟ ਕੇ ਛਿਪਣ ਲਈ ਥਾਂ ਬਣਾਈ ਹੋਈ ਸੀ। ਸਿੰਘਾਂ ਨੇ ਆਪਣੀ ਯੁੱਧਨੀਤੀ ਅਨੁਸਾਰ ਯੋਜਨਾਬੱਧ ਢੰਗ ਨਾਲ ਖੱਡ ਪਾਣੀ ਹਾਂਡੇ ਕੀਤੀ ਹੋਈ ਸੀ। ਇਹ ਖੱਡ ਇਕ ਤਰ੍ਹਾਂ ਨਾਲ ਸਿੰਘਾਂ ਦਾ ਲੁਕਣ ਵਾਲਾ ਸੁਰੱਖਿਅਤ ਮੋਰਚਾ ਸੀ।

ਫ਼ੌਜਦਾਰ ਨੂਰਦੀਨ ਨੂੰ ਸਿੰਘਾਂ ਦੇ ਖੱਡ ਵਿਚ ਲੁਕੇ ਹੋਣ ਦਾ ਸ਼ੱਕ ਪੈ ਗਿਆ। ਕੁਝ ਸਿਪਾਹੀ ਖੱਡ ਵਿਚ ਵੜਨ ਲੱਗੇ ਤਾਂ ਅੱਗੋਂ ਸਿੰਘਾਂ ਨੇ ਗੋਲੀਆਂ ਦੀ ਬੁਛਾੜ ਕਰ ਦਿੱਤੀ। ਨੂਰਦੀਨ ਦੇ ਸਿਪਾਹੀਆਂ ਨੇ ਭੱਜ ਕੇ ਜਾਨ ਬਚਾਈ। ਫ਼ੌਜਦਾਰ ਨੂੰ ਸੁੱਝ ਗਈ ਕਿ ਸਿੰਘਾਂ ਨੂੰ ਫੜਨਾ ਜਾਂ ਖ਼ਤਮ ਕਰਨਾ ਖ਼ਤਰੇ ਤੋਂ ਖ਼ਾਲੀ ਨਹੀਂ। ਫ਼ੌਜਦਾਰ ਨੂਰਦੀਨ ਨੇ ਚਾਲ ਚੱਲੀ, ਪਿੰਡ ਮੀਰਾਂਕੋਟ ਦੇ ਵਾਸੀਆਂ, ਹਿੰਦੂ-ਮੁਸਲਮਾਨਾਂ ਨੂੰ ਇਕੱਠੇ ਕਰ ਲਿਆ। ਲੋਕਾਂ ਨੂੰ ਜਬਰੀ ਖੱਡ ਪੁੱਟਣ ਲਈ ਡਾਹ ਦਿੱਤਾ। ਪਿੰਡ ਵਾਸੀ ਹਿੰਦੂ-ਮੁਸਲਮਾਨਾਂ ਦੀ ਸਿੰਘਾਂ ਨਾਲ ਹਮਦਰਦੀ ਸੀ। ਜੇ ਪਿੰਡਾਂ ਵਿਚ ਸਿੰਘਾਂ ਦੇ ਵੈਰੀਆਂ ਦਾ ਭਰਮਾਰ ਸੀ ਤਾਂ ਹਮਦਰਦਾਂ ਦੀ ਵੀ ਘਾਟ ਨਹੀਂ ਸੀ। ਇਹੋ ਕਾਰਨ ਸੀ ਕਿ ਹਕੂਮਤ ਦੇ ਜ਼ੁਲਮਾਂ ਤੋਂ ਸਤਾਏ ਲੋਕ ਦੁਖੀ ਹੋ ਕੇ ਹਿੰਦੂ-ਮੁਸਲਮਾਨ ਅੰਮ੍ਰਿਤ ਛਕ ਕੇ ਸਿੰਘ ਸੱਜ ਕੇ ਜ਼ਾਲਮ ਹਕੂਮਤ ਦੇ ਪੁਰਜ਼ਿਆਂ ਵਿਰੁੱਧ ਟੱਕਰ ਲੈਂਦੇ ਆਉਂਦੇ ਸੀ। ਜ਼ਕਰੀਆ ਖ਼ਾਨ ਦੇ ਹਜ਼ਾਰਾਂ ਸਿੰਘ ਮਾਰਨ ਨਾਲ ਵੀ ਸਿੰਘ ਖ਼ਤਮ ਨਹੀਂ ਸੀ ਹੋਏ ਸਗੋਂ ਸਿੰਘਾਂ ਦੀ ਗਿਣਤੀ ਵਧਦੀ ਗਈ।

ਫ਼ੌਜਦਾਰ ਨੂਰਦੀਨ ਲੋਕਾਂ ਤੋਂ ਜਬਰੀ ਖੱਡ ਪੁਟਾਉਣਾ ਚਾਹੁੰਦਾ ਸੀ। ਜੇ ਅੱਗੋਂ ਸਿੰਘਾਂ ਹਮਲਾ ਕੀਤਾ ਤਾਂ ਪਿੰਡ ਵਾਸੀ ਭੋਲੇ-ਭਾਲੇ ਲੋਕ ਮਰਨਗੇ। ਪਿੰਡ ਵਾਸੀ ਹਰ ਹੀਲੇ ਸਿੰਘਾਂ ਨੂੰ ਬਚਾਉਣਾ ਚਾਹੁੰਦੇ ਸਨ। ਮੀਰਾਂਕੋਟ ਦੇ ਵਾਸੀਆਂ ਨੂੰ ਮਾਣ ਸੀ ਕਿ ਸਾਡੇ ਪਿੰਡ ਦੇ ਸੂਰਮੇ ਸਿੰਘ ਹਕੂਮਤ ਦੇ ਜ਼ੁਲਮਾਂ ਵਿਰੁੱਧ ਟੱਕਰ ਲੈ ਰਹੇ ਹਨ। ਭਾਈ ਮਹਿਤਾਬ ਸਿੰਘ ਮੀਰਾਂਕੋਟ, ਭਾਈ ਲੱਧਾ ਸਿੰਘ ਮੀਰਾਂਕੋਟ ਦੋਵੇਂ ਭਰਾ ਜਾਨਾਂ ਤਲੀ ਉੱਤੇ ਰੱਖ ਕੇ ਸਿੱਖਾਂ ਉੱਤੇ ਜ਼ੁਲਮ ਕਰਨ ਵਾਲਿਆਂ ਦੀ ਸੋਧ-ਸੁਧਾਈ

ਕਰ ਰਹੇ ਸਨ। ਪਿੰਡ ਵਾਸੀ ਤਨੋਂ-ਮਨੋਂ ਸਿੰਘਾਂ ਦੇ ਹਮਦਰਦ ਸਨ। ਸਿੰਘ ਦਿਨ ਵੇਲੇ ਛਿਪੇ ਰਹਿੰਦੇ ਅਤੇ ਰਾਤ ਵੇਲੇ ਆਪਣੇ ਸਨੇਹੀਆਂ ਤੇ ਹਮਦਰਦਾਂ ਪਾਸੋਂ ਰੋਟੀ ਪਾਣੀ ਛਕ ਜਾਂਦੇ ਸਨ। ਪਿੰਡ ਵਾਸੀ ਖੱਡ ਪੁੱਟਣ 'ਤੇ ਮਜਬੂਰ ਸਨ। ਫ਼ੌਜਦਾਰ ਨੂਰਦੀਨ ਨੇ ਪਿੰਡ ਮੀਰਾਂਕੋਟ ਦਾ ਨੰਬਰਦਾਰ ਨੱਥਾ ਖਹਿਰਾ ਅਤੇ ਹੋਰ ਪਤਵੰਤੇ ਸੱਦ ਲਏ। ਜਿਨ੍ਹਾਂ ਲੋਕਾਂ ਨੂੰ ਖੱਡ ਪੁੱਟਣ ਲਾਇਆ, ਉਹ ਇਕ-ਅੱਧਾ ਟੱਪਾ ਲਾ ਕੇ ਤ੍ਰਬਕ-ਤ੍ਰਬਕ ਪੈਣ। ਸਿੰਘਾਂ ਨਾਲ ਹਮਦਰਦੀ ਰੱਖਣ ਵਾਲਿਆਂ ਕਹੀਆਂ ਫੜ ਲਈਆਂ। ਉਕੜੂ ਕਹੀ ਦੇ ਦੋ-ਚਾਰ ਟੱਪੇ ਮਾਰ ਕੇ ਕਹੀ ਉਖੇੜ ਦੇਣ, ਕੋਈ ਦਸਤਾ ਤੋੜ ਦੇਵੇ, ਕੋਈ ਪਿੰਡ ਮਿਸਤਰੀ ਲੈਣ ਚਲਾ ਜਾਵੇ। ਮਿਸਤਰੀ ਆਇਆ ਪਰ ਨਾਲ ਪੂਰੇ ਸੰਦ ਨਾ ਲਿਆਇਆ। ਜੇ ਕਹੀਆਂ ਨੂੰ ਨਵੇਂ ਦਸਤੇ ਪਾਏ ਵੀ ਤੇ ਦੁਬਾਰਾ ਖੱਡ ਪੁੱਟਣ ਲਾ ਦਿੱਤਾ। ਖੱਡ ਪੁੱਟਣ ਵਾਲਿਆਂ ਫੇਰ ਦਸਤੇ ਤੋੜ ਦਿੱਤੇ। ਫ਼ੌਜਦਾਰ ਨੂਰਦੀਨ ਨੇ ਲੋਕਾਂ ਨੂੰ ਮਾਰਨਾ-ਕੁੱਟਣਾ ਸ਼ੁਰੂ ਕਰ ਦਿੱਤਾ, "ਤੁਸੀਂ ਕਾਫ਼ਰ ਸਿੰਘਾਂ ਦੀ ਮਦਦ ਕਰਦੇ ਹੋ। ਤੁਸੀਂ ਸਾਨੂੰ ਸਹਿਯੋਗ ਨਹੀਂ ਦਿੰਦੇ। ਤੁਸੀਂ ਵੇਖੋਗੇ ਕਿ ਸਿੱਖ ਖੱਡ ਵਿਚੋਂ ਕਿਵੇਂ ਬਾਹਰ ਨਿਕਲਦੇ ਹਨ।"

ਫ਼ੌਜਦਾਰ ਨੂਰਦੀਨ ਨੇ ਲੋਕਾਂ ਨੂੰ ਘੜਿਆਂ ਨਾਲ ਪਾਣੀ ਲਿਆਉਣ ਲਈ ਲਾ ਦਿੱਤਾ। ਲੋਕ ਖੂਹ ਤੋਂ ਪਾਣੀ ਲਿਆਉਣ, ਹੌਲੀ-ਹੌਲੀ, ਜੂੰ ਦੀ ਤੋਰ। ਖੱਡ ਪਾਣੀ ਨਾਲ ਕਿਵੇਂ ਭਰਦੀ?

ਫ਼ੌਜਦਾਰ ਨੂਰਦੀਨ ਨੇ ਸਿਪਾਹੀਆਂ ਨੂੰ ਖੱਡ ਉਪਰ ਖਲੋ ਕੇ ਗੋਲੀਆਂ ਚਲਾਉਣ ਲਈ ਹੁਕਮ ਦਿੱਤਾ। ਸਿਪਾਹੀਆਂ ਨੇ ਖੱਡ ਉਪਰ ਖਲੋ ਕੇ ਖੱਡ ਵਿਚ ਗੋਲੀ ਚਲਾਈ। ਜਦੋਂ ਅੱਗੋਂ ਸਿੰਘਾਂ ਗੋਲੀਆਂ ਦੀ ਬੁਛਾੜ ਕੀਤੀ ਤਾਂ ਸਿਪਾਹੀਆਂ ਨੂੰ ਭੱਜਣ ਨੂੰ ਰਾਹ ਨਾ ਮਿਲਿਆ। ਅੰਦਰ ਦੀ ਗੋਲੀ ਬਾਹਰ ਅਤੇ ਬਾਹਰ ਦੀ ਚਲਾਈ ਗੋਲੀ ਦਾ ਅੰਦਰ ਕੋਈ ਅਸਰ ਨਹੀਂ ਸੀ ਹੁੰਦਾ। ਫ਼ੌਜਦਾਰ ਨੂਰਦੀਨ ਨੇ ਫ਼ੌਜ ਨੂੰ ਹੁਕਮ ਦਿੱਤਾ ਕਿ ਖੱਡ ਉਪਰ ਬਾਲਣ ਸੁੱਟ ਕੇ ਅੱਗ ਲਾ ਦਿੱਤੀ ਜਾਵੇ। ਸਿੱਖ ਆਪੇ ਵਿਚੇ ਸੜ ਕੇ ਮਰ ਜਾਣਗੇ। ਫ਼ੌਜ ਨੇ ਲੋਕਾਂ ਤੋਂ ਪਿੰਡੋਂ ਬਾਲਣ ਮੰਗਵਾਇਆ। ਬਹੁਤੇ ਗਿੱਲਾ ਬਾਲਣ ਚੁੱਕ ਲਿਆਏ। ਪਿੰਡ ਵਾਸੀ ਚਾਹੁੰਦੇ ਸਨ ਕਿ ਰਾਤ ਪੈ ਜਾਵੇ ਤੇ ਸਿੰਘਾਂ ਨੂੰ ਜਿਉਂਦਿਆਂ ਬਚਾਇਆ ਜਾ ਸਕੇ।

ਫ਼ੌਜਦਾਰ ਨੂਰਦੀਨ ਨੇ ਖੱਡ ਦੇ ਮੂੰਹ ਅੱਗੇ ਬਾਲਣ ਸੁਟਾ ਕੇ ਅੱਗ ਲਵਾ ਦਿੱਤੀ। ਖੱਡ ਅੰਦਰ ਸਿੰਘਾਂ 'ਤੇ ਵੀ ਭਾਰੀ ਮੁਸੀਬਤ ਬਣੀ। ਅੰਦਰ ਨੂੰ ਅੱਗ ਦਾ ਸੇਕ ਅਤੇ ਧੂੰਆਂ ਜਾਣ ਲੱਗਾ। ਧੂੰਏਂ ਨਾਲ ਸਾਹ ਘੁਟਣ ਲੱਗਾ। ਸਿੰਘਾਂ ਨੇ ਲੀੜੇ ਕੱਪੜੇ ਖੱਡ ਦੇ ਮੂੰਹ ਅੱਗੇ ਦਿੱਤੇ ਜੋ ਅੱਗ ਨੇ ਸਾੜ ਦਿੱਤੇ। ਸਿੰਘਾਂ ਦਾ ਅੰਦਰ ਦਮ ਘੁਟਣ ਲੱਗਾ। ਸਿੰਘਾਂ ਖੱਡ ਅੰਦਰੋਂ ਗਿੱਲੀ ਮਿੱਟੀ ਲੈ ਕੇ ਖੱਡ ਦਾ ਮੂੰਹ ਬੰਦ ਕਰ ਕੇ ਅੱਗ ਤੋਂ ਆਪਣਾ ਬਚਾਅ ਕੀਤਾ।

ਹੁਣ ਦਿਨ ਛਿਪ ਚੁੱਕਾ ਸੀ, ਗਰਮੀ ਦੇ ਦਿਨ ਸਨ। ਨੱਥੇ ਖਹਿਰੇ ਨੰਬਰਦਾਰ

ਨੇ ਫ਼ੌਜਦਾਰ ਨੂਰਦੀਨ ਨੂੰ ਬੜੀ ਹਲੀਮੀ ਨਾਲ ਆਖਿਆ, "ਖ਼ਾਨ ਸਾਹਿਬ, ਰਾਤ ਪੈ ਗਈ ਹੈ, ਆਪਾਂ ਹਵੇਲੀ ਚੱਲੀਏ। ਏਥੇ ਰਹਿਣਾ ਹੁਣ ਆਪਣੇ ਵਾਸਤੇ ਠੀਕ ਨਹੀਂ ਹੋਵੇਗਾ। ਜੰਗਲ ਹੈ, ਕਿਤੇ ਹੋਰ ਕਿਸੇ ਪਾਸਿਉਂ ਸਿੰਘ ਆ ਗਏ ਤਾਂ ਜੰਗਲ ਵਿਚ ਮੁਕਾਬਲਾ ਕਰਨਾ ਔਖਾ ਹੋ ਜਾਊ। ਪਿੰਡ ਵਾਸੀਆਂ ਦਾ ਪਹਿਰਾ ਲਾ ਦੇਂਦੇ ਹਾਂ। ਸਿੰਘ ਤਾਂ ਹੁਣ ਅੱਗ ਦੇ ਸੇਕ ਨਾਲ ਹੀ ਮਰ ਗਏ ਹੋਣਗੇ।"

ਫ਼ੌਜਦਾਰ ਨੂਰਦੀਨ, "ਅੱਛਾ ਚੌਧਰੀ, ਜਿਵੇਂ ਤੁਹਾਡੀ ਸਲਾਹ ਹੈ।"

ਨੱਥੇ ਨੰਬਰਦਾਰ ਨੇ ਫ਼ੌਜ ਦੀ ਰੋਟੀ-ਪਾਣੀ ਦਾ ਪ੍ਰਬੰਧ ਕੀਤਾ ਹੋਇਆ ਸੀ। ਨੱਥਾ ਨੰਬਰਦਾਰ ਫ਼ੌਜਦਾਰ ਨੂਰਦੀਨ ਨੂੰ ਫ਼ੌਜ ਸਮੇਤ ਆਪਣੀ ਹਵੇਲੀ ਲੈ ਆਇਆ। ਪਿੱਛੋਂ ਪਹਿਰੇ 'ਤੇ ਬੈਠੇ ਪਿੰਡ ਵਾਲਿਆਂ ਨੇ ਅੱਗ ਬੁਝਾ ਕੇ ਸਿੰਘਾਂ ਨੂੰ ਜਿਉਂਦੇ ਹੀ ਖੱਡ ਵਿਚੋਂ ਬਾਹਰ ਕੱਢ ਲਿਆ। ਸਿੰਘਾਂ ਦੇ ਹੌਸਲੇ ਬੁਲੰਦ ਸਨ। ਸਿੰਘ ਸਾਰਾ ਦਿਨ ਬਹਾਦਰੀ ਅਤੇ ਦਲੇਰੀ ਨਾਲ ਮੁਸੀਬਤ ਦਾ ਮੁਕਾਬਲਾ ਕਰਦੇ ਰਹੇ। ਸਿੰਘਾਂ ਨੇ ਖੱਡ ਵਿਚੋਂ ਨਿਕਲ ਕੇ ਪਿੰਡ ਵਾਲਿਆਂ ਦਾ ਧੰਨਵਾਦ ਕੀਤਾ। ਸਿੰਘ ਰਾਤ ਦੇ ਹਨੇਰੇ ਵਿਚ ਆਪਣੇ ਰਸਤੇ ਪੈ ਗਏ। ਪਿੰਡ ਮੀਰਾਂਕੋਟ ਦੇ ਵਾਸੀ ਖ਼ੁਸ਼ ਸਨ, ਜਿਨ੍ਹਾਂ ਦੀ ਰੱਬ ਨੇ ਸਾਰੇ ਦਿਨ ਦੀਆਂ ਲੱਖ ਸੁੱਖਣਾ ਸੁੱਖਣ 'ਤੇ ਸਿੰਘਾਂ ਦੇ ਬਚ ਕੇ ਨਿਕਲ ਜਾਣ ਦੀ ਮੁਰਾਦ ਪੂਰੀ ਕੀਤੀ। ਉਧਰ ਫ਼ੌਜਦਾਰ ਨੂਰਦੀਨ ਫ਼ੌਜ ਸਮੇਤ ਨੱਥੇ ਨੰਬਰਦਾਰ ਦੀ ਹਵੇਲੀ ਵਿਚ ਰੋਟੀ ਖਾ ਰਿਹਾ ਸੀ। ਸਾਥੀਆਂ ਨੂੰ ਇਸ ਤਰ੍ਹਾਂ ਕਹਿ ਰਿਹਾ ਸੀ, "ਕਿਉਂ ਭਈ ਰੁਸਤਮ ਖ਼ਾਂ, ਸਿੰਘ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਨੇ, ਆਪਣਾ ਸਾਰਾ ਜ਼ੋਰ ਲਾਉਣ 'ਤੇ ਵੀ ਖੱਡ ਵਿਚੋਂ ਬਾਹਰ ਨਹੀਂ ਨਿਕਲੇ।"

ਰੁਸਤਮ ਖ਼ਾਂ, "ਜਨਾਬ ਸਾਹਬ ਬਹਾਦਰ, ਮੈਂ ਤਾਂ ਸੋਚ ਰਿਹਾ ਸੀ ਕਿ ਸੂਰਜ ਡੁੱਬ ਗਿਆ ਹੈ। ਜੇ ਪੰਜ-ਸੱਤ ਸਿੰਘ ਹੀ ਜੰਗਲ ਵਿਚੋਂ ਨਿਕਲ ਕੇ ਆਪਣੇ ਦੋ ਸੌ ਜਵਾਨਾਂ ਉੱਤੇ ਹਮਲਾ ਕਰ ਦਿੰਦੇ ਤਾਂ ਆਪਣੇ ਤੋਂ ਉਹਨਾਂ ਦਾ ਮੁਕਾਬਲਾ ਨਹੀਂ ਸੀ ਹੋਣਾ। ਸਿੰਘਾਂ ਨੇ ਆਪਣਾ ਬਹੁਤ ਜ਼ਿਆਦਾ ਨੁਕਸਾਨ ਕਰ ਜਾਣਾ ਸੀ। ਹੋ ਸਕਦਾ ਸੀ ਖੱਡ ਵਿਚਲੇ ਸਿੰਘ ਆਪਣੀ ਫ਼ੌਜ ਉੱਤੇ ਬੰਦੂਕਾਂ ਦੀਆਂ ਗੋਲੀਆਂ ਚਲਾ ਕੇ ਹਮਲਾ ਕਰਦੇ। ਰਾਤ ਦੇ ਹਨੇਰੇ ਦਾ ਫ਼ਾਇਦਾ ਉਠਾ ਕੇ ਬਚ ਕੇ ਨਿਕਲ ਜਾਣ ਦਾ ਯਤਨ ਕਰਦੇ।"

ਸੁਲਤਾਨ ਖ਼ਾਂ, "ਜਨਾਬ, ਮੈਂ ਤਾਂ ਪਹਿਲਾਂ ਹੀ ਸੋਚ ਰਿਹਾ ਸੀ ਕਿ ਜਨਾਬ ਸਾਹਬ ਬਹਾਦਰ ਨੂੰ ਇਥੋਂ ਖਿਸਕਣ ਲਈ ਕਿਵੇਂ ਮਨਾਇਆ ਜਾਏ।"

ਥਾਣੇਦਾਰ ਜਮਾਲਦੀਨ, "ਜਿਥੇ ਚਾਹ, ਉਥੇ ਰਾਹ, ਚਲੋ ਸ਼ੁਕਰ ਕਰੀਏ ਨੰਬਰਦਾਰ ਨੱਥੇ ਚੌਧਰੀ ਦਾ, ਜਿਹੜਾ ਆਪਾਂ ਨੂੰ ਜੰਗਲ ਵਿਚ ਗਿਆਂ ਨੂੰ ਸਹੀ ਸਲਾਮਤ ਕੱਢ ਲਿਆਇਆ। ਹੁਣ ਤਾਂ ਭੁੱਖ ਵੀ ਸਤਾ ਰਹੀ ਸੀ।"

ਫ਼ੌਜਦਾਰ ਨੂਰਦੀਨ, "ਜਵਾਨੋ, ਦਿਨ ਤਾਂ ਸੁੱਖੀ-ਸਾਂਦੀ ਲੰਘ ਗਿਆ। ਹੁਣ

ਰਾਤ ਖ਼ਬਰਦਾਰ ਰਹਿਣਾ, ਨਾਲ ਜੰਗਲ ਲੱਗਦਾ ਹੈ। ਕਿਤੇ ਸਿੰਘਾਂ ਦੇ ਦਿਨ ਦੇ ਬਾਰਾਂ ਨਾ ਵੱਜ ਜਾਣ।"

ਉਹਨੀਂ ਦਿਨੀਂ (18ਵੀਂ ਸਦੀ ਵਿਚ) ਸਿੰਘਾਂ ਦੇ ਅੱਧੀ ਰਾਤ ਦੇ ਸ਼ਾਹੀ ਫ਼ੌਜਾਂ ਉੱਤੇ ਕੀਤੇ ਗੁਰੀਲੇ ਹਮਲੇ ਨੂੰ ਸਿੰਘਾਂ ਦੇ ਦਿਨ ਦੇ ਬਾਰਾਂ ਵੱਜ ਗਏ ਕਿਹਾ ਜਾਂਦਾ ਸੀ।

ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਬਹਾਦਰ ਦੀਆਂ ਐਨੀਆਂ ਮੁਸੀਬਤਾਂ ਦੇ ਬਾਵਜੂਦ ਸਿੰਘਾਂ ਨੇ ਹੱਕ-ਸੱਚ, ਸਿੱਖੀ-ਸ੍ਵੈਮਾਨ, ਬਾਣੀ-ਬਾਣੇ ਅਤੇ ਸਿੱਖ ਹਲੀਮੀ ਰਾਜ ਦੀ ਸਥਾਪਨਾ ਲਈ ਜ਼ਕਰੀਆ ਖ਼ਾਨ ਦੇ ਜ਼ੁਲਮਾਂ ਵਿਰੁੱਧ ਬਗ਼ਾਵਤ ਦਾ ਝੰਡਾ ਉੱਚਾ ਚੁੱਕੀ ਰੱਖਿਆ। ਸਿੰਘਾਂ ਨੇ ਬੜੇ-ਬੜੇ ਜ਼ੁਲਮ ਸਹਿ ਕੇ ਪਾਤਸ਼ਾਹੀ ਲੈਣ ਦਾ, ਸਿੱਖ ਹਲੀਮੀ ਰਾਜ ਸਥਾਪਤ ਕਰਨ ਦਾ ਸਿੱਖ ਸੰਘਰਸ਼ ਜਾਰੀ ਰੱਖਿਆ।

ਕਾਂਡ 6

ਜਦੋਂ ਕੋਈ ਵੀ ਜ਼ਾਲਮ ਜ਼ੁਲਮ ਕਰਨ ਦੇ ਸਾਰੇ ਹੱਦ-ਬੰਨੇ ਟੱਪ ਜਾਂਦਾ ਹੈ ਤਾਂ ਕੁਦਰਤ ਜ਼ਾਲਮ ਨੂੰ ਸਜ਼ਾ ਦੇਣ ਲਈ ਕੋਈ ਨਾ ਕੋਈ ਵਸੀਲਾ ਬਣਾ ਦੇਂਦੀ ਹੈ। ਜ਼ਕਰੀਆ ਖ਼ਾਨ ਨੇ ਸਿੱਖਾਂ ਉੱਤੇ ਅੱਤ ਦਾ ਜ਼ੁਲਮ ਕੀਤਾ। ਸਿੰਘਾਂ ਨੇ ਜ਼ਕਰੀਆ ਖ਼ਾਨ ਦੇ ਜ਼ੁਲਮਾਂ ਦਾ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ।

ਈਰਾਨ ਦਾ ਬਾਦਸ਼ਾਹ ਨਾਦਰ ਸ਼ਾਹ ਫ਼ੌਜਾਂ ਲੈ ਕੇ ਹਿੰਦੁਸਤਾਨ ਨੂੰ ਲੁੱਟਣ ਲਈ ਹਮਲਾਵਰ ਹੋ ਕੇ ਚੜ੍ਹਾਈ ਕਰ ਆਇਆ। ਨਾਦਰ ਸ਼ਾਹ ਹਿੰਦੁਸਤਾਨ ਉੱਤੇ ਹਮਲਾ ਮੁਗ਼ਲ ਰਾਜ ਨੂੰ ਕਮਜ਼ੋਰ ਕਰਨ ਅਤੇ ਸਿੰਘਾਂ ਦੀ ਤਾਕਤ ਵਧਾਉਣ ਲਈ ਕੁਦਰਤ/ਪਰਮਾਤਮਾ ਵੱਲੋਂ ਇਕ ਵਸੀਲਾ ਬਣਿਆ।

ਨਾਦਰ ਸ਼ਾਹ ਦੀ ਹਿੰਦੁਸਤਾਨ ਉੱਤੇ ਚੜ੍ਹਾਈ ਸੁਣ ਕੇ ਜ਼ਕਰੀਆ ਖ਼ਾਨ ਨੂੰ ਪਿੱਸੂ ਪੈ ਗਏ। ਜ਼ਕਰੀਆ ਖ਼ਾਨ ਜਾਣਦਾ ਸੀ ਕਿ ਸਭ ਤੋਂ ਪਹਿਲਾਂ ਨਾਦਰ ਸ਼ਾਹ ਦਾ ਸ਼ਿਕਾਰ ਮੈਨੂੰ ਹੀ ਬਣਨਾ ਪੈਣਾ ਹੈ। ਦਿੱਲੀ ਤੋਂ ਮਦਦ ਦੀ ਕੋਈ ਆਸ ਨਹੀਂ ਸੀ। ਦਿੱਲੀ ਦਾ ਬਾਦਸ਼ਾਹ ਮੁਹੰਮਦ ਸ਼ਾਹ ਲਕਬ ਰੰਗੀਲਾ, ਰੰਗ-ਰਲੀਆਂ ਮਨਾਉਣ ਵਾਲਾ ਕਮਜ਼ੋਰ ਦਿਲ ਹਾਕਮ ਸੀ। ਮੁਹੰਮਦ ਸ਼ਾਹ ਰੰਗੀਲੇ ਵਿਚ ਨਾਦਰ ਸ਼ਾਹ ਨਾਲ ਟੱਕਰ ਲੈਣ ਦੀ ਦਲੇਰੀ ਨਹੀਂ ਸੀ। ਉਸ ਦਾ ਤਾਂ ਮਰਹੱਟੇ ਹੀ ਨੱਕ ਵਿਚ ਦਮ ਕਰੀ ਫਿਰਦੇ ਸਨ।

ਨਾਦਰ ਸ਼ਾਹ ਈਰਾਨੀ ਦੀ 11 ਜਨਵਰੀ 1739 ਈਸਵੀ ਵਿਚ ਜ਼ਕਰੀਆ ਖ਼ਾਨ ਨਾਲ ਰਾਵੀ ਦਰਿਆ ਦੇ ਕੰਢੇ ਝੜਪ ਹੋਈ। ਨਾਦਰ ਸ਼ਾਹ ਦੀ ਹਿੰਦੁਸਤਾਨ ਉੱਤੇ ਚੜ੍ਹਾਈ ਦੀ ਖ਼ਬਰ ਸੁਣ ਕੇ ਜ਼ਕਰੀਆ ਖ਼ਾਨ ਨੇ ਗਸ਼ਤੀ ਫ਼ੌਜਾਂ ਲਾਹੌਰ ਇਕੱਠੀਆਂ ਕਰ ਕੇ ਨਾਦਰ ਸ਼ਾਹ ਦੇ ਮੁਕਾਬਲੇ ਦੀਆਂ ਤਿਆਰੀਆਂ ਕਰ ਲਈਆਂ ਸਨ।

ਜਦੋਂ ਗਸ਼ਤੀ ਫ਼ੌਜਾਂ ਲਾਹੌਰ ਨੂੰ ਚਲੀਆਂ ਗਈਆਂ ਤਾਂ ਸਿੰਘਾਂ ਨੇ ਮਾਝੇ ਨੂੰ ਮੁਹਾਰਾਂ ਮੋੜ ਲਈਆਂ। ਸਿੰਘਾਂ ਨੇ ਸੰਨ 1738-39 ਵਿਚ ਫਿਰ ਮਾਝੇ ਆਣ ਦਰਸ਼ਨ ਦਿੱਤੇ।

ਸਿੰਘਾਂ ਨੇ ਇਹਨਾਂ ਦਿਨਾਂ ਵਿਚ ਹੀ ਜਿਨ੍ਹਾਂ ਨੇ ਸਿੰਘਾਂ ਉੱਤੇ ਵਧੀਕੀਆਂ ਕੀਤੀਆਂ, ਜ਼ੁਲਮ ਕੀਤੇ ਸਨ, ਉਹਨਾਂ ਮੁਖ਼ਬਰਾਂ, ਚੁਗਲਾਂ, ਚੌਧਰੀਆਂ ਨੂੰ ਚੁਣ-ਚੁਣ

ਕੇ ਮਾਰਿਆ। ਪਿੰਡਾਂ ਦੇ ਪਿੰਡ ਲੁੱਟ-ਮਾਰ ਕੇ ਉਜਾੜ ਦਿੱਤੇ।

ਰਾਵੀ ਦਰਿਆ ਦੇ ਕੰਢੇ ਜ਼ਕਰੀਆ ਖ਼ਾਨ ਦੀ ਲਾਹੌਰੀ ਮੁਗ਼ਲ ਫ਼ੌਜ ਨਾਦਰ ਸ਼ਾਹ ਦੀ ਈਰਾਨੀ ਫ਼ੌਜ ਦਾ ਮੁਕਾਬਲਾ ਨਾ ਕਰ ਸਕੀ। ਜ਼ਕਰੀਆ ਖ਼ਾਨ ਦੀ ਲਾਹੌਰੀ ਮੁਗ਼ਲ ਫ਼ੌਜ ਹਾਰ ਗਈ।

ਨਾਦਰ ਸ਼ਾਹ ਈਰਾਨੀ ਤੋਂ ਹਾਰ ਮੰਨ ਕੇ ਜ਼ਕਰੀਆ ਖ਼ਾਨ ਬਹਾਦਰ ਨਾਦਰ ਸ਼ਾਹ ਨੂੰ ਲਾਹੌਰ ਦੇ ਸ਼ਾਹੀ ਕਿਲ੍ਹੇ ਅੰਦਰ ਬੜੇ ਅਦਬ-ਸਤਿਕਾਰ ਨਾਲ ਲੈ ਗਿਆ। ਮਹਿਮਾਨ ਨਿਵਾਜ਼ੀ ਕੀਤੀ ਅਤੇ ਹਾਰ ਮੰਨ ਕੇ ਨਾਦਰ ਸ਼ਾਹ ਦੀ ਅਧੀਨਗੀ, ਤਾਬੇਦਾਰੀ ਮੰਨ ਲਈ ਅਤੇ ਨਾਦਰ ਸ਼ਾਹ ਨੂੰ 20 ਲੱਖ ਰੁਪਏ ਨਜ਼ਰਾਨੇ ਵਜੋਂ ਦਿੱਤੇ। ਨਾਦਰ ਸ਼ਾਹ ਈਰਾਨੀ 26 ਜਨਵਰੀ ਸੰਨ 1739 ਨੂੰ ਲਾਹੌਰ ਤੋਂ ਦਿੱਲੀ ਨੂੰ ਤੁਰ ਗਿਆ। ਨਾਦਰ ਸ਼ਾਹ ਦੇ ਰਸਤੇ ਤੋਂ ਸਿੰਘ ਪਾਸੇ ਖਿਸਕ ਗਏ।

ਨਾਦਰ ਸ਼ਾਹ ਈਰਾਨੀ ਰਸਤੇ ਦੀਆਂ ਛੋਟੀਆਂ-ਮੋਟੀਆਂ ਝੜਪਾਂ, ਮੁੱਠਭੇੜਾਂ ਤੋਂ ਬਾਅਦ ਜੇਤੂ ਜਰਨੈਲ ਬਾਦਸ਼ਾਹ ਦੇ ਰੂਪ ਵਿਚ 9 ਮਾਰਚ 1739 ਈਸਵੀ ਨੂੰ ਦਿੱਲੀ ਅੰਦਰ ਦਾਖ਼ਲ ਹੋਇਆ। ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਨੇ ਮਜਬੂਰੀ ਵੱਸ ਅਮੀਰਾਂ-ਵਜ਼ੀਰਾਂ ਨੂੰ ਨਾਲ ਲੈ ਕੇ ਬੜੇ ਮਾਣ-ਸਤਿਕਾਰ ਨਾਲ ਨਾਦਰ ਸ਼ਾਹ ਈਰਾਨੀ ਬਾਦਸ਼ਾਹ ਨੂੰ ਜੀ ਆਇਆਂ ਆਖਿਆ। ਨਾਦਰ ਸ਼ਾਹ ਈਰਾਨੀ ਨੇ ਕੁਝ ਫ਼ੌਜੀ ਜਰਨੈਲ ਸਾਥੀਆਂ ਨਾਲ ਦਿੱਲੀ ਦੇ ਸ਼ਾਹੀ ਕਿਲ੍ਹੇ ਅੰਦਰ ਡੇਰਾ ਲਾ ਲਿਆ। ਨਾਦਰ ਸ਼ਾਹ ਦੀ ਫ਼ੌਜ ਨੇ ਦਿੱਲੀ ਦੇ ਵੱਖ-ਵੱਖ ਹਿੱਸਿਆਂ ਨੂੰ ਆਪਣੇ ਕੰਟਰੋਲ ਵਿਚ ਕਰ ਲਿਆ।

ਨਾਦਰ ਸ਼ਾਹ ਈਰਾਨੀ ਹਿੰਦੁਸਤਾਨ ਉੱਤੇ ਕਬਜ਼ਾ ਕਰਨ ਲਈ ਨਹੀਂ, ਲੁੱਟਣ ਵਾਸਤੇ ਆਇਆ ਸੀ। ਕਿਸੇ ਹਿੰਦੁਸਤਾਨੀ ਮਨਚਲੇ ਨੇ ਅਫ਼ਵਾਹ ਫੈਲਾ ਦਿੱਤੀ ਕਿ ਬਾਦਸ਼ਾਹ ਮੁਹੰਮਦ ਸ਼ਾਹ ਨੇ ਨਾਦਰ ਸ਼ਾਹ ਈਰਾਨੀ ਨੂੰ ਆਪਣੇ ਮਹਿਲਾਂ ਅੰਦਰ ਕਤਲ ਕਰ ਦਿੱਤਾ ਹੈ। ਲੋਕ ਇਹ ਗੱਲ (ਖ਼ਬਰ) ਸੁਣ ਕੇ ਨਾਦਰ ਸ਼ਾਹ ਦੀ ਈਰਾਨੀ ਫ਼ੌਜ ਨੂੰ ਨਾ-ਖਸਮੀ ਸਮਝ ਕੇ ਉਸ 'ਤੇ ਟੁੱਟ ਪਏ। ਲੋਕਾਂ ਨੇ ਦਿੱਲੀ ਦੇ ਬਾਜ਼ਾਰਾਂ ਵਿਚ ਈਰਾਨੀ ਫ਼ੌਜ ਦੇ ਸੈਂਕੜੇ ਸਿਪਾਹੀ ਮਾਰ ਦਿੱਤੇ।

ਜਦੋਂ ਬਾਹਰ ਦੇ ਹਾਲ, ਫ਼ੌਜੀਆਂ ਦੇ ਲੋਕਾਂ ਹੱਥੋਂ ਮਾਰੇ ਜਾਣ ਦਾ ਪਤਾ ਦਿੱਲੀ ਦੇ ਲਾਲ ਕਿਲ੍ਹੇ ਅੰਦਰ ਨਾਦਰ ਸ਼ਾਹ ਨੂੰ ਲੱਗਾ ਤਾਂ ਉਸ ਨੇ ਤਲਵਾਰ ਮਿਆਨ ਵਿਚੋਂ ਕੱਢ ਕੇ ਬਾਹਰ ਰੱਖ ਦਿੱਤੀ। ਨਾਦਰ ਸ਼ਾਹ ਦੀ ਤਲਵਾਰ ਜਦੋਂ ਤਕ ਬਾਹਰ ਰਹੀ, ਉਦੋਂ ਤਕ ਹਿੰਦੁਸਤਾਨੀਆਂ ਦੀ ਕਤਲੇਆਮ ਦਾ ਹੁਕਮ ਸੀ। ਨਾਦਰ ਸ਼ਾਹ ਦੀ ਫ਼ੌਜ ਨੇ ਦਿੱਲੀ ਦੇ ਬਾਜ਼ਾਰਾਂ ਵਿਚ ਹਿੰਦੁਸਤਾਨੀ ਪਰਜਾ ਦੇ ਖ਼ੂਨ ਦੀਆਂ ਨਦੀਆਂ ਵਗਾ ਦਿੱਤੀਆਂ। ਨਾਦਰ ਸ਼ਾਹ ਦੀ ਫ਼ੌਜ ਨੇ, ਜੋ ਵੀ ਹਿੰਦੁਸਤਾਨੀ ਨਿਰਦੋਸ਼ ਹਿੰਦੂ, ਮੁਸਲਮਾਨ, ਬੱਚਾ, ਔਰਤ, ਬਿਰਧ, ਜਵਾਨ ਸਭ ਮੌਤ ਦੇ ਘਾਟ ਉਤਾਰ ਦਿੱਤੇ।

ਗਿਆਨੀ ਗਿਆਨ ਸਿੰਘ ਜੀ *ਤਵਾਰੀਖ਼ ਗੁਰੂ ਖ਼ਾਲਸਾ* ਭਾਗ ਦੂਜਾ, ਪੰਨਾ

133 ਅਨੁਸਾਰ ਨਾਦਰ ਸ਼ਾਹ ਦੀ ਫ਼ੌਜ ਨੇ ਇਕ ਲੱਖ ਤੇਤੀ ਹਜ਼ਾਰ (1,33,000) ਬੇਦੋਸ਼ੇ ਲੋਕ ਦਿੱਲੀ ਵਿਚ ਮਾਰ ਦਿੱਤੇ। ਆਖ਼ਰ ਇਕ ਬਜ਼ੁਰਗ ਵਜ਼ੀਰ ਨੇ ਆਪਣੇ ਮੂੰਹ ਵਿਚ ਘਾਹ ਲੈ ਕੇ ਨਾਦਰ ਸ਼ਾਹ ਦੇ ਪੇਸ਼ ਹੋ ਕੇ ਮਾਫ਼ੀ ਮੰਗੀ ਤੇ ਆਮ ਪਰਜਾ ਦੀ ਕਤਲੇਆਮ ਬੰਦ ਹੋਈ।

ਨਾਦਰ ਸ਼ਾਹ ਦਿੱਲੀ ਵਿਚ 58 ਦਿਨ ਰਿਹਾ। ਉਸ ਨੇ ਲੁੱਟ ਨਾਲ ਖ਼ੂਬ ਹੱਥ ਰੰਗੇ, ਹਿੰਦੁਸਤਾਨ ਦੀ ਪੱਤ ਪੈਰਾਂ ਹੇਠ ਰੋਲੀ। ਨਾਦਰ ਸ਼ਾਹ ਨੇ 26 ਮਾਰਚ 1739 ਈਸਵੀ ਨੂੰ ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਦੀ ਲੜਕੀ ਨਾਲ ਆਪਣੇ ਪੁੱਤਰ ਮਿਰਜ਼ਾ ਨਸਰੁੱਲਾ ਖ਼ਾਨ ਦਾ ਵਿਆਹ ਕੀਤਾ। ਇਹ ਵਿਆਹ ਕਾਹਦਾ, ਇਕ ਧੱਕੇਸ਼ਾਹੀ, ਲੁੱਟ ਦਾ ਹਿੱਸਾ ਸੀ। ਨਾਦਰ ਸ਼ਾਹ ਈਰਾਨੀ ਨੇ ਇਸ ਤੋਂ ਇਲਾਵਾ ਹਿੰਦੁਸਤਾਨ ਦੀ ਦੌਲਤ, ਸੋਨਾ, ਚਾਂਦੀ, ਊਠ, ਘੋੜੇ, ਹਾਥੀ, ਚੰਗੇ ਕਾਰੀਗਰ, ਸ਼ਾਹਜਹਾਨ ਵੱਲੋਂ ਰੀਝਾਂ ਨਾਲ ਬਣਾਇਆ ਤਖ਼ਤ ਤਾਊਸ, ਕੋਹਿਨੂਰ ਹੀਰਾ, 32 ਕਰੋੜ ਰੁਪਿਆ ਅਤੇ ਹਿੰਦੁਸਤਾਨ ਦੀ ਇੱਜ਼ਤ ਤੇ ਦੌਲਤ 50 ਹਜ਼ਾਰ ਮੁੰਡੇ ਕੁੜੀਆਂ ਗ਼ੁਲਾਮ ਬਣਾ ਕੇ ਗੱਡਿਆਂ ਉੱਤੇ ਨੂੜ ਕੇ ਬੰਨ੍ਹ ਲਏ। ਬਲਦ ਗੱਡੇ ਵੀ ਹਿੰਦੁਸਤਾਨ ਦੇ ਹੀ ਖੋਹ ਕੇ ਜੋੜ ਲਏ। 50 ਹਜ਼ਾਰ ਮੁੰਡੇ ਕੁੜੀਆਂ ਦੀ ਹਾਲ-ਪੁਕਾਰ ਦੂਰ ਮੀਲਾਂ ਤਕ ਸੁਣਾਈ ਦੇਂਦੀ ਸੀ। ਇਸ ਵੇਲੇ ਹਿੰਦੁਸਤਾਨ ਦੀ ਅਣਖ-ਗ਼ੈਰਤ ਮਰ ਚੁੱਕੀ ਸੀ। ਘੱਟ-ਗਿਣਤੀ ਸਿੱਖਾਂ ਦਾ ਨਿਤ-ਦਿਹਾੜੇ ਕਤਲੇਆਮ ਕਰਨ ਵਾਲੇ ਨਾਦਰ ਸ਼ਾਹ ਈਰਾਨੀ ਨੂੰ ਧੀਆਂ ਦੇ ਡੋਲੇ ਦੇ ਕੇ ਜਾਨ ਬਖ਼ਸ਼ੀ ਕਰਾ ਰਹੇ ਸਨ। ਇਸ ਵੇਲੇ ਹਿੰਦੁਸਤਾਨ ਦੀ ਇੱਜ਼ਤ ਦੌਲਤ 50 ਹਜ਼ਾਰ ਮੁੰਡੇ-ਕੁੜੀਆਂ ਨੂੰ ਛੁਡਾਉਣ ਵਾਸਤੇ ਕੋਈ ਹਿੰਦੂ ਰਾਜਾ ਜਾਂ ਮੁਗ਼ਲ ਮੁਸਲਮਾਨ ਸੂਰਮਾ ਜਰਨੈਲ, ਹਿੰਦੂ ਸੂਰਮਾ ਜਾਂ ਮੁਸਲਮਾਨ ਅਣਖੀਲਾ ਸੂਰਮਾ ਨਾ ਉੱਠ ਸਕਿਆ।

ਨਾਦਰ ਸ਼ਾਹ ਈਰਾਨੀ ਦੇ ਇਹਨਾਂ ਜ਼ੁਲਮਾਂ ਦੀ, ਹਿੰਦੁਸਤਾਨ ਦੀ ਇੱਜ਼ਤ ਦੌਲਤ 50 ਹਜ਼ਾਰ ਮੁੰਡੇ-ਕੁੜੀਆਂ ਨੂੰ ਗ਼ੁਲਾਮ ਬਣਾ ਕੇ ਕੈਦ ਕਰ ਕੇ ਲਿਜਾਣ ਦੀਆਂ ਖ਼ਬਰਾਂ ਖ਼ਾਲਸਾ ਦਲਾਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਖ਼ਾਲਸਾ ਸਪੁੱਤਰਾਂ ਤਕ ਪੁੱਜੀਆਂ ਤਾਂ ਮੁਖੀ ਸਿੰਘ ਸਰਦਾਰਾਂ ਨਵਾਬ ਕਪੂਰ ਸਿੰਘ, ਸ. ਜੱਸਾ ਸਿੰਘ ਆਹਲੂਵਾਲੀਆ, ਸ. ਸ਼ਾਮ ਸਿੰਘ ਨਾਰਲਾ, ਸ. ਜੱਸਾ ਸਿੰਘ ਰਾਮਗੜ੍ਹੀਆ, ਸ. ਬੁੱਢਾ ਸਿੰਘ, ਸ. ਚੜ੍ਹਤ ਸਿੰਘ ਸੁਕਰਚੱਕੀਆ ਆਦਿ ਨੇ ਗੁਰਮਤਾ ਕੀਤਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ਾਲਸਾ ਜ਼ੁਲਮ ਵਿਰੁੱਧ ਲੜਨ ਤੇ ਮਜ਼ਲੂਮਾਂ ਦੀ ਰੱਖਿਆ ਕਰਨ ਲਈ ਸਾਜਿਆ ਹੈ। ਨਵਾਬ ਕਪੂਰ ਸਿੰਘ ਨੇ ਸਿੰਘਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਖ਼ਾਲਸਾ ਜੀਓ, ਵਿਦੇਸ਼ੀ ਲੁਟੇਰਾ ਨਾਦਰ ਸ਼ਾਹ ਹਿੰਦੁਸਤਾਨ ਦੀ ਲੁੱਟ-ਮਾਰ, ਕਤਲੇਆਮ ਕਰਨ ਅਤੇ 50 ਹਜ਼ਾਰ ਮੁੰਡੇ-ਕੁੜੀਆਂ ਨੂੰ ਕੈਦੀ ਬਣਾ ਕੇ ਲਿਜਾ ਰਿਹਾ ਹੈ। ਖ਼ਾਲਸਾ ਜੀ, ਨਾਦਰ ਸ਼ਾਹ ਨਾਲ ਗੁਰੀਲਾ ਛਾਪਾਮਾਰ ਟੱਕਰ ਲਈ ਜਾਵੇ ਤੇ ਦੱਸ ਦਿੱਤਾ ਜਾਵੇ ਕਿ ਤੇਰੇ ਨਾਲ ਦੋ ਹੱਥ ਕਰਨ ਵਾਲੇ ਅਜੇ ਪੰਜਾਬ

(ਹਿੰਦੁਸਤਾਨ) ਵਿਚ ਸਿੰਘ ਸੂਰਮੇ ਹਨ। ਜਿਸ ਨਾਦਰ ਸ਼ਾਹ ਨੂੰ ਲਾਹੌਰ ਦਾ ਸੂਬੇਦਾਰ ਤੇ ਦਿੱਲੀ ਦਾ ਬਾਦਸ਼ਾਹ ਨਜ਼ਰਾਨੇ ਦੇ ਕੇ ਘਰੋਂ ਧੀਆਂ ਦੇ ਡੋਲੇ ਦੇ ਰਹੇ ਸਨ, ਥਰ-ਥਰ ਕੰਬ ਰਹੇ ਸਨ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ, ਬਹਾਦਰ ਸਿੰਘ ਉਸੇ ਨਾਦਰ ਸ਼ਾਹ ਦੇ ਵਹੀਰ ਉੱਤੇ ਟੁੱਟ ਪਿਆ। ਨਾਦਰ ਸ਼ਾਹ ਕੋਲ ਇਕ ਲੱਖ ਫ਼ੌਜ ਸੀ। ਸਿੰਘ ਜੰਗਲ-ਬੇਲਿਆਂ ਦੇ ਭੇਤੀ ਸਨ। ਸੌ-ਸੌ ਦੋ-ਦੋ ਸੌ ਸਿੰਘਾਂ ਦਾ ਜਥਾ ਕਿਤੇ ਹਮਲਾ ਕਰ ਦੇਵੇ ਅਤੇ ਲੜਾਈ ਛੇੜ ਕੇ ਭੱਜ ਉੱਠੇ। ਨਾਦਰ ਸ਼ਾਹ ਦੀ ਫ਼ੌਜ ਉਸ ਦਾ ਪਿੱਛਾ ਕਰੇ, ਮਗਰ ਨੱਸੇ। ਸਿੰਘ ਦੂਜੇ ਪਾਸੇ ਤੋਂ ਹਮਲਾ ਕਰ ਦੇਣ ਅਤੇ ਬੰਦੀ ਬਣਾ ਕੇ ਗੱਡਿਆਂ ਉੱਤੇ ਨੂੜੇ ਮੁੰਡੇ ਕੁੜੀਆਂ ਨੂੰ ਖੋਲ੍ਹ ਕੇ ਜੰਗਲ ਵੱਲ ਭਜਾਈ ਜਾਣ।

ਨਾਦਰ ਸ਼ਾਹ ਦੀ ਫ਼ੌਜ ਨੂੰ ਸਿੰਘ ਸਰੇਸ਼ ਹੋ ਕੇ ਚਿੰਬੜ ਗਏ। ਨਾਦਰ ਸ਼ਾਹ ਦੇ ਵਹੀਰ ਉੱਤੇ ਹਮਲਿਆਂ ਦੀ ਅਗਵਾਈ ਨਵਾਬ ਕਪੂਰ ਸਿੰਘ, ਜਥੇਦਾਰ ਸ਼ਾਮ ਸਿੰਘ ਨਾਰਲਾ, ਸ. ਜੱਸਾ ਸਿੰਘ ਆਹਲੂਵਾਲੀਆ, ਸ. ਜੱਸਾ ਸਿੰਘ ਰਾਮਗੜ੍ਹੀਆ (ਈਚੋਗਿੱਲ), ਸ. ਚੜ੍ਹਤ ਸਿੰਘ ਸ਼ੁਕਰਚੱਕੀਆ ਕਰ ਰਹੇ ਸਨ।

ਸਿੰਘਾਂ ਨੇ ਐਸੇ ਦਲੇਰਾਨਾ ਹਮਲੇ ਕੀਤੇ ਕਿ ਨਾਦਰ ਸ਼ਾਹ ਦੀ ਫ਼ੌਜ ਦੇ ਆਹੂ ਲਾਹ ਦਿੱਤੇ। ਸਿੰਘਾਂ ਨੇ ਨਾਦਰ ਸ਼ਾਹ ਨੂੰ ਲੁੱਟਿਆ ਵੀ, ਮੁੰਡੇ-ਕੁੜੀਆਂ ਵੀ ਛੁਡਾ ਲਏ। ਨਾਦਰ ਸ਼ਾਹ ਨੂੰ ਕੱਖੋਂ ਹੌਲਾ ਕਰ ਦਿੱਤਾ। ਨਾਦਰ ਸ਼ਾਹ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਜਿਸ ਦੇ ਅੱਗੇ ਲਾਹੌਰ ਦਾ ਸੂਬੇਦਾਰ ਅਤੇ ਦਿੱਲੀ ਦਾ ਬਾਦਸ਼ਾਹ ਨਹੀਂ ਅੜ ਸਕੇ, ਜਿਸ ਨੇ 58 ਦਿਨ ਦਿੱਲੀ ਵਿਚ ਮਨਮਾਨੀਆਂ ਕੀਤੀਆਂ ਹੋਣ, ਜਿਸ ਨੇ ਦਿੱਲੀ ਦੇ ਬਾਦਸ਼ਾਹ ਦੀ ਧੀ ਦਾ ਡੋਲਾ ਆਪਣੇ ਪੁੱਤਰ ਲਈ ਧੱਕੇ ਨਾਲ ਲੈ ਲਿਆ ਹੋਵੇ, 50 ਹਜ਼ਾਰ ਮੁੰਡੇ-ਕੁੜੀਆਂ ਕੈਦੀ ਬਣਾ ਕੇ ਨਾਲ ਲਿਜਾ ਰਿਹਾ ਹੋਵੇ, ਦਿੱਲੀ ਦੇ ਬਜ਼ਾਰਾਂ ਵਿਚ ਇਕ ਲੱਖ ਤੇਰੀ ਹਜ਼ਾਰ ਲੋਕਾਂ ਦਾ ਕਤਲੇਆਮ ਕਰ ਕੇ, ਹਿੰਦੁਸਤਾਨ ਦੀ ਇੱਜ਼ਤ ਪੈਰਾਂ ਹੇਠ ਰੋਲੀ ਹੋਵੇ, ਉਸ ਨੂੰ ਚਿੱਤ ਕਰਨ ਵਾਲੇ, ਉਸ ਨਾਲ ਟੱਕਰ ਲੈਣ ਵਾਲੇ, ਉਸ ਨੂੰ ਲੁੱਟਣ ਵਾਲੇ, ਉਸ ਉੱਤੇ ਦਲੇਰਾਨਾ ਹਮਲੇ ਕਰਨ ਵਾਲੇ ਪੰਜਾਬ ਵਿਚ ਬਹਾਦਰ ਸੂਰਮੇ ਹੋ ਸਕਦੇ ਹਨ।

ਨਾਦਰ ਸ਼ਾਹ ਨੂੰ ਖ਼ਾਲਸੇ ਨੇ ਲੁੱਟਿਆ ਵੀ, ਫ਼ੌਜ ਦੀ ਕਤਲੇਆਮ ਵੀ ਕੀਤੀ, ਮੁੰਡੇ-ਕੁੜੀਆਂ ਛੁਡਾ ਕੇ ਉਸ ਦਾ ਲੁੱਟ ਦਾ ਮਾਲ ਹੌਲਾ ਕਰ ਦਿੱਤਾ। ਸਿੰਘਾਂ ਨੇ ਨਾਦਰ ਸ਼ਾਹ ਦਾ ਵਹੀਰ ਲੁੱਟ ਲਿਆ। ਨਾਦਰ ਸ਼ਾਹ ਈਰਾਨੀ ਦੀਆਂ ਅੱਖਾਂ ਖੁੱਲ੍ਹੀਆਂ, ਮੇਰਾ ਮੁਕਾਬਲਾ ਕਰਨ ਵਾਲੇ ਵੀ ਦੇਸ਼ ਪੰਜਾਬ ਵਿਚ ਹਨ। ਨਾਦਰ ਸ਼ਾਹ ਸਿੰਘਾਂ ਦੇ ਹੱਥੋਂ ਜ਼ਲੀਲ ਹੋ ਕੇ ਲਾਹੌਰ ਪੁੱਜਾ ਅਤੇ ਜ਼ਕਰੀਆ ਖ਼ਾਨ ਨੂੰ ਕਹਿਣ ਲੱਗਾ, "ਜ਼ਕਰੀਆ ਖ਼ਾਨ, ਤੂੰ ਮੈਨੂੰ ਦੱਸ ਕਿ ਇਹ ਕੌਣ ਹਨ, ਜਿਨ੍ਹਾਂ ਮੇਰਾ ਡਰ-ਖ਼ੌਫ਼ ਭੁਲਾ ਕੇ ਮੇਰੀ ਫ਼ੌਜ ਉੱਤੇ ਹਮਲਾ ਕੀਤਾ ਹੈ, ਫ਼ੌਜ ਨੂੰ ਲੁੱਟਿਆ, ਕਤਲ ਕੀਤਾ ਹੈ। ਮੈਂ ਇਹਨਾਂ ਦਾ ਬੀਜ ਨਾਸ ਕਰ ਦਿਆਂਗਾ। ਇਹਨਾਂ ਦਾ ਘਰ-ਘਾਟ ਤਬਾਹ

ਕਰ ਦੇਵਾਂਗਾ।"

ਜ਼ਕਰੀਆ ਖ਼ਾਨ ਬਹਾਦਰ ਨੇ ਕਿਹਾ, "ਜੇਤੂ ਬਾਦਸ਼ਾਹ ਸਲਾਮਤ, ਇਹ ਸਿੱਖ ਹਨ।"

ਨਾਦਰ ਸ਼ਾਹ, "ਤੂੰ ਮੈਨੂੰ ਇਹਨਾਂ ਬਾਰੇ ਪਹਿਲਾਂ ਕਿਉਂ ਨਾ ਦੱਸਿਆ ? ਮੈਂ ਇਹਨਾਂ ਦੀ ਰਿਆਸਤ, ਬਾਦਸ਼ਾਹੀ ਤਬਾਹ ਕਰ ਕੇ ਇਹਨਾਂ ਸਿੱਖਾਂ ਨੂੰ ਖ਼ਤਮ ਕਰ ਕੇ ਫਿਰ ਅੱਗੇ ਦਿੱਲੀ ਨੂੰ ਜਾਂਦਾ।"

ਜ਼ਕਰੀਆ ਖ਼ਾਨ ਬਹਾਦਰ ਠੰਡਾ ਹਉਕਾ ਭਰ ਕੇ ਬੋਲਿਆ, "ਬਾਦਸ਼ਾਹ ਸਲਾਮਤ, ਮੈਂ ਤੈਨੂੰ ਇਹਨਾਂ ਦੇ ਘਰ ਕਿਥੇ ਦੱਸਾਂ ? ਬਾਦਸ਼ਾਹੀ ਕਿਥੇ ਦੱਸਾਂ ? ਇਹਨਾਂ ਸਿੰਘਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਹਨ। ਬਾਦਸ਼ਾਹੀ ਸਾਰੀ ਦੁਨੀਆਂ ਉੱਤੇ ਹੈ। ਇਹਨਾਂ ਸਿੱਖਾਂ ਦੀ ਬਹਾਦਰੀ ਨੂੰ ਸਾਰੀ ਦੁਨੀਆਂ ਜਾਣਦੀ ਹੈ।"

ਨਾਦਰ ਸ਼ਾਹ, "ਇਹਨਾਂ ਲੜਾਕੇ ਸਿੱਖਾਂ ਨਾਲ ਤੁਹਾਡਾ ਵਾਹ ਕਦੋਂ ਦਾ ਪਿਆ ਹੈ ?"

ਜ਼ਕਰੀਆ ਖ਼ਾਨ, "ਬਾਦਸ਼ਾਹ ਸਲਾਮਤ, ਇਹਨਾਂ ਸਿੱਖਾਂ ਦਾ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਹੋਇਆ ਹੈ। ਪਹਿਲਾਂ-ਪਹਿਲ ਇਹ ਸਿੱਖ ਅਤੇ ਇਹਨਾਂ ਦੇ ਗੁਰੂ ਖ਼ੁਦਾ ਦੀ ਬੰਦਗੀ ਕਰਨ ਵਾਲੇ ਹੋਏ ਹਨ, ਅਮਨ-ਪਸੰਦ ਰਹੇ ਹਨ।"

ਨਾਦਰ ਸ਼ਾਹ, "ਖ਼ਾਨ ਬਹਾਦਰ, ਇਹ ਸਿੱਖ ਤਾ ਬੜੇ ਫ਼ਸਾਦੀ ਹਨ, ਲੜਾਕੇ ਹਨ।"

ਜ਼ਕਰੀਆ ਖ਼ਾਨ, "ਸਿੱਖਾਂ ਦਾ ਦਸਵਾਂ ਗੁਰੂ ਗੁਰੂ ਗੋਬਿੰਦ ਸਿੰਘ ਹੋਇਆ ਹੈ, ਜਿਸ ਦੀ ਬਹਾਦਰੀ ਨੂੰ ਸਾਰੀ ਦੁਨੀਆਂ ਮੰਨਦੀ ਹੈ। ਗੁਰੂ ਗੋਬਿੰਦ ਸਿੰਘ ਨੇ ਇਹਨਾਂ ਸਿੱਖਾਂ ਨੂੰ ਆਬੇ-ਹਯਾਤ (ਅੰਮ੍ਰਿਤ) ਛਕਾਇਆ ਹੈ। ਜਿਸ ਨੂੰ ਛਕ ਕੇ ਮਾੜੇ ਸ਼ਰੀਫ਼ ਵੀ ਬਹਾਦਰ ਦਲੇਰ ਲੜਾਕੇ ਬਣ ਜਾਂਦੇ ਹਨ। ਇਹਨਾਂ ਸਿੱਖਾਂ ਦੇ ਦਸਵੇਂ ਗੁਰੂ ਗੁਰੂ ਗੋਬਿੰਦ ਸਿੰਘ ਨੇ ਚਮਕੌਰ ਦੀ ਕੱਚੀ ਹਵੇਲੀ ਵਿਚ ਚਮਕੌਰ ਦੇ ਜੰਗ ਵਿਚ 40 ਸਿੰਘਾਂ ਨਾਲ ਬਾਦਸ਼ਾਹ ਔਰੰਗਜ਼ੇਬ ਦੀਆਂ 10 ਲੱਖ ਫ਼ੌਜਾਂ ਨਾਲ ਬੜੀ ਬਹਾਦਰੀ, ਮਰਦਾਨਗੀ ਨਾਲ ਮੁਕਾਬਲਾ ਕੀਤਾ ਸੀ। ਦਸ ਲੱਖ ਫ਼ੌਜਾਂ ਦੇ ਸ਼ਕਤੀਸ਼ਾਲੀ ਘੇਰੇ ਵਿਚੋਂ ਗੁਰੂ ਗੋਬਿੰਦ ਸਿੰਘ ਤਿੰਨ ਸਾਥੀ ਸਿੰਘਾਂ ਨਾਲ ਫ਼ੌਜ ਨੂੰ ਲਲਕਾਰ ਕੇ ਘੇਰਾ ਤੋੜ ਕੇ ਨਿਕਲ ਗਿਆ। ਗੁਰੂ ਗੋਬਿੰਦ ਸਿੰਘ ਨੇ ਆਪਣਾ ਸਾਰਾ ਪਰਿਵਾਰ ਮਰਵਾ ਕੇ (ਸਰਬੰਸ ਵਾਰ ਕੇ) ਵੀ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀ ਈਨ ਨਹੀਂ ਮੰਨੀ। ਇਹ ਸਿੰਘ ਗੁਰੂ ਗੋਬਿੰਦ ਸਿੰਘ ਦੇ ਦੱਸੇ ਰਾਹ ਉੱਤੇ ਹੀ ਚੱਲਦੇ ਹਨ।"

ਨਾਦਰ ਸ਼ਾਹ, "ਖ਼ਾਨ ਬਹਾਦਰ, ਇਹ ਆਬੇ-ਹਯਾਤ (ਅੰਮ੍ਰਿਤ) ਕੀ ਹੈ ?"

ਜ਼ਕਰੀਆ ਖ਼ਾਨ, "ਬਾਦਸ਼ਾਹ ਸਲਾਮਤ, ਗੁਰੂ ਗੋਬਿੰਦ ਸਿੰਘ ਨੇ ਇਹਨਾਂ ਨੂੰ ਆਬੇ-ਹਯਾਤ (ਅੰਮ੍ਰਿਤ) ਛਕਾਇਆ ਹੈ ਤੇ ਇਹਨਾਂ ਸਿੱਖਾਂ ਨੂੰ ਆਬੇ-ਹਯਾਤ

ਤਿਆਰ ਕਰਨ ਦੀ ਜੁਗਤੀ ਦੱਸ ਗਿਆ ਹੈ। ਇਹ ਪੰਜ ਸਿੱਖ ਆਬੇ-ਹਯਾਤ ਤਿਆਰ ਕਰਨ ਲਈ ਇਕੱਠੇ ਹੋ ਕੇ ਲੋਹੇ ਦੀ ਕੜਾਹੀ (ਬਾਟੇ) ਵਿਚ ਪਾਣੀ ਪਾ ਕੇ ਪਤਾਸੇ ਪਾ ਕੇ ਗੁਰੂ ਦਾ ਦੱਸਿਆ ਕਲਮਾ (ਗੁਰਬਾਣੀ) ਪੜ੍ਹਦੇ ਹਨ। ਕੜਾਹੀ ਵਿਚ ਪਾਣੀ ਪਤਾਸਿਆਂ ਵਿਚ ਕਰਦਾ (ਖੰਡਾ) ਫੇਰਦੇ ਹਨ, ਕਲਮਾ ਪੜ੍ਹਦੇ ਹਨ। ਆਬੇ-ਹਯਾਤ ਤਿਆਰ ਹੋ ਜਾਂਦਾ ਹੈ। ਇਕੋ ਬਾਟੇ ਵਿਚ ਹੀ ਹਰ ਇਕ ਨੂੰ ਪਿਆਈ ਜਾਂਦੇ ਹਨ, ਜਿਸ ਦਾ ਵੀ ਖ਼ੁਸ਼ੀ ਨਾਲ ਜੀਅ ਕਰੇ, ਆਬੇ-ਹਯਾਤ ਪਿਆ ਦੇਂਦੇ ਹਨ। ਇਹ ਸਿੱਖ, ਹਿੰਦੂ-ਮੁਸਲਮਾਨਾਂ ਦੋਹਾਂ ਤੋਂ ਨਿਰਲੇਪ ਹਨ। ਸਿੱਖਾਂ ਵਿਚ ਛੂਤ-ਛਾਤ, ਊਚ-ਨੀਚ ਨਹੀਂ, ਸਭ ਭਾਈ-ਭਾਈ ਬਣ ਕੇ ਰਹਿੰਦੇ ਹਨ। ਇਹ ਸਿੱਖ ਜੰਮ ਕੇ ਓਨੇ ਨਹੀਂ ਵਧਦੇ ਜਿੰਨੇ ਇਹਨਾਂ ਵਿਚ ਪਲੇ-ਪਲਾਏ ਆਣ ਰਲਦੇ ਹਨ। ਸਿੱਖ ਧੱਕੇ ਨਾਲ ਕਿਸੇ ਨੂੰ ਵੀ ਆਪਣੇ ਧਰਮ ਵਿਚ ਨਹੀਂ ਰਲਾਉਂਦੇ। ਜੋ ਵੀ ਰਲਦਾ ਹੈ, ਆਪਣੀ ਖ਼ੁਸ਼ੀ ਨਾਲ ਆਬੇ-ਹਯਾਤ ਪੀ ਕੇ ਰਲ ਜਾਂਦਾ ਹੈ। ਉਹੋ ਹੀ ਇਹਨਾਂ ਵਰਗਾ ਬਹਾਦਰ, ਫ਼ਸਾਦੀ ਅਤੇ ਲੜਾਕਾ ਬਣ ਜਾਂਦਾ ਹੈ।"

ਨਾਦਰ ਸ਼ਾਹ, "ਜ਼ਕਰੀਆ ਖ਼ਾਨ, ਤੁਸੀਂ ਇਹਨਾਂ ਸਿੱਖਾਂ ਉੱਤੇ ਕੋਈ ਪਾਬੰਦੀ ਨਹੀਂ ਲਾਈ, ਇਹਨਾਂ ਦੇ ਦੰਗੇ-ਫ਼ਸਾਦ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ?"

ਜ਼ਕਰੀਆ ਖ਼ਾਨ, "ਬਾਦਸ਼ਾਹ ਸਲਾਮਤ, ਇਹ ਸਿੱਖ ਦੰਗਾ ਫ਼ਸਾਦ ਕਰਨ ਲੱਗਿਆਂ ਗਿਣਤੀ ਦਾ ਹਿਸਾਬ ਨਹੀਂ ਲਾਉਂਦੇ, ਦਸ ਸਿੱਖ ਹੋਣ ਤਾਂ ਵੀਹ ਹਜ਼ਾਰ ਫ਼ੌਜ ਨਾਲ ਟੱਕਰ ਲੈ ਲੈਂਦੇ ਹਨ। ਜੰਗ ਵਿਚ ਹੋਈ ਮੌਤ ਨੂੰ ਸ਼ਹੀਦੀ ਵਿਆਹ ਕਹਿੰਦੇ ਹਨ। ਸ਼ਹੀਦੀ ਨੂੰ ਸਿੱਖ ਸਭ ਤੋਂ ਉੱਚਾ ਰੁਤਬਾ ਮੰਨਦੇ ਹਨ। ਅਸੀਂ ਇਹਨਾਂ ਸਿੱਖਾਂ ਨੂੰ ਮਾਰ-ਮਾਰ ਕੇ ਥੱਕ ਗਏ ਹਾਂ, ਸਿੱਖ ਵਧਦੇ ਹੀ ਜਾਂਦੇ ਹਨ। ਸਿੱਖ ਧਰਮ ਵਿਚ ਏਨੇ ਪੱਕੇ ਹਨ ਕਿ ਬੰਦ-ਬੰਦ ਕੱਟ ਦੇਈਏ, ਪੁੱਠੀ ਖੱਲ ਲੁਹਾ ਦੇਈਏ, ਚਰਖੜੀ 'ਤੇ ਚਾੜ੍ਹ ਦੇਈਏ, ਜੀਉਂਦੇ ਸਾੜ ਦੇਈਏ, ਆਰੇ ਨਾਲ ਚੀਰ ਦੇਈਏ, ਪਾਣੀ ਦੀ ਦੇਗ ਵਿਚ ਉਬਾਲ ਦੇਈਏ, ਸਿੱਖ ਧਰਮ ਨਹੀਂ ਛੱਡਦੇ। ਤਸੀਹੇ ਭਰੀ ਮੌਤ ਨੂੰ ਸ਼ਹੀਦੀ ਮੰਨਦੇ ਹਨ। ਦੰਗੇ-ਫ਼ਸਾਦ ਵਿਚ ਵੀ ਖ਼ੁਸ਼ ਰਹਿੰਦੇ ਹਨ। ਜੰਗਲ ਵਿਚ ਘਾਹ-ਫੂਸ, ਗੰਨਾ, ਗਾਜਰ, ਮੂਲੀ ਖਾ ਕੇ ਵੀ ਗੁਜ਼ਾਰਾ ਕਰ ਲੈਂਦੇ ਹਨ। ਜਿਤਨਾ ਜ਼ਿਆਦਾ ਮਰਦੇ ਹਨ, ਉਤਨੇ ਹੀ ਵਧਦੇ ਜਾਂਦੇ ਹਨ। ਸਿੱਖ ਸੌਂਦੇ ਵੀ ਘੋੜਿਆਂ ਦੀਆਂ ਕਾਠੀਆਂ ਉੱਤੇ ਹੀ ਹਨ। ਇਹਨਾਂ ਸਿੱਖਾਂ ਨੇ ਸਾਡੇ ਵੱਡੇ-ਵੱਡੇ ਅਫ਼ਸਰਾਂ, ਵਫ਼ਾਦਾਰਾਂ, ਚੌਧਰੀਆਂ ਨੂੰ ਮਾਰ ਦਿੱਤਾ ਹੈ। ਸਿੱਖ ਫ਼ੌਜ ਨੂੰ ਮਾਰ ਕੇ ਸ਼ਾਹੀ ਖ਼ਜ਼ਾਨੇ ਲੁੱਟ ਲੈਂਦੇ ਹਨ।"

ਨਾਦਰ ਸ਼ਾਹ, "ਜ਼ਕਰੀਆ ਖ਼ਾਨ, ਜੇ ਸਿੱਖ ਸੱਚਮੁੱਚ ਹੀ ਇਹੋ ਜਿਹੇ ਹਨ ਤਾਂ ਛੇਤੀ ਹੀ ਪੰਜਾਬ ਦੇਸ਼ ਦੇ ਮਾਲਕ ਬਣ ਕੇ ਰਾਜ ਕਰਨਗੇ। ਸਿੱਖਾਂ ਨੂੰ ਮਾਰਨਾ ਠੀਕ ਨਹੀਂ, ਇਹਨਾਂ ਨਾਲ ਬਣਾ ਕੇ ਰੱਖਣੀ ਚਾਹੀਦੀ ਹੈ।"

ਨਾਦਰ ਸ਼ਾਹ ਨੇ ਫ਼ੌਜ ਅਤੇ ਲੁੱਟ ਦੇ ਵਹੀਰ ਸਮੇਤ ਲਾਹੌਰ ਤੋਂ ਕਾਬਲ ਵੱਲ

ਨੂੰ ਕੂਚ/ਤੋਰਾ ਕਰ ਲਿਆ। ਜ਼ਕਰੀਆ ਖ਼ਾਨ ਨੇ 20 ਲੱਖ ਰੁਪਏ ਨਜ਼ਰਾਨਾ ਦਿੱਤਾ ਅਤੇ ਅਧੀਨਗੀ, ਤਾਬੇਦਾਰੀ ਰਹਿਣ ਲਈ 3 ਕਰੋੜ ਰੁਪਏ ਦੇ ਕੇ ਲਿਖਵਾਈ। ਜ਼ਕਰੀਆ ਖ਼ਾਨ ਨੇ ਸਿੰਘਾਂ ਨੂੰ ਖ਼ਤਮ ਕਰਨ ਲਈ ਜ਼ੁਲਮ ਦਾ ਕੁਹਾੜਾ ਫਿਰ ਤੇਜ਼ ਕਰ ਦਿੱਤਾ। ਸਿੰਘ ਵੀ ਨਾਦਰ ਸ਼ਾਹ ਦੇ ਹਮਲੇ ਦੌਰਾਨ ਹਥਿਆਰ, ਘੋੜੇ, ਰੁਪਏ, ਰਾਸ਼ਨ ਅਤੇ ਗਿਣਤੀ ਪੱਖੋਂ ਜਥੇਬੰਦ ਹੋ ਗਏ ਸਨ। ਨਾਦਰ ਸ਼ਾਹ ਦੇ ਹਮਲੇ ਦੌਰਾਨ ਸਿੰਘਾਂ ਦੀ ਤਾਕਤ ਵੀ ਵਧ ਗਈ ਸੀ।

ਜ਼ਕਰੀਆ ਖ਼ਾਨ ਨੇ ਦਿੱਲੀ ਤੋਂ ਹੋਰ ਫ਼ੌਜ ਮੰਗਵਾ ਕੇ ਸਿੱਖਾਂ ਨੂੰ ਖ਼ਤਮ ਕਰਨ ਲਈ ਗਸ਼ਤੀ ਟੋਲੇ ਪਿੰਡਾਂ ਵਿਚ ਤੋਰ ਦਿੱਤੇ। ਸਿੰਘਾਂ ਨੇ ਅੱਗੋ ਰਾਤ ਵੇਲੇ ਗੁਰੀਲਾ ਹਮਲਿਆਂ ਨਾਲ ਫ਼ੌਜ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਲੁਕਣ-ਮੀਟੀ ਦੀ ਖੇਡ ਕਈ ਮਹੀਨੇ ਚੱਲੀ। ਆਖ਼ਰ ਜ਼ਿਆਦਾ ਸਖ਼ਤੀ ਕਾਰਨ ਸਿੱਖ ਮਾਝੇ (ਪੰਜਾਬ) ਨੂੰ ਛੱਡ ਕੇ ਪ੍ਰਦੇਸਾਂ ਜੈਪੁਰ, ਜੋਧਪੁਰ, ਬੀਕਾਨੇਰ, ਮਾਲਵਾ ਦੇਸਾਂ ਵੱਲ ਨੂੰ ਨਿਕਲ ਗਏ ਪਰ ਫਿਰ ਵੀ ਵਿਰਲੇ-ਵਿਰਲੇ ਸਿੰਘ ਰਾਤ ਵੇਲੇ ਜੰਗਲ-ਬੇਲਿਆਂ ਵਿਚੋਂ ਨਿਕਲ ਕੇ ਵੇਲੇ-ਕੁਵੇਲੇ ਸ਼ਾਹੀ ਫ਼ੌਜਾਂ ਉੱਤੇ ਹਮਲਾ ਕਰ ਕੇ ਖ਼ਾਲਸੇ ਦੀ ਹੋਂਦ ਦਾ ਪ੍ਰਗਟਾਵਾ ਕਰ ਰਹੇ ਸਨ। ਜ਼ਕਰੀਆ ਖ਼ਾਨ ਦਾ ਜ਼ੁਲਮ ਸਾਰੇ ਹੱਦ-ਬੰਨੇ ਟੱਪ ਗਿਆ ਸੀ। ਸਿੰਘ ਪੰਜਾਬ ਵਿਚ ਨਜ਼ਰ ਨਹੀਂ ਸੀ ਆਉਂਦੇ ਪਰ ਫਿਰ ਵੀ ਸਿੰਘਾਂ ਦੀ ਤਲਵਾਰ ਜ਼ੁਲਮ ਵਿਰੁੱਧ ਲਿਸ਼ਕਾਰ ਮਾਰ ਹੀ ਜਾਂਦੀ ਸੀ।

ਕਾਂਡ 7

ਨਾਦਰ ਸ਼ਾਹ ਈਰਾਨੀ ਨੇ ਲਾਹੌਰ ਤੋਂ ਕਾਬਲ ਵਾਪਸੀ ਸਮੇਂ ਆਪਣੇ ਅਫ਼ਸਰਾਂ ਨੂੰ ਹਦਾਇਤਾਂ ਕੀਤੀਆਂ ਕਿ ਬਿਨਾਂ ਰਸਤੇ ਵਿਚ ਰੁਕਿਆਂ ਛੇਤੀ ਤੋਂ ਛੇਤੀ ਕਾਬਲ ਪਹੁੰਚਿਆ ਜਾਵੇ। ਨਾਦਰ ਸ਼ਾਹ ਦਾ ਵਹੀਰ 35-36 ਮੀਲ ਲੰਬਾ ਸੀ। ਸਿੰਘਾਂ ਨੇ ਦਿੱਲੀ ਤੋਂ ਲਾਹੌਰ ਪਹੁੰਚਣ ਤਕ ਨਾਦਰ ਸ਼ਾਹ ਦੀ ਖ਼ੂਬ ਸੋਧ-ਸੁਧਾਈ ਕੀਤੀ, ਸੈਂਕੜੇ ਫ਼ੌਜੀ ਜਵਾਨ ਮਾਰ ਦਿੱਤੇ, ਘੋੜੇ ਖੋਹੇ, ਮੁੰਡੇ-ਕੁੜੀਆਂ ਵੀ ਛੁਡਾਏ, ਖ਼ਜ਼ਾਨੇ ਦੇ ਗੱਡੇ ਵੀ ਲੁੱਟੇ ਸਨ। ਨਾਦਰ ਸ਼ਾਹ ਨੇ ਲਾਹੌਰ ਪੁੱਜ ਕੇ ਦਮ ਲਿਆ।

ਹੁਣ ਜਦੋਂ ਨਾਦਰ ਸ਼ਾਹ ਈਰਾਨੀ ਲਾਹੌਰ ਤੋਂ ਕਾਬਲ ਵੱਲ ਤੁਰਿਆ ਤਾਂ ਸਿੰਘਾਂ ਫੇਰ ਆਣ ਦਰਸ਼ਨ ਦਿੱਤੇ। ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਸਿੰਘਾਂ ਨੇ ਯੋਜਨਾ-ਬੱਧ ਢੰਗ ਨਾਲ ਨਾਦਰਸ਼ਾਹੀ ਵਹੀਰ ਉੱਤੇ ਫੇਰ ਗੁਰੀਲਾ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ। ਸਿੰਘਾਂ ਦਾ ਇਕ ਜੱਥਾ ਫ਼ੌਜ ਉੱਤੇ ਹਮਲਾ ਕਰ ਕੇ ਲੜਾਈ ਛੇੜ ਕੇ ਭੱਜ ਉੱਠਦਾ, ਦੂਜਾ ਪਿੱਛੋਂ ਹਮਲਾ ਕਰ ਦੇਂਦਾ। ਫ਼ੌਜ ਉਹਨਾਂ ਦਾ ਪਿੱਛਾ ਕਰਦੀ, ਸਿੰਘਾਂ ਦਾ ਤੀਜਾ ਜੱਥਾ ਖ਼ਜ਼ਾਨੇ ਦੇ ਗੱਡਿਆਂ ਉੱਤੇ ਹਮਲਾ ਕਰ ਕੇ ਖ਼ਜ਼ਾਨਾ ਲੁੱਟ ਲੈਂਦਾ। ਨਾਦਰ ਸ਼ਾਹ ਫ਼ੌਜ ਨੂੰ ਖ਼ਜ਼ਾਨੇ ਦੀ ਹਿਫ਼ਾਜ਼ਤ ਕਰਨ ਦਾ ਹੁਕਮ ਦਿੰਦਾ। ਫ਼ੌਜ ਖ਼ਜ਼ਾਨੇ ਦੇ ਗੱਡਿਆਂ ਦੀ ਹਿਫ਼ਾਜ਼ਤ ਕਰਦੀ ਤਾਂ ਸਿੰਘਾਂ ਦਾ ਜੱਥਾ ਉਹਨਾਂ ਗੱਡਿਆਂ ਉੱਤੇ ਹਮਲਾ ਕਰ ਦਿੰਦਾ, ਜਿਨ੍ਹਾਂ ਉੱਤੇ ਹਿੰਦੁਸਤਾਨੀ ਮੁੰਡੇ-ਕੁੜੀਆਂ ਨੂੜ ਕੇ ਬੰਨ੍ਹੇ ਹੁੰਦੇ। ਸਿੰਘਾਂ ਦਾ ਜੱਥਾ ਮੁੰਡੇ-ਕੁੜੀਆਂ ਦੀਆਂ ਹੱਥਾਂ ਨੂੰ ਬੰਨ੍ਹੀਆਂ ਹੋਈਆਂ ਰੱਸੀਆਂ ਨੂੰ ਵੱਢ ਕੇ ਆਜ਼ਾਦ ਕਰ ਕੇ ਭਜਾਈ ਜਾਂਦਾ।

ਨਾਦਰ ਸ਼ਾਹ ਨੂੰ ਹਿੰਦੁਸਤਾਨ ਦੀ ਦੌਲਤ-ਇੱਜ਼ਤ ਲੁੱਟਦਿਆਂ, ਗ਼ੁਲਾਮ ਬਣਾਉਂਦਿਆਂ ਭਾਵੇਂ ਕਿਸੇ ਮਹਾਂਬਲੀ ਹਿੰਦੂ ਰਾਜੇ ਜਾਂ ਮੁਸਲਮਾਨ ਬਾਦਸ਼ਾਹ ਸੂਰਮੇ ਬਹਾਦਰ ਨੇ ਨਹੀਂ ਸੀ ਰੋਕਿਆ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਵੀਰ ਸਪੁੱਤਰਾਂ ਖ਼ਾਲਸਾ ਸਿੰਘਾਂ ਨੇ 50 ਹਜ਼ਾਰ ਬੰਦੀ ਬਣਾਏ ਮੁੰਡੇ-ਕੁੜੀਆਂ ਵਿਚੋਂ 36 ਹਜ਼ਾਰ ਛੁਡਾ ਕੇ ਨਾਦਰ ਸ਼ਾਹ ਦੀ ਤਾਕਤ ਨੂੰ ਚਕਨਾਚੂਰ ਕਰ ਕੇ ਰੱਖ ਦਿੱਤਾ। ਨਾਦਰ ਸ਼ਾਹ ਨੂੰ ਸਿੰਘਾਂ ਤੋਂ ਖਹਿੜਾ ਛੁਡਾਉਣਾ ਔਖਾ ਹੋ ਗਿਆ। ਸਿੰਘਾਂ ਨੇ ਨਾਦਰ ਸ਼ਾਹ ਦਾ ਭਰਮ ਤੋੜ ਦਿੱਤਾ ਕਿ ਹਿੰਦੁਸਤਾਨ ਵਿਚ ਮੇਰੇ ਨਾਲ ਟੱਕਰ ਲੈਣ ਵਾਲਾ ਕੋਈ ਨਹੀਂ।

ਨਾਦਰ ਸ਼ਾਹ ਈਰਾਨੀ ਦੀ ਵਾਪਸੀ ਤੋਂ ਬਾਅਦ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੇ ਲਾਹੌਰ ਦੇ ਸ਼ਾਹੀ ਕਿਲ੍ਹੇ ਅੰਦਰ ਇਕ ਬੈਠਕ/ਮੀਟਿੰਗ ਬੁਲਾਈ, ਜਿਸ ਵਿਚ ਰਾਜ ਦੇ ਅਮੀਰਾਂ-ਵਜ਼ੀਰਾਂ ਨੂੰ ਬੁਲਾਇਆ ਗਿਆ। ਇਸ ਵਿਚ ਦੀਵਾਨ ਲਖਪਤ ਰਾਏ, ਫ਼ੌਜਦਾਰ ਜਸਪਤ ਰਾਏ, ਦੀਵਾਨ ਸੂਰਤ ਸਿੰਘ, ਫ਼ੌਜੀ ਅਫ਼ਸਰ ਮੋਮਨ ਖ਼ਾਨ, ਸ਼ਾਹੀ ਕਾਜ਼ੀ ਮੁਹੰਮਦ ਬਖ਼ਸ਼ ਅਤੇ ਕਈ ਹੋਰ ਆਹਲਾ ਅਫ਼ਸਰਾਂ ਨੇ ਭਾਗ ਲਿਆ। ਇਸ ਮੀਟਿੰਗ ਵਿਚ ਲਾਹੌਰ ਦੇ ਰਾਜ-ਪ੍ਰਬੰਧ ਬਾਰੇ ਵਿਚਾਰਾਂ ਹੋਈਆਂ।

ਸੂਬੇਦਾਰ ਜ਼ਕਰੀਆ ਖ਼ਾਨ ਨੇ ਤਜਵੀਜ਼ ਰੱਖੀ ਕਿ ਨਾਦਰ ਸ਼ਾਹ ਦੇ ਹਮਲੇ ਨਾਲ ਖ਼ਜ਼ਾਨਾ ਖ਼ਾਲੀ ਹੋਇਆ ਪਿਆ ਹੈ। ਵੀਹ ਲੱਖ ਰੁਪਏ ਨਜ਼ਰਾਨਾ ਦੇਣਾ ਪਿਆ, ਤਿੰਨ ਕਰੋੜ ਰੁਪਏ ਨਾਦਰ ਸ਼ਾਹ ਨੂੰ ਤਾਬੇਦਾਰੀ, ਅਧੀਨਗੀ ਲਿਖਵਾਉਣ ਲਈ ਦਿੱਤਾ ਗਿਆ ਹੈ। ਫ਼ੌਜ ਅਤੇ ਹੋਰ ਮਹਿਕਮੇ ਦੀ ਤਨਖ਼ਾਹ ਦੇਣੀ ਵੀ ਜ਼ਰੂਰੀ ਹੈ। ਖ਼ਜ਼ਾਨਾ ਖ਼ਾਲੀ ਪਿਆ ਹੈ, ਹੁਣ ਕੀ ਕੀਤਾ ਜਾਵੇ ?

ਦੀਵਾਨ ਲਖਪਤ ਰਾਏ ਨੇ ਤਜਵੀਜ ਰੱਖੀ ਕਿ ਸਿੰਘਾਂ ਨੇ ਨਾਦਰ ਸ਼ਾਹ ਨੂੰ ਲੁੱਟਿਆ ਹੈ, ਉਹਨਾਂ ਤੋਂ ਅੱਧ ਲੈ ਲਿਆ ਜਾਵੇ।

ਕਾਜ਼ੀ ਮੁਹੰਮਦ ਬਖ਼ਸ਼, "ਦੀਵਾਨ ਲਖਪਤ ਰਾਏ ਦੀ ਗੱਲ ਬਹੁਤ ਠੀਕ ਹੈ। ਜੇ ਸਿੰਘਾਂ 'ਤੇ ਰੋਹਬ ਨਾ ਰੱਖਿਆ ਤਾਂ ਇਹ ਹੋਰ ਜ਼ਿਆਦਾ ਭੂਤਰ ਜਾਣਗੇ।"

ਦੀਵਾਨ ਲਖਪਤ ਰਾਏ, "ਹਜ਼ੂਰ, ਸਰਕਾਰ, ਸਿੰਘਾਂ ਵੱਲ ਚਿੱਠੀ ਲਿਖੀਏ। ਸਾਨੂੰ ਨਾਦਰ ਸ਼ਾਹ ਦੀ ਲੁੱਟ ਵਿਚੋਂ ਅੱਧ ਦੇਵੋ, ਨਹੀਂ ਤਾਂ ਅਸੀਂ ਸਖ਼ਤੀ ਨਾਲ ਲੈ ਲਵਾਂਗੇ।"

ਜ਼ਕਰੀਆ ਖ਼ਾਨ, "ਹਾਂ, ਸਿੰਘਾਂ ਨੂੰ ਦਬਾਉਣਾ ਜ਼ਰੂਰੀ ਹੈ। ਜੇ ਸਿੱਖਾਂ ਨੂੰ ਨਾ ਦਬਾਇਆ ਗਿਆ ਤਾਂ ਇਹ ਛੇਤੀ ਹੀ ਲਾਹੌਰ 'ਤੇ ਕਬਜ਼ਾ ਕਰ ਲੈਣਗੇ।"

ਜ਼ਕਰੀਆ ਖ਼ਾਨ ਨੇ ਸਿੰਘਾਂ ਦੇ ਜੱਥੇ ਵੱਲ ਚਿੱਠੀ ਲਿਖ ਭੇਜੀ ਜਿਸ ਵਿਚ ਲਿਖਿਆ ਸੀ ਕਿ ਸਿੱਖੋ, ਤੁਸੀਂ ਨਾਦਰ ਸ਼ਾਹ ਨੂੰ ਲੁੱਟਿਆ ਹੈ। ਅੱਧ ਸਾਨੂੰ ਲਾਹੌਰ ਭੇਜ ਦਿਉ, ਨਹੀਂ ਤਾਂ ਹਕੂਮਤ ਸਖ਼ਤੀ ਨਾਲ ਲੈ ਲਵੇਗੀ। ਏਲਚੀ ਦੀਵਾਨ ਸੂਰਤ ਸਿੰਘ ਚਿੱਠੀ ਲੈ ਕੇ ਨਵਾਬ ਕਪੂਰ ਸਿੰਘ ਜੀ ਪਾਸ ਪੁੱਜਾ।

ਨਵਾਬ ਕਪੂਰ ਸਿੰਘ ਨੇ ਚਿੱਠੀ ਪੜ੍ਹੀ ਅਤੇ ਜਵਾਬੀ ਚਿੱਠੀ ਵਿਚ ਲਿਖ ਭੇਜਿਆ, "ਖ਼ਾਨੂੰ (ਜ਼ਕਰੀਆ ਖ਼ਾਨ) ਕੁਝ ਸ਼ਰਮ ਕਰ, ਸਿੰਘਾਂ ਕੋਲੋਂ ਅੱਧ ਮੰਗਣ ਲੱਗਿਆਂ। ਅਸੀਂ ਸਿੰਘਾਂ ਨੇ ਨਾਦਰ ਸ਼ਾਹ ਨੂੰ ਤਲਵਾਰ ਦੇ ਜ਼ੋਰ ਨਾਲ ਲੁੱਟਿਆ ਹੈ। ਖ਼ਾਨੂੰ ਕਮੀਨਿਆ, ਤੈਨੂੰ ਸ਼ਰਮ ਨਹੀਂ ਆਉਂਦੀ, ਜਿਸ ਨਾਦਰ ਸ਼ਾਹ ਦੇ ਪੈਰਾਂ ਵਿਚ ਡਿੱਗ ਕੇ ਤੁਸੀਂ ਤਰਲੇ ਕੱਢ ਰਹੇ ਸੀ, ਜਿਸ ਨੂੰ ਤੁਸੀਂ ਆਪਣੀਆਂ ਧੀਆਂ ਦੇ ਡੋਲੇ ਦੇ ਕੇ ਮਿੰਨਤਾਂ ਕਰ ਕੇ ਜਾਨ ਬਖ਼ਸ਼ਾਈ, ਜਦੋਂ ਨਾਦਰ ਸ਼ਾਹ 50 ਹਜ਼ਾਰ ਮੁੰਡੇ-ਕੁੜੀਆਂ ਹਿੰਦੁਸਤਾਨ ਦੀ ਇੱਜ਼ਤ-ਦੌਲਤ ਜਬਰੀ ਲੁੱਟ ਕੇ ਲਿਜਾ ਰਿਹਾ ਸੀ

ਤਾਂ ਉਦੋਂ ਤੁਹਾਡੀ ਸਖ਼ਤੀ ਕਿਹੜੀ ਗੂੜ੍ਹੀ ਨੀਂਦ ਸੌਂ ਗਈ ਸੀ ? ਸਿੰਘਾਂ ਨੇ ਲੁੱਟਣ ਆਏ ਨਾਦਰ ਸ਼ਾਹ ਤੋਂ ਖ਼ਜ਼ਾਨਾ ਤਲਵਾਰ ਦੇ ਜ਼ੋਰ ਨਾਲ ਲੁੱਟਿਆ ਹੈ। ਸਿੰਘਾਂ ਨੇ ਜੋ ਖ਼ਜ਼ਾਨਾ ਲੁੱਟਿਆ ਸੀ, ਉਹ ਧਨ ਪਰਜਾ ਵਿਚ ਵੰਡ ਦਿੱਤਾ ਹੈ। ਸਿੰਘ ਧਨ ਜਮ੍ਹਾਂ ਨਹੀਂ ਕਰਦੇ, ਸਿੰਘ ਸ਼ੇਰ ਬਹਿਆ ਭੋਜਨ ਨਹੀਂ ਖਾਂਦੇ। ਅਸੀਂ ਸਿੰਘ ਹਾਂ, ਨਿੱਤ ਸ਼ਿਕਾਰ ਮਾਰ ਕੇ ਖਾਣਾ ਜਾਣਦੇ ਹਾਂ।

"ਹਾਂ, ਅਸੀਂ ਜੋ ਧਨ ਨਾਦਰ ਸ਼ਾਹ ਤੋਂ ਲੁੱਟਿਆ ਸੀ, ਸਿੰਘਾਂ ਨੇ ਖੁੱਲ੍ਹੇ ਗੱਫੇ ਛਕ-ਛਕਾ ਕੇ ਫੋਗ (ਟੱਟੀ-ਪਿਸ਼ਾਬ) ਜੰਗਲ ਵਿਚ ਸੁੱਟ ਦਿੱਤਾ ਹੈ। ਖ਼ਾਨੂੰ, ਜੇ ਤੇਰਾ ਨਹੀਂ ਸਰਦਾ ਤਾਂ ਜੰਗਲ ਵਿਚੋਂ ਫੋਗ ਇਕੱਠਾ ਕਰ ਕੇ ਲੈ ਆ।

"ਜਿਹੜੀ ਸਖ਼ਤੀ ਦੀ ਗੱਲ ਹੈ, ਉਹ ਨਾ ਤਾਂ ਤੂੰ ਅੱਗੇ ਕੋਈ ਸਿੰਘਾਂ ਉੱਤੇ ਘੱਟ ਕੀਤੀ ਹੈ। ਤੂੰ ਜਿਹੜਾ ਹੋਰ ਜ਼ੋਰ ਲਾਉਣਾ ਸਖ਼ਤੀ ਵਾਲਾ, ਲਾ ਕੇ ਵੇਖ ਲੈ, ਜੇ ਸ਼ੇਰਾਂ ਦੀਆਂ ਜਾੜ੍ਹਾਂ ਵਿਚੋਂ ਮਾਸ ਮਿਲ ਸਕਦਾ ਹੈ ਤਾਂ ਕੱਢ ਲੈ। ਅਸੀਂ ਖ਼ਾਲਸਾ ਤੇਰਾ ਰਣ-ਤੱਤੇ ਵਿਚ ਸਵਾਗਤ ਕਰਨ ਲਈ ਤਿਆਰ ਹਾਂ। ਖ਼ਾਲਸਾ ਦਲ ਛੇਤੀ ਹੀ ਤੈਨੂੰ ਲਾਹੌਰ ਵਿਚ ਆ ਕੇ ਕਰਾਰੇ ਹੱਥੀਂ ਦਰਸ਼ਨ ਦੇਵੇਗਾ।

"ਅਸੀਂ ਸਿੰਘ ਹਾਂ, ਸਿੰਘ ਜਾਂ ਤਾਂ ਖ਼ੁਦਮੁਖ਼ਤਿਆਰ ਹੁੰਦਾ ਹੈ ਜਾਂ ਬਾਗ਼ੀ। ਅਸੀਂ ਤਲਵਾਰ/ਭਗਉਤੀ ਅਤੇ ਅਕਾਲ ਪੁਰਖ ਵਾਹਿਗੁਰੂ ਦੇ ਆਸਰੇ ਜਿਉਂਦੇ ਹਾਂ।"

ਸਿੰਘਾਂ ਦੀ ਚਿੱਠੀ ਦੀਵਾਨ ਸੂਰਤ ਸਿੰਘ ਨੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਅੱਗੇ ਰੱਖ ਦਿੱਤੀ। ਜ਼ਕਰੀਆ ਖ਼ਾਨ ਸਿੰਘਾਂ ਦੀਆਂ ਖਰੀਆਂ-ਖਰੀਆਂ ਪੜ੍ਹ ਕੇ ਗੁੱਸੇ ਨਾਲ ਅੱਗ-ਬਬੂਲਾ ਹੋ ਗਿਆ।

ਸੂਬੇਦਾਰ ਲਾਹੌਰ ਜ਼ਕਰੀਆ ਖ਼ਾਨ ਨੇ ਦਿੱਲੀ ਤੋਂ ਹੋਰ ਫ਼ੌਜ ਮੰਗਵਾ ਕੇ ਪਿੰਡਾਂ, ਜੰਗਲ-ਬੇਲਿਆਂ, ਖੇਤਾਂ ਵਿਚ ਸਿੰਘਾਂ ਦੀ ਭਾਲ ਸ਼ੁਰੂ ਕਰ ਦਿੱਤੀ। ਜ਼ਕਰੀਆ ਖ਼ਾਨ ਦੀ ਸਖ਼ਤੀ ਤੋਂ ਤੰਗ ਆ ਕੇ ਸਿੰਘ ਪੰਜਾਬ ਦਾ ਮਾਝੇ ਦਾ ਇਲਾਕਾ ਛੱਡ ਕੇ ਮਾਲਵਾ, ਜੈਪੁਰ, ਜੋਧਪੁਰ, ਜੈਸਲਮੇਰ, ਬੀਕਾਨੇਰ (ਰਾਜਸਥਾਨ) ਨੂੰ ਨਿਕਲ ਗਏ। ਪੰਜਾਬ/ਮਾਝੇ ਵਿਚ ਸਿੰਘ ਨਜ਼ਰ ਨਹੀਂ ਸੀ ਆਉਂਦੇ। ਨਾਸਤਕ ਮਨਚਲੇ ਲੋਕ ਆਮ ਗੱਲਾਂ ਕਰਦੇ ਸਨ। ਇਹ ਕਹਾਵਤ ਆਮ ਸੀ ਕਿ 'ਬੜਾ ਰੋਹਬ ਖ਼ਾਨ ਨੇ ਪਾਇਆ, ਸਿੰਘ ਨਜ਼ਰ ਨਾ ਆਉਂਦੇ ਨੇ'।

ਕਾਂਡ 8

ਸੂਬਾ ਲਾਹੌਰ ਦੇ ਗਵਰਨਰ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੇ ਜਿਵੇਂ-ਜਿਵੇਂ ਸਿੰਘਾਂ ਨੂੰ ਖ਼ਤਮ ਕਰਨ ਲਈ ਜ਼ੁਲਮ ਦਾ ਰਸਤਾ ਅਖ਼ਤਿਆਰ ਕਰ ਕੇ ਸਿੰਘਾਂ ਨੂੰ ਸ਼ਹੀਦ ਕਰਨਾ ਸ਼ੁਰੂ ਕਰ ਦਿੱਤਾ, ਤਿਵੇਂ-ਤਿਵੇਂ ਹੀ ਸਿੰਘ ਅਕਾਲ ਪੁਰਖ ਵਾਹਿਗੁਰੂ ਦੀ ਓਟ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਮਾਰਗ ਉੱਤੇ ਚੱਲਦੇ ਹੋਏ ਸ੍ਰੀ ਭਗਉਤੀ/ਤਲਵਾਰ ਨੂੰ ਸਿਮਰਦੇ ਹੋਏ ਹੱਸ-ਹੱਸ ਕੇ ਸ਼ਹੀਦੀਆਂ ਪਾਉਂਦੇ, ਵਾਹਿਗੁਰੂ ਜੀ ਕੀ ਫ਼ਤਹਿ ਗਜਾਉਂਦੇ ਹੋਏ ਵੈਰੀਆਂ ਨੂੰ ਲੋਹੇ ਦੇ ਚਣੇ ਚਬਾਉਣ ਲੱਗੇ।

ਜ਼ਕਰੀਆ ਖ਼ਾਨ ਦੇ ਲਾਹੌਰ ਦਾ ਸੂਬੇਦਾਰ ਬਣਨ 'ਤੇ ਸਿੰਘਾਂ ਉੱਤੇ ਜ਼ੁਲਮ ਦਾ ਗੇੜ ਵਧ ਗਿਆ। ਨੁਸ਼ਹਿਰੇ ਦੇ ਚੌਧਰੀ ਸਾਹਿਬ ਰਾਏ ਦਾ ਸਿੱਖਾਂ ਉੱਤੇ ਜ਼ੁਲਮ ਅਤੇ ਬਾਬਾ ਤਾਰਾ ਸਿੰਘ ਜੀ ਵਾਂ ਦੀ ਗਸ਼ਤੀ ਫ਼ੌਜ ਨਾਲ ਟੱਕਰ ਤੇ ਬੇਮਿਸਾਲ ਬਹਾਦਰੀ ਭਰੀ ਸ਼ਹਾਦਤ ਨੇ ਸਿੱਖਾਂ ਵਿਚ ਰੋਹ ਭਰ ਦਿੱਤਾ। ਸਿੰਘਾਂ ਨੇ ਮੁਰਤਜ਼ਾ ਖ਼ਾਂ ਕੰਧਾਰੀ ਸੌਦਾਗਰ ਨੂੰ ਸੋਧਣਾ, ਜੋ ਘੋੜੇ ਖ਼ਰੀਦ ਕੇ ਦਿੱਲੀ ਨੂੰ ਲਿਜਾ ਰਿਹਾ ਸੀ। ਮੁਰਤਜ਼ਾ ਖ਼ਾਂ ਸੌਦਾਗਰ ਦੇ ਘੋੜੇ ਸਿੰਘਾਂ ਨੇ ਜੰਡਿਆਲਾ ਗੁਰੂ ਲਾਗੇ ਖੋਹ ਲੈਣੇ। ਚਵਿੰਡੇ ਦੀ ਤਹਿਸੀਲ ਦਾ ਮਾਮਲਾ ਲਾਹੌਰ ਨੂੰ ਜਾਂਦਾ ਲੁੱਟ ਲੈਣਾ, ਫ਼ੌਜ ਨੂੰ ਮਾਰ-ਕੁੱਟ ਦੇ ਭਜਾ ਦੇਣਾ। ਇਸੇ ਸਾਲ ਜਾਫ਼ਰ ਖ਼ਾਂ 12 ਹਜ਼ਾਰੀ ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਦਾ ਸਾਲਾ ਆਪਣੇ ਪਰਿਵਾਰ-ਕਬੀਲੇ ਨਾਲ ਕਾਬਲ ਤੋਂ ਦਿੱਲੀ ਨੂੰ ਜਾ ਰਿਹਾ ਸੀ, ਗੋਇੰਦਵਾਲ ਬਿਆਸ ਦਰਿਆ ਦੇ ਪੱਤਣ ਉੱਤੇ ਸ. ਬਾਘ ਸਿੰਘ ਹੱਲੋਵਾਲੀਏ ਨੇ ਸੋਧਣਾ। ਉਦੋਂ ਸਿੰਘ ਸ਼ਾਹੀ ਘਰਾਣੇ, ਸ਼ਾਹੀ ਫ਼ੌਜ ਦੇ ਸਿਵਾਏ ਹੋਰ ਕਿਸੇ ਨੂੰ ਲੁੱਟਦੇ ਨਹੀਂ ਸਨ।

ਸੂਬੇਦਾਰ ਜ਼ਕਰੀਆ ਖ਼ਾਨ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਭਾਈ ਮਨੀ ਸਿੰਘ ਜੀ ਨੂੰ ਕੁਝ ਸਾਥੀਆਂ ਸਮੇਤ ਬੰਦ-ਬੰਦ ਕੱਟ ਕੇ ਬੇਹਰਿਮੀ ਨਾਲ ਸ਼ਹੀਦ ਕਰਵਾ ਦਿੱਤਾ। ਸ੍ਰੀ ਹਰਿਮੰਦਰ ਸਾਹਿਬ ਦੁਆਲੇ ਫ਼ੌਜੀ ਪਹਿਰੇ ਬਿਠਾ ਦਿੱਤੇ। ਜ਼ਕਰੀਆ ਖ਼ਾਨ ਦੇ ਹੁਕਮ ਨਾਲ ਜੋ ਸਿੰਘ ਅੰਮ੍ਰਿਤਸਰ ਦਰਸ਼ਨ-ਇਸ਼ਨਾਨ ਕਰਨ ਲਈ ਆਉਂਦਾ, ਉਸ ਨੂੰ ਸ਼ਹੀਦ ਕਰ ਦਿੱਤਾ ਜਾਂਦਾ। ਗਸ਼ਤੀ ਫ਼ੌਜ ਦੇ ਟੋਲੇ ਸਿੰਘਾਂ ਨੂੰ ਪਿੰਡਾਂ ਵਿਚੋਂ ਚੁਣ-ਚੁਣ ਕੇ ਸ਼ਹੀਦ ਕਰਨ ਲੱਗੇ। ਸਿੰਘ ਪਿੰਡਾਂ

ਨੂੰ ਛੱਡ ਕੇ ਜੰਗਲ-ਬੇਲਿਆਂ ਵਿਚ ਜਾ ਵੜੇ ਤੇ ਰਾਤ-ਬਰਾਤੇ ਸ੍ਰੀ ਅੰਮ੍ਰਿਤਸਰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰ ਜਾਂਦੇ ਅਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਦੂਰੋਂ ਹੀ ਨਮਸਕਾਰ ਕਰ ਜਾਂਦੇ। ਸਿੰਘਾਂ ਦੀਆਂ ਕਈ ਵਾਰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤ ਸਰੋਵਰ ਦੇ ਦੁਆਲੇ ਬੈਠੇ ਫ਼ੌਜੀਆਂ ਨਾਲ ਝੜਪਾਂ ਵੀ ਹੁੰਦੀਆਂ। ਜਦੋਂ ਸਿੰਘਾਂ ਉੱਤੇ ਜ਼ੁਲਮ ਜ਼ਿਆਦਾ ਹੀ ਵਧ ਗਿਆ ਤਾਂ ਸਿੰਘ ਰਾਜਪੂਤਾਂ ਦੇ ਦੇਸ਼ ਜੈਸਲਮੇਰ, ਜੈਪੁਰ, ਜੋਧਪੁਰ, ਬੀਕਾਨੇਰ ਨੂੰ ਨਿਕਲ ਗਏ। ਕੁਝ ਸਿੰਘਾਂ ਨੇ ਜੰਗਲ-ਬੇਲਿਆਂ ਵਿਚੋਂ ਰਾਤ ਵੇਲੇ ਨਿਕਲ ਕੇ ਸ਼ਾਹੀ ਫ਼ੌਜਾਂ ਉੱਤੇ ਗੁਰੀਲਾ ਹਮਲੇ ਜਾਰੀ ਰੱਖੇ। ਜ਼ਕਰੀਆ ਖ਼ਾਨ ਸਿੰਘਾਂ ਨੂੰ ਮਾਰ-ਮਾਰ ਕੇ ਹੰਭ ਗਿਆ, ਪਰ ਹਠ ਤੋਂ ਬਾਜ਼ ਨਾ ਆਇਆ। ਉਸ ਨੇ ਸਿੰਘਾਂ ਨੂੰ ਖ਼ਤਮ ਕਰਨ ਦੀ ਪੱਕੀ ਨੀਤੀ ਧਾਰੀ ਹੋਈ ਸੀ।

ਜ਼ਕਰੀਆ ਖ਼ਾਨ ਨੇ ਸਿੰਘਾਂ ਨੂੰ ਖ਼ਤਮ ਕਰਨ ਲਈ ਲਾਹੌਰ ਦੇ ਸ਼ਾਹੀ ਕਿਲ੍ਹੇ ਅੰਦਰ ਇਕ ਮੀਟਿੰਗ/ਬੈਠਕ ਬੁਲਾਈ, ਜਿਸ ਵਿਚ ਇਲਾਕਾ ਲਾਹੌਰ ਦੇ ਸਿੰਘਾਂ ਦੇ ਪੱਕੇ ਵੈਰੀ ਚੁਗ਼ਲ, ਮੁਖ਼ਬਰ, ਚੌਧਰੀ, ਜਾਗੀਰਦਾਰ, ਕਾਜ਼ੀ, ਮੁਲਾਣੇ ਅਤੇ ਦਿੱਲੀ ਅਤੇ ਲਾਹੌਰ ਦੇ ਬੜੇ-ਬੜੇ ਆਹਲਾ ਅਫ਼ਸਰ ਇਕੱਠੇ ਹੋਏ।

ਜ਼ਕਰੀਆ ਖ਼ਾਨ ਨੇ ਪੁੱਛਿਆ ਕਿ ਦੱਸੋ, ਸਿੱਖਾਂ ਨੂੰ ਕਿਸ ਤਰ੍ਹਾਂ ਖ਼ਤਮ ਕੀਤਾ ਜਾ ਸਕਦਾ ਹੈ। ਦੱਸੋ ਇਹ ਕੌਣ ਹਨ, ਜਿਹੜੇ ਸਾਡੇ ਸ਼ਾਹੀ ਖ਼ਜ਼ਾਨੇ ਲੁੱਟਦੇ ਹਨ। ਸਾਡੀਆਂ ਫ਼ੌਜਾਂ ਉੱਤੇ ਹਮਲੇ ਕਰਦੇ ਹਨ। ਸਾਡੇ ਵੱਡੇ-ਵੱਡੇ ਅਫ਼ਸਰਾਂ, ਸਮੱਦ ਖ਼ਾਂ, ਮੁਖ਼ਲਸ ਖ਼ਾਨ, ਮੌਲਵੀ ਅਬਦੁੱਲ ਰਹਿਮਾਨ, ਸ਼ਾਹੀ ਮੌਲਵੀ ਅਬਦੁੱਲ ਰੱਜ਼ਾਕ ਅਤੇ ਹਰ ਵੱਡੇ-ਵੱਡੇ ਅਫ਼ਸਰਾਂ ਨੂੰ ਮਾਰ ਦਿੱਤਾ ਹੈ। ਇਹ ਸਿੰਘ ਦੰਗਾ-ਫ਼ਸਾਦ, ਮੌਤ ਵਿਚ ਵੀ ਖ਼ੁਸ਼ ਰਹਿੰਦੇ ਹਨ। ਇਹਨਾਂ ਸਿੰਘਾਂ ਨੂੰ ਜਿੰਨਾ ਜ਼ਿਆਦਾ ਮਾਰਿਆ, ਉਤਨਾ ਹੀ ਮੁੱਕਣ ਵਿਚ ਨਹੀਂ ਆਉਂਦੇ। ਜਿੰਨਾ ਚਿਰ ਸਰਕਾਰ ਸਿੱਖਾਂ ਨੂੰ ਖ਼ਤਮ ਨਹੀਂ ਕਰ ਦੇਂਦੀ, ਓਨਾ ਚਿਰ ਸਰਕਾਰ ਅਮਨ-ਚੈਨ ਨਾਲ ਨਹੀਂ ਬੈਠ ਸਕਦੀ।

ਲਾਹੌਰ ਦੇ ਸ਼ਾਹੀ ਕਿਲ੍ਹੇ ਦੀ ਬੈਠਕ/ਮੀਟਿੰਗ ਵਿਚ ਸਿੰਘਾਂ ਨੂੰ ਖ਼ਤਮ ਕਰਨ ਸੰਬੰਧੀ ਵਿਚਾਰਾਂ ਹੋ ਰਹੀਆਂ ਸਨ। ਇਸ ਮੀਟਿੰਗ ਵਿਚ ਮੁੱਖ ਮੁੱਦਾ ਸਿੱਖਾਂ ਨੂੰ ਜੜ੍ਹੋਂ ਖ਼ਤਮ ਕਰਨ ਦਾ ਉਠਾਇਆ ਜਾ ਰਿਹਾ ਸੀ। ਜ਼ਕਰੀਆ ਖ਼ਾਨ ਦੇ ਸਿਰ ਉੱਤੇ ਸਿੱਖਾਂ ਨੂੰ ਖ਼ਤਮ ਕਰਨ ਦਾ ਭੂਤ ਸਵਾਰ ਹੋਇਆ ਹੋਇਆ ਸੀ।

ਮੀਟਿੰਗ ਵਿਚੋਂ ਇਕ ਕਾਜ਼ੀ ਉੱਠ ਕੇ ਕਹਿਣ ਲੱਗਾ, "ਹਜ਼ੂਰ ਸਰਕਾਰ, ਸਾਨੂੰ ਇੰਝ ਲੱਗਦਾ ਹੈ ਕਿ ਇਹਨਾਂ ਸਿੱਖਾਂ ਦੇ ਗੁਰੂ ਨੇ ਅੰਮ੍ਰਿਤਸਰ ਦੇ ਸਰੋਵਰ ਵਿਚ ਆਬੇ-ਹਯਾਤ (ਅੰਮ੍ਰਿਤ) ਪਾਇਆ ਹੋਇਆ ਹੈ। ਇਹ ਕਾਫ਼ਰ/ਸਿੱਖ ਜਿਸ ਵਿਚ ਨਹਾ ਕੇ, ਪੀ ਕੇ ਦੰਗਾ-ਫ਼ਸਾਦ ਕਰਨ ਲਈ ਤਿਆਰ ਹੋ ਜਾਂਦੇ ਹਨ ਅਤੇ ਵਿਸਾਖੀ ਦੀਵਾਲੀ ਨੂੰ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਇਕੱਠੇ ਹੋ ਕੇ ਹਜ਼ੂਰ ਸਰਕਾਰ ਨਾਲ ਲੜਾਈ, ਦੰਗਾ-ਫ਼ਸਾਦ ਦੀ ਸਲਾਹ ਕਰਦੇ ਹਨ।

ਸਹੁੰਆਂ ਖਾਂਦੇ ਹਨ। ਅੰਮ੍ਰਿਤ ਸਰੋਵਰ ਵਿਚ ਨਹਾ ਕੇ ਸਿੱਖ ਨਿਰਭੈ ਹੋ ਜਾਂਦੇ ਹਨ। ਮੌਤ ਕੋਲੋਂ ਇਹਨਾਂ ਸਿੱਖਾਂ ਨੂੰ ਡਰ ਨਹੀਂ ਲੱਗਦਾ। ਜੇ ਇਹਨਾਂ ਦੇ ਅੰਮ੍ਰਿਤਸਰ ਦੇ ਅੰਮ੍ਰਿਤ ਸਰੋਵਰ ਨੂੰ ਪੂਰ ਦਿੱਤਾ ਜਾਵੇ ਅਤੇ ਸਿੱਖਾਂ ਦੇ ਹਰਿਮੰਦਰ ਸਾਹਿਬ ਦੀ ਬੇਅਦਬੀ ਕੀਤੀ ਜਾਵੇ, ਹਰਿਮੰਦਰ ਸਾਹਿਬ ਦੀ ਪਵਿੱਤਰਤਾ ਭੰਗ ਕੀਤੀ ਜਾਵੇ ਤਾਂ ਇਹ ਸਿੱਖ ਛੇਤੀ ਹੀ ਖ਼ਤਮ ਹੋ ਜਾਣਗੇ।"

ਸਾਰੀ ਸਭਾ (ਮੀਟਿੰਗ) ਨੇ 'ਬੇਸ਼ੱਕ-ਬੇਸ਼ੱਕ' ਕਰ ਕੇ ਕਾਜ਼ੀ ਦੀ ਤਜਵੀਜ਼ ਨੂੰ ਦਰੁੱਸਤ ਦੱਸਿਆ ਪਰ ਇਹ ਕੰਮ ਕਰੇ ਕੌਣ ? ਜਿਸ ਦੇ ਸਿਰ ਉੱਤੇ ਮੌਤ ਕੂਕਦੀ ਹੋਵੇ।

ਜ਼ਕਰੀਆ ਖ਼ਾਨ ਕਹਿਣ ਲੱਗਾ, "ਉਠੇ ਕੋਈ ਜਵਾਨ, ਜਿਹੜਾ ਸਿੰਘਾਂ ਦੇ ਹਰਿਮੰਦਰ ਸਾਹਿਬ ਦੀ ਬੇਅਦਬੀ ਕਰੇ, ਸਿੱਖਾਂ ਦੇ ਅੰਮ੍ਰਿਤ ਸਰੋਵਰ ਨੂੰ ਪੂਰ ਦੇਵੇ। ਸਰਕਾਰ ਉਸ ਦੀ ਹਰ ਤਰ੍ਹਾਂ ਮਦਦ ਕਰੇਗੀ।"

ਭਰੀ ਸਭਾ ਵਿਚ ਪਿੰਡ ਮੰਡਿਆਲਾ (ਅੰਮ੍ਰਿਤਸਰ ਦੇ ਨੇੜੇ) ਦਾ ਜਵਾਨ ਚੌਧਰੀ ਮਸਲ-ਉੱਲਾ-ਦੀਨ (ਚੌਧਰੀ ਮੱਸਾ ਰੰਘੜ) ਉਠਿਆ ਅਤੇ ਕਹਿਣ ਲੱਗਾ, "ਇਹ ਕੰਮ ਮੈਂ ਕਰਾਂਗਾ।"

ਇਸ ਕੰਮ ਲਈ ਮੱਸੇ ਰੰਘੜ ਨੇ ਪਾਨਾਂ ਦੀ ਬੀੜਾ ਚੱਬਿਆ ਅਤੇ ਪੱਟੀ ਅਤੇ ਕਸੂਰ ਤਹਿਸੀਲਾਂ ਦਾ ਮਾਮਲਾ ਆਪਣੇ ਨਾਂ ਲਿਖਵਾ ਲਿਆ। ਜ਼ਕਰੀਆ ਖ਼ਾਨ ਸੂਬੇਦਾਰ ਲਾਹੌਰ ਤੋਂ ਇਕ ਲੱਖ ਫ਼ੌਜ ਲੈ ਕੇ ਅੰਮ੍ਰਿਤਸਰ ਸ਼ਹਿਰ ਨੂੰ ਆਣ ਘੇਰਿਆ ਤੇ ਫ਼ੌਜੀ ਟੋਲੇ ਸਿੰਘਾਂ ਦੀ ਭਾਲ ਵਿਚ ਪਿੰਡਾਂ ਨੂੰ ਤੋਰ ਦਿੱਤੇ।

ਮੱਸਾ ਰੰਘੜ ਆਪ ਸਰੋਵਰ ਪੂਰਨ ਦੀ ਤਿਆਰੀ ਕਰਨ ਲੱਗਾ। ਸਰੋਵਰ ਦੀਆਂ ਪ੍ਰਕਰਮਾਂ ਵਿਚ ਘੋੜੇ ਬੰਨ੍ਹ ਦਿੱਤੇ। ਮੱਸਾ ਰੰਘੜ ਆਪ ਸ੍ਰੀ ਹਰਿਮੰਦਰ ਸਾਹਿਬ ਅੰਦਰ, ਜਿਥੇ ਗੁਰਬਾਣੀ ਦੇ ਅੰਮ੍ਰਿਤ ਕੀਰਤਨ ਦੀ ਵਰਖਾ ਹੁੰਦੀ ਹੈ, ਜਿਥੇ ਸਰਬੱਤ ਦਾ ਭਲਾ ਮੰਗਿਆ ਜਾਂਦਾ ਹੈ, ਜਿਥੋਂ ਸਾਂਝੀਵਾਲਤਾ ਦਾ ਸੰਦੇਸ਼ ਮਿਲਦਾ ਹੈ, ਜਿਸ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਚੌਹਾਂ ਵਰਨਾਂ ਲਈ ਸਦਾ ਲਈ ਖੁੱਲ੍ਹੇ ਹਨ, ਜਿਸ ਹਰਿਮੰਦਰ ਸਾਹਿਬ ਦੀ ਨੀਂਹ ਸ਼ਾਂਤੀ ਦੇ ਪੁੰਜ ਸ਼ਹੀਦਾਂ ਦੇ ਸਿਰਤਾਜ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁਸਲਮਾਨ ਸੂਫ਼ੀ ਸੰਤ ਸਾਈਂ ਮੀਆਂ ਮੀਰ ਜੀ ਤੋਂ ਰਖਵਾਈ ਹੈ, ਚੌਧਰੀ ਮੱਸਾ ਰੰਘੜ ਉਸੇ ਹਰਿਮੰਦਰ ਸਾਹਿਬ ਅੰਦਰ ਪਲੰਘ ਡਾਹ ਕੇ ਉਪਰ ਬੈਠ ਕੇ ਹੁੱਕਾ ਪੀਣ ਲੱਗਾ, ਹਰਿਮੰਦਰ ਸਾਹਿਬ ਦੇ ਅੰਦਰ ਕੰਜਰੀਆਂ ਦੇ ਨਾਚ ਕਰਵਾਉਣ ਲੱਗਾ, ਮੁਸਲਮਾਨਾਂ ਦੀਆਂ ਮਹਿਫ਼ਲਾਂ ਜੁੜਨ ਲੱਗੀਆਂ, ਹਰਿਮੰਦਰ ਸਾਹਿਬ ਅੰਦਰ ਸ਼ਰਾਬਾਂ-ਕਬਾਬਾਂ ਦੇ ਦੌਰ ਸ਼ੁਰੂ ਹੋ ਗਏ। ਜੋ ਅਜੇ ਤਕ ਕਿਸੇ ਨੇ ਕਿਤੇ ਨਹੀਂ ਸੀ ਕੀਤਾ, ਮੱਸਾ ਰੰਘੜ ਸਿੱਖਾਂ ਦੇ ਹਰਿਮੰਦਰ ਸਾਹਿਬ ਅੰਦਰ ਕਰਨ ਲੱਗਾ। ਮੱਸੇ ਰੰਘੜ ਨੇ ਖ਼ੁਦਾ ਦਾ ਡਰ ਭੁਲਾ ਲਿਆ, ਸਿੰਘਾਂ ਦਾ ਡਰ ਭੁਲਾ ਬੈਠਾ, ਮੌਤ ਦਾ ਡਰ ਭੁਲਾ ਬੈਠਾ। ਜਦੋਂ ਇਨਸਾਨ ਸ਼ੈਤਾਨ ਦਾ

ਰੂਪ ਧਾਰ ਲਵੇ, ਪਰਮਾਤਮਾ ਦੇ ਅਸੂਲਾਂ ਦੇ ਉਲਟ ਤਾਕਤ ਅਤੇ ਹਕੂਮਤ ਦੇ ਨਸ਼ੇ ਵਿਚ ਕੰਮ ਕਰਨ ਲੱਗ ਪਏ, ਪਰਜਾ ਉੱਤੇ ਜ਼ੁਲਮ ਕਰਨ ਲੱਗ ਪਏ, ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਨ ਲੱਗ ਪਏ, ਧਾਰਮਿਕ ਅਸਥਾਨਾਂ ਦੀ ਬੇਅਦਬੀ ਕਰਨ ਲੱਗ ਪਏ, ਉਦੋਂ ਪਰਮਾਤਮਾ ਨੂੰ ਹੰਕਾਰ ਨਹੀਂ ਭਾਉਂਦਾ। ਗੁਰਬਾਣੀ ਦਾ ਫ਼ੁਰਮਾਨ ਹੈ **ਹਰਿ ਜੀਉ ਹੰਕਾਰ ਨਾ ਭਾਵਈ ਵੇਦ ਕੂਕ ਸੁਣਾਵੈ॥** ਪਰਮਾਤਮਾ ਹੰਕਾਰੀਆਂ, ਦੁਸ਼ਟਾਂ ਨੂੰ ਖ਼ਤਮ ਕਰਨ ਲਈ ਕੋਈ ਨਾ ਕੋਈ ਵਸੀਲਾ ਬਣਾ ਹੀ ਦੇਂਦਾ ਹੈ।

ਮੱਸਾ ਰੰਘੜ ਪਰਮਾਤਮਾ ਨੂੰ ਭੁੱਲ ਗਿਆ। ਉਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖ਼ਾਲਸੇ, ਬਹਾਦਰ ਸਿੰਘਾਂ ਦਾ ਡਰ ਭੁਲਾ ਦਿੱਤਾ। ਅਕਾਲ ਪੁਰਖ ਵਾਹਿਗੁਰੂ ਜੀ ਦਾ ਖ਼ਾਲਸਾ ਕਿਸੇ ਦੇ ਖ਼ਤਮ ਕੀਤਿਆਂ, ਕੀਤਾ ਨਹੀਂ ਜਾ ਸਕਦਾ। ਮੱਸੇ ਰੰਘੜ ਦੀ ਭਾਦਰੋਂ ਮਹੀਨੇ ਦੇ ਉਸ ਬੱਦਲ ਵਰਗੀ ਹਾਲਤ ਸੀ, ਜਿਹੜਾ ਸੂਰਜ ਅੱਗੇ ਆ ਕੇ ਹੰਕਾਰ ਨਾਲ ਸੂਰਜ ਦੇ ਪ੍ਰਕਾਸ਼ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹੈ ਪਰ ਜਦੋਂ ਸੂਰਜ ਦੀਆਂ ਪ੍ਰਕਾਸ਼-ਮਈ ਤੇਜ਼ ਕਿਰਨਾਂ ਪੈਂਦੀਆਂ ਹਨ ਤਾਂ ਹਵਾ ਦੇ ਬੁੱਲ੍ਹੇ ਨਾਲ ਆਪਣੀ ਹੋਂਦ ਗਵਾ ਲੈਂਦਾ ਹੈ। ਇਹੋ ਹਾਲ ਮੱਸੇ ਰੰਘੜ ਦਾ ਸੀ। ਮੱਸਾ ਰੰਘੜ ਹਕੂਮਤ ਦੇ ਨਸ਼ੇ ਵਿਚ ਸਿੰਘਾਂ ਦੇ ਸਿਰ ਭਾਜੀ ਚਾੜ੍ਹ ਰਿਹਾ ਸੀ। ਪਰਮਾਤਮਾ ਦੇ ਘਰ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕਰ ਰਹੇ ਚੌਧਰੀ ਮੱਸੇ ਰੰਘੜ ਨੂੰ ਮਰਨਾ ਵੀ ਭੁੱਲਿਆ ਹੋਇਆ ਸੀ। ਹਕੂਮਤ ਦੇ ਨਸ਼ੇ ਵਿਚ ਆਪਣੇ ਤੁੱਲ ਕਿਸੇ ਨੂੰ ਸਮਝ ਵੀ ਨਹੀਂ ਸੀ ਰਿਹਾ। ਸਮਝੇ ਵੀ ਕਿਵੇਂ ? ਇਹ ਤਾਂ ਸੱਚ ਹੈ ਕਿ ਜ਼ਕਰੀਆ ਖ਼ਾਨ ਦੇ ਦਿੱਲੀ ਤੋਂ ਫ਼ੌਜ ਮੰਗਵਾਉਣ ਨਾਲ ਸਿੰਘਾਂ ਦਾ ਪੰਜਾਬ ਵਿਚ ਟਿਕਣਾ ਮੁਸ਼ਕਲ ਹੋ ਗਿਆ ਸੀ। ਸਿੰਘਾਂ ਦੇ ਕਤਲੇਆਮ ਦੀ ਕੋਈ ਗਿਣਤੀ ਨਹੀਂ ਸੀ ਰਹੀ। ਸਿੱਖ ਸਰਕਾਰ ਤੋਂ ਤੰਗ ਆ ਕੇ ਪ੍ਰਦੇਸਾਂ ਨੂੰ ਚਲੇ ਗਏ ਸਨ। ਹੁਣ ਪੰਜਾਬ ਸਿੰਘਾਂ ਤੋਂ ਖ਼ਾਲੀ ਪਿਆ ਸੀ। ਮੱਸਾ ਰੰਘੜ ਮਨਮਾਨੀਆਂ ਕਰੇ ਵੀ ਕਿਉਂ ਨਾ, ਸਰਕਾਰ ਨੇ ਇਕ ਲੱਖ ਫ਼ੌਜ ਕਾਹਦੇ ਲਈ ਦਿੱਤੀ ਹੈ। ਲਾਹੌਰ ਦਾ ਸੂਬੇਦਾਰ ਉਸ ਦੀ ਪਿੱਠ 'ਤੇ ਹੈ। ਪੱਟੀ ਅਤੇ ਕਸੂਰ ਦਾ ਮਾਮਲਾ ਉਸ ਨੇ ਜ਼ਕਰੀਆ ਖ਼ਾਨ ਤੋਂ ਆਪਣੇ ਨਾਂ ਲਿਖਵਾ ਲਿਆ ਹੈ। ਮੱਸੇ ਰੰਘੜ ਵੱਲੋਂ ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਅੰਮ੍ਰਿਤ ਸਰੋਵਰ ਦੀ ਬੇਅਦਬੀ ਵੇਖ ਕੇ ਤਾਂ ਕੁਦਰਤ ਵੀ ਦੁਖੀ ਹੈ। ਉਹ ਵੀ ਮੱਸੇ ਰੰਘੜ ਦੇ ਕੁਕਰਮਾਂ ਤੋਂ ਸ਼ਰਮਾ ਰਹੀ ਹੈ।

ਕੁਦਰਤ ਆਪਣੇ ਅਸੂਲਾਂ ਨੂੰ ਕਾਇਮ ਰੱਖਣ ਲਈ ਕਈ ਕਰਵਟਾਂ ਬਦਲਦੀ ਹੈ। ਕੁਦਰਤ/ਪਰਮਾਤਮਾ ਦਾ ਅਸੂਲ **ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥** ਵਾਹਿਗੁਰੂ ਦੇ ਸੱਚੇ ਅਸੂਲਾਂ ਨੇ ਸਦਾ ਅਮਰ ਰਹਿਣਾ ਹੁੰਦਾ ਹੈ। ਦੁਸ਼ਟਾਂ, ਦੋਖੀਆਂ, ਪਾਪੀਆਂ ਨੂੰ ਪਰਮਾਤਮਾ ਆਪ ਸਹਾਈ ਹੋ ਕੇ ਖ਼ਤਮ ਕਰਦਾ ਹੈ।

ਵੇਖੋ ਹੁਣ, ਦੁਸ਼ਟ ਮੱਸੇ ਰੰਘੜ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਦਾ ਮਜ਼ਾ ਅਕਾਲ ਪੁਰਖ ਵਾਹਿਗੁਰੂ ਕਿਸ ਤਰ੍ਹਾਂ ਚਖਾਉਂਦਾ ਹੈ। ਮੱਸਾ ਰੰਘੜ ਲਾਹਨਤਾਂ ਲੈ ਕੇ ਇਸ ਦੁਨੀਆਂ ਤੋਂ ਕਿਵੇਂ ਕੁਮੌਤੇ ਮਰ ਕੇ ਜਾਂਦਾ ਹੈ। ਅਕਾਲ ਪੁਰਖ ਵਾਹਿਗੁਰੂ ਸਿੰਘਾਂ ਦਾ ਪ੍ਰਕਾਸ਼-ਮਈ ਸੂਰਜ ਚੜ੍ਹਾ ਕੇ ਰੱਬੀ ਅਸੂਲਾਂ ਨੂੰ ਕਿਸ ਤਰ੍ਹਾਂ ਕਾਇਮ ਰੱਖਦਾ ਹੈ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਸਪੁੱਤਰ ਕਿਵੇਂ ਮੱਸੇ ਰੰਘੜ ਦਾ ਸਿਰ ਵੱਢ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਬਦਲਾ ਲੈ ਕੇ ਕਿਸ ਤਰ੍ਹਾਂ ਸਿੱਖ ਕੌਮ, ਖ਼ਾਲਸਾ ਪੰਥ ਦਾ ਅਣਖੀਲਾ ਸੁਨਹਿਰੀ ਇਤਿਹਾਸ ਸਿਰਜਦੇ ਹਨ ?

ਕਾਂਡ 9

ਚੌਧਰੀ ਮੱਸਾ ਰੰਘੜ ਪੱਟੀ ਅਤੇ ਕਸੂਰ ਤਹਿਸੀਲਾਂ ਦਾ ਮਾਮਲਾ ਸੂਬੇਦਾਰ ਲਾਹੌਰ ਜ਼ਕਰੀਆ ਖ਼ਾਨ ਤੋਂ ਆਪਣੇ ਨਾਂ ਲਿਖਵਾ ਕੇ ਇਕ ਲੱਖ ਫ਼ੌਜ ਦਾ ਫ਼ੌਜਦਾਰ ਬਣ ਕੇ ਸਾਰੇ ਮਾਝੇ ਵਿਚ ਆਪਣਾ ਦਬਦਬਾ ਬਣਾਈ ਬੈਠਾ ਸੀ। ਸ੍ਰੀ ਹਰਿਮੰਦਰ ਸਾਹਿਬ ਅਤੇ ਅੰਮ੍ਰਿਤ ਸਰੋਵਰ, ਅੰਮ੍ਰਿਤਸਰ ਦੀ ਬੇਅਦਬੀ ਕਰ ਰਿਹਾ ਸੀ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤ ਸਰੋਵਰ ਜਿਥੇ ਇਸ਼ਨਾਨ ਕਰ ਕੇ ਕੋਹੜੇ ਰਾਜ਼ੀ ਹੋਏ ਸਨ, ਜਿਸ ਅੰਮ੍ਰਿਤ ਸਰੋਵਰ ਵਿਚ ਨਹਾ ਕੇ ਕਾਂਵਾਂ ਤੋਂ ਹੰਸ ਬਣ ਗਏ, ਜਿਥੇ ਸਰਬੱਤ ਦਾ ਭਲਾ ਮੰਗਿਆ ਜਾਂਦਾ ਹੈ, ਜਿਥੋਂ ਸਭ ਧਰਮਾਂ ਨੂੰ ਸਾਂਝੀਵਾਲਤਾ ਦਾ ਉਪਦੇਸ਼ ਮਿਲਦਾ ਹੈ, ਜਿਸ ਹਰਿਮੰਦਰ ਸਾਹਿਬ ਗੁਰਬਾਣੀ ਦੇ ਕੀਰਤਨ ਦੀ ਅੰਮ੍ਰਿਤ ਵਰਖਾ ਹੁੰਦੀ ਰਹਿੰਦੀ ਹੈ, ਉਥੇ ਮੱਸਾ ਰੰਘੜ ਕੰਜਰੀਆਂ ਨਚਾਉਣ ਲੱਗਾ, ਸ਼ਰਾਬਾਂ, ਕਬਾਬਾਂ ਦੇ ਦੌਰ ਚੱਲੇ, ਮੁਸਲਮਾਨੀ ਮਹਿਫਲਾਂ ਕੱਵਾਲੀਆਂ ਗਾਉਣ ਲੱਗੀਆਂ। ਮੱਸਾ ਰੰਘੜ ਹਰਿਮੰਦਰ ਸਾਹਿਬ ਅੰਦਰ ਪਲੰਘ ਡਾਹ ਕੇ ਉੱਤੇ ਬੈਠਾ ਹੁੱਕਾ ਪੀਣ ਲੱਗਾ। ਇਹ ਹਾਲ ਸੁਣ ਦੇ 60 ਵਰ੍ਹਿਆਂ ਦਾ ਸ. ਬੁਲਾਕਾ ਸਿੰਘ ਕੰਗ ਪਿੰਡ ਦਾ ਰਹਿਣ ਵਾਲਾ, ਜੋ ਹਕੂਮਤ ਦੀ ਸਖ਼ਤੀ ਕਾਰਨ ਕੁਝ ਹੋਰ ਸਾਥੀ ਸਿੱਖਾਂ ਨਾਲ ਲੁਕ-ਛਿਪ ਕੇ ਦਿਨ ਕੱਟ ਰਿਹਾ ਸੀ, ਪੇਂਡੂ ਜੱਟਾਂ ਵਾਲਾ ਸਾਦਾ ਭੇਸ ਬਣਾ ਕੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਪਹੁੰਚਿਆ। ਸ. ਬੁਲਾਕਾ ਸਿੰਘ ਕੰਗਾਂ ਵਾਲੇ ਨੇ, ਜੋ ਮੱਸਾ ਰੰਘੜ ਗੁਰਸਿੱਖਾਂ ਦੇ ਹਰਿਮੰਦਰ ਸਾਹਿਬ ਦੀ ਬੇਅਦਬੀ ਕਰ ਰਿਹਾ ਸੀ, ਬੜੇ ਦੁਖੀ ਮਨ ਨਾਲ ਵੇਖਿਆ। ਸ. ਬੁਲਾਕਾ ਸਿੰਘ ਨੇ ਵੱਡਾ ਹੌਸਲਾ ਕੀਤਾ ਤੇ ਮੱਸੇ ਰੰਘੜ ਤੋਂ ਸ੍ਰੀ ਹਰਿਮੰਦਰ ਸਾਹਿਬ ਨੂੰ ਆਜ਼ਾਦ ਕਰਵਾਉਣ ਦੀ ਮਨ ਵਿਚ ਨੀਤੀ ਸੋਚ ਕੇ ਵਾਪਸ ਮੁੜ ਆਇਆ। ਸਿੰਘਾਂ ਦਾ ਜੱਥਾ ਤਾਂ ਪੰਜਾਬ ਵਿਚ ਕੋਈ ਹੈ ਹੀ ਨਹੀਂ ਸੀ। ਸਭ ਲਾਹੌਰ ਸਰਕਾਰ ਦੀ ਸਖ਼ਤੀ ਤੋਂ ਤੰਗ ਆ ਕੇ ਦੂਰ-ਦੁਰਾਡੇ ਪ੍ਰਦੇਸਾਂ ਵਿਚ ਗਏ ਹੋਏ ਸਨ। ਸ. ਬੁਲਾਕਾ ਸਿੰਘ ਕੰਗਾਂ ਵਾਲੇ ਨੇ ਹੋਸ਼-ਨੀਤੀ ਤੋਂ ਕੰਮ ਲਿਆ। ਕੁਝ ਹਮ-ਖ਼ਿਆਲ ਸਾਥੀ ਨਾਲ ਲੈ ਕੇ ਘੋੜੀਆਂ ਲਈਆਂ ਤੇ ਪੇਂਡੂ ਜ਼ਿਮੀਂਦਾਰਾਂ ਦਾ ਭੇਸ ਬਣਾ ਕੇ ਸਿੰਘਾਂ ਦੇ ਜੱਥੇ ਦੀ ਭਾਲ ਵਿਚ ਤੁਰ ਪਏ। ਸ. ਬੁਲਾਕਾ ਸਿੰਘ ਦੇ ਹਿਰਦੇ ਅੰਦਰ ਸ੍ਰੀ ਹਰਿਮੰਦਰ ਸਾਹਿਬ ਨੂੰ ਚੌਧਰੀ ਮੱਸੇ ਰੰਘੜ ਤੋਂ ਆਜ਼ਾਦ ਕਰਵਾਉਣ ਦੀ ਤੜਪ ਹੈ। ਸਿੰਘਾਂ ਦੀ ਭਾਲ ਵਿਚ ਸ. ਬੁਲਾਕਾ

ਸਿੰਘ ਤੇ ਸਾਥੀ ਦਿਨ-ਰਾਤ ਠੋਕਰਾਂ ਖਾ ਰਹੇ ਹਨ। ਸਿੰਘਾਂ ਦੇ ਜੱਥੇ ਨੂੰ ਲੱਭਦਿਆਂ-ਲਭਾਉਂਦਿਆਂ, ਭਾਲ ਕਰਦਿਆਂ ਬੀਕਾਨੇਰ (ਰਾਜਸਥਾਨ) ਦੇ ਇਲਾਕੇ ਵਿਚ ਪਹੁੰਚ ਗਏ। ਸ. ਬੁਲਾਕਾ ਸਿੰਘ ਕੰਗਾਂ ਵਾਲੇ ਨੇ ਸਿੰਘਾਂ ਦੇ ਜੱਥੇ ਦੀ ਸੂਹ ਕੱਢੀ ਹੈ। ਬੀਕਾਨੇਰ ਦੇ ਮਾਰੂਥਲ ਰੇਤਲੇ ਟਿੱਬੇ, ਇਲਾਕੇ ਵਿਚ ਪਾਣੀ ਦੀ ਬੂੰਦ ਨਜ਼ਰ ਨਹੀਂ ਆਉਂਦੀ, ਵੈਸਾਖ ਦੇ ਮਹੀਨੇ ਦੇ ਆਖ਼ਰੀ ਦਿਨ ਹਨ। ਸੰਨ 1740 ਦਾ ਅਪ੍ਰੈਲ ਮਹੀਨਾ ਬੀਤ ਚੁੱਕਾ ਹੈ। ਜੇਠ ਮਹੀਨਾ ਬਿਕ੍ਰਮੀ ਸੰਮਤ 1797 ਦੇ ਦਿਨਾਂ ਵਿਚ ਅੱਗ ਦੇ ਭਾਂਬੜ ਉੱਡਦੇ ਨਜ਼ਰ ਆਉਂਦੇ ਹਨ। ਦਿਨ ਵੇਲੇ ਬੰਦਿਆਂ ਅਤੇ ਘੋੜੀਆਂ ਦਾ ਤੁਰਨਾ ਮੁਸ਼ਕਲ ਹੈ। ਸ. ਬੁਲਾਕਾ ਸਿੰਘ ਕੰਗਾਂ ਵਾਲਾ ਤੇ ਸਾਥੀ ਇਲਾਕੇ ਦੇ ਭੇਤੀ ਨਹੀਂ ਹਨ। ਬੀਕਾਨੇਰ ਮਾਰੂਥਲ ਦਾ ਇਲਾਕਾ ਪ੍ਰਦੇਸੀ ਆਦਮੀ ਲਈ ਸਾਹਮਣੇ ਮੌਤ ਖੜੀ ਨਜ਼ਰ ਆਉਂਦਾ ਹੈ। ਪਰ ਗੁਰੂ ਦੇ ਪਿਆਰੇ ਸ. ਬੁਲਾਕਾ ਸਿੰਘ ਤੇ ਸਾਥੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਨੂੰ ਆਜ਼ਾਦ ਕਰਵਾਉਣ ਅਤੇ ਮੱਸੇ ਰੰਘੜ ਨੂੰ ਲੋਹੇ ਦੇ ਚਣੇ ਚਬਾਉਣ ਦੀ ਇੱਛਾ ਬੈਠਣ ਨਹੀਂ ਦਿੰਦੀ। ਸ. ਬੁਲਾਕਾ ਸਿੰਘ ਤੇ ਸਾਥੀਆਂ ਨੇ ਹਠ ਕੀਤਾ ਹੋਇਆ ਹੈ। ਆਖ਼ਰਕਾਰ ਪੁੱਛਦਿਆਂ-ਪੁਛਾਉਂਦਿਆਂ ਪਤਾ ਲੱਗਾ ਕਿ ਸਿੰਘਾਂ ਦਾ ਇਕ ਜੱਥਾ ਬੁੱਢਾ ਜੋਹੜ ਡੇਰੇ ਲਾਈ ਬੈਠਾ ਹੈ। ਸ. ਬੁਲਾਕਾ ਸਿੰਘ ਨੇ ਦੱਸ ਪਾਉਣ ਵਾਲੇ ਆਦਮੀ ਨੂੰ ਨਾਲ ਸਹਾਇਤਾ ਕਰਨ ਤੇ ਬੁੱਢਾ ਜੋਹੜ ਤਕ ਪਹੁੰਚਾਣ ਦੀ ਬੇਨਤੀ ਕੀਤੀ, ਜੋ ਉਸ ਨੇ ਮੰਨ ਲਈ।

ਰਾਜਸਥਾਨ ਦੀ ਰਿਆਸਤ ਗੰਗਾ ਨਗਰ (ਹੁਣ ਤਹਿਸੀਲ) ਰਾਏ ਸਿੰਘ ਨਗਰ ਦੇ ਜੈਤਸਰ ਤੋਂ ਪਦਮਪੁਰ ਜਾਣ ਵਾਲੀ ਸੜਕ ਉੱਤੇ ਪਿੰਡ ਡਾਬਲਾ ਲਾਗੇ ਇਤਿਹਾਸਕ ਗੁਰਦੁਆਰਾ ਬੁੱਢਾ ਜੋਹੜ ਹੈ। ਜਿਹਾ ਕਿ ਬੁੱਢਾ ਜੋਹੜ ਨਾਂ ਤੋਂ ਸਪੱਸ਼ਟ ਹੈ ਕਿ ਭਾਵ ਬਹੁਤ ਪੁਰਾਣਾ ਛੱਪੜ। ਉਸ ਸਮੇਂ ਇਥੇ ਚਾਲੀ ਕੁ ਮੁਰੱਬਿਆਂ ਦੀ ਨੀਵੀਂ ਥਾਂ ਦੁਆਲੇ ਉੱਚੇ-ਉੱਚੇ ਟਿੱਬਿਆਂ ਦਾ ਘੇਰਾ ਸੀ। ਆਸੇ-ਪਾਸੇ ਮੀਂਹ ਦਾ ਪਾਣੀ ਇਸ ਵਿਚ ਇਕੱਠਾ ਹੋਇਆ ਰਹਿੰਦਾ ਸੀ। ਇਹ ਛੱਪੜ ਬੀਕਾਨੇਰ ਵਿਚ ਬੁੱਢਾ ਜੋਹੜ ਦੇ ਨਾਂ ਨਾਲ ਮਸ਼ਹੂਰ ਸੀ। ਇਸੇ ਬੁੱਢੇ ਜੋਹੜ ਦੇ ਦੁਆਲੇ ਰੁੱਖਾਂ ਦੇ ਸੰਘਣੇ ਝੁੰਡ ਸੀ, ਕਿੱਕਰ, ਜੰਡ, ਵਣ, ਬੇਰੀ, ਮਲ੍ਹਾ ਦੇ ਰੁੱਖ ਸਨ। ਇਸੇ ਬੁੱਢੇ ਜੋਹੜ ਦੇ ਕੰਢੇ ਜ਼ਕਰੀਆ ਖ਼ਾਨ ਮੁਗ਼ਲ ਹਕੂਮਤ ਦੇ ਸਮੇਂ ਦਾ ਸੰਤਾਪ ਲੰਘਾਉਣ ਲਈ ਸਿੰਘ ਇਥੇ ਡੇਰਾ ਲਾਈ ਬੈਠੇ ਸਨ। ਉਸ ਵੇਲੇ (ਸੰਨ 1740) ਬੁੱਢਾ ਜੋਹੜ ਜੰਗਲ ਹੁੰਦਾ ਸੀ।

ਸੰਨ 1740 ਈਸਵੀ ਦੀ ਅਖ਼ੀਰ ਅਪ੍ਰੈਲ ਦੇ ਦਿਨਾਂ ਵਿਚ ਸ. ਬੁਲਾਕਾ ਸਿੰਘ ਕੰਗਾਂ ਵਾਲਾ ਸਾਥੀਆਂ ਸਮੇਤ ਬੁੱਢਾ ਜੋਹੜ ਪੁੱਜਿਆ। ਇਸ ਅਸਥਾਨ ਉੱਤੇ ਜਥੇਦਾਰ ਸ. ਬੁੱਢਾ ਸਿੰਘ ਜੀ ਅਤੇ ਜਥੇਦਾਰ ਸ਼ਾਮ ਸਿੰਘ ਨਾਰਲਾ (ਅੰਮ੍ਰਿਤਸਰ) ਦੇ ਜਥੇ ਨੂੰ ਮਿਲਿਆ। ਇਸ ਜੱਥੇ ਦੇ ਕੁਝ ਸਿੰਘ ਰਾਜਾ ਬੀਕਾਨੇਰ ਪਾਸ ਫ਼ੌਜ

ਵਿਚ ਨੌਕਰ ਹੋ ਕੇ ਜਥੇ ਦੇ ਲੰਗਰ-ਪਾਣੀ ਤੇ ਹੋਰ ਲੋੜਾਂ ਦਾ ਵਕਤ ਲੰਘਾ ਰਹੇ ਸਨ। ਜੱਥੇ ਦਾ ਵੇਲਾ ਲੰਘਾਉਣ ਲਈ ਰਾਜੇ ਪਾਸ ਨੌਕਰੀ ਕਰ ਰਹੇ ਸਨ। ਸ. ਬੁਲਾਕਾ ਸਿੰਘ ਨੇ ਸਾਥੀਆਂ ਸਮੇਤ ਬੁੱਢਾ ਜੌਹੜ ਸਿੰਘਾਂ ਨੂੰ ਜਾ ਫ਼ਤਹਿ ਬੁਲਾਈ। ਸਿੰਘਾਂ ਨੂੰ ਮੁਖੀਏ ਜਥੇਦਾਰਾਂ ਨਾਲ ਮਿਲਾਉਣ ਦੀ ਬੇਨਤੀ ਕੀਤੀ ਤੇ ਕਿਹਾ ਕਿ ਅਸੀਂ ਸਾਰੇ ਸਿੱਖ ਅੰਮ੍ਰਿਤਸਰ ਤੋਂ ਆਏ ਹਾਂ।

ਸਿੰਘਾਂ ਨੇ ਜਥੇਦਾਰ ਬੁੱਢਾ ਸਿੰਘ ਜੀ ਅਤੇ ਜਥੇਦਾਰ ਸ਼ਾਮ ਸਿੰਘ ਜੀ ਨਾਰਲਾ ਨੂੰ ਦੱਸਿਆ ਕਿ ਜਥੇਦਾਰ ਜੀ ਅੰਮ੍ਰਿਤਸਰ ਤੋਂ ਸਿੰਘ ਆਏ ਹਨ। ਜਥੇਦਾਰ ਬੁੱਢਾ ਸਿੰਘ ਜੀ ਨੇ ਹੁਕਮ ਦਿੱਤਾ, "ਭਾਈ ਸਿੱਖੋ, ਲਿਆਉ ਉਹਨਾਂ ਸਿੰਘਾਂ ਨੂੰ, ਦਰਸ਼ਨ ਕਰੀਏ, ਜਿਹੜੇ ਗੁਰੂ ਰਾਮਦਾਸ ਜੀ ਦੀ ਨਗਰੀ ਤੋਂ ਆਏ ਹਨ। ਪਿਆਰ ਸਤਿਕਾਰ ਨਾਲ ਇਥੇ ਲਿਆਉ।"

ਸਿੰਘਾਂ ਨੇ ਬੜੇ ਆਦਰ ਨਾਲ ਸ. ਬੁਲਾਕਾ ਸਿੰਘ ਤੇ ਸਾਥੀਆਂ ਨੂੰ ਜਥੇਦਾਰ ਬੁੱਢਾ ਸਿੰਘ ਨਾਲ ਮਿਲਾਇਆ। ਜਥੇਦਾਰ ਬੁੱਢਾ ਸਿੰਘ ਜੀ, ਜਥੇਦਾਰ ਸ਼ਾਮ ਸਿੰਘ ਜੀ ਨਾਰਲਾ ਅਤੇ ਹੋਰ ਸਿੰਘਾਂ ਨੇ ਉੱਠ ਕੇ ਸਵਾਗਤ ਕੀਤਾ। ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ। ਜਥੇਦਾਰ ਬਾਬਾ ਬੁੱਢਾ ਸਿੰਘ ਜੀ ਨੇ ਕਿਹਾ, "ਆਉ ਜੀ, ਜੀ ਆਇਆਂ ਨੂੰ ਸਿੰਘੋ, ਤੁਸੀਂ ਕਿਸ ਥਾਂ ਤੋਂ ਆਏ ਹੋ ?"

ਸ. ਬੁਲਾਕਾ ਸਿੰਘ ਨੇ ਕਿਹਾ, "ਜਥੇਦਾਰ ਜੀ, ਮੈਂ ਬੁਲਾਕਾ ਸਿੰਘ ਕੰਗਾਂ ਪਿੰਡ (ਤਰਨ ਤਾਰਨ) ਦਾ ਰਹਿਣ ਵਾਲਾ ਹਾਂ, ਇਹ ਮੇਰੇ ਸਾਥੀ ਇਲਾਕੇ ਵਿਚੋਂ ਹਨ।"

ਜਥੇਦਾਰ ਬੁੱਢਾ ਸਿੰਘ ਜੀ ਨੇ ਕਿਹਾ, "ਸਿੰਘ ਜੀ, ਬਾਕੀ ਗੱਲਾਂ ਫਿਰ ਕਰਾਂਗੇ, ਪਹਿਲਾਂ ਇਹ ਦੱਸੋ ਕਿ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਹਰਿਮੰਦਰ ਸਾਹਿਬ (ਪੰਜਾਬ) ਦਾ ਕੀ ਹਾਲ ਹੈ ?"

ਜਦੋਂ ਸ. ਬੁਲਾਕਾ ਸਿੰਘ ਕੰਗਾਂ ਵਾਲੇ ਨੇ ਜਥੇਦਾਰ ਬੁੱਢਾ ਸਿੰਘ ਜੀ ਦੇ ਮੂੰਹ ਤੋਂ ਅੰਮ੍ਰਿਤਸਰ ਹਰਿਮੰਦਰ ਸਾਹਿਬ ਦਾ ਨਾਂ ਸੁਣਿਆ ਤਾਂ ਉਸ ਦੀਆਂ ਧਾਹਾਂ ਨਿਕਲ ਗਈਆਂ, ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਹੋ ਰਿਹਾ ਹੈ, ਰੋ-ਰੋ ਕੇ ਦੱਸਣ ਲੱਗਾ। ਜਿਵੇਂ ਹਰਿਮੰਦਰ ਸਾਹਿਬ ਅੰਦਰ ਚੌਧਰੀ ਮੱਸਾ ਰੰਘੜ ਪਲੰਘ ਡਾਹ ਕੇ, ਉੱਤੇ ਬੈਠ ਕੇ ਹੁੱਕਾ ਪੀ ਰਿਹਾ ਸੀ। ਸ਼ਰਾਬਾਂ, ਕਬਾਬਾਂ ਦੇ ਦੌਰ ਚੱਲ ਰਹੇ ਸੀ, ਜਿਵੇਂ ਕੰਜਰੀ ਨੱਚ ਰਹੀ ਸੀ, ਵਾਜੇ ਵੱਜ ਰਹੇ ਸੀ, ਤਬਲਾ ਵੱਜ ਰਿਹਾ ਸੀ। ਮੱਸਾ ਰੰਘੜ ਅਤੇ ਉਸ ਦੀ ਜੁੰਡਲੀ ਪਾਨਾਂ ਦੇ ਬੀੜੇ ਚੱਬ-ਚੱਬ ਕੇ ਥੁੱਕ ਰਹੀ ਸੀ। ਮੱਸਾ ਰੰਘੜ ਗੰਦੇ ਗੀਤ ਗਾ ਰਿਹਾ ਸੀ, ਮੁਸਲਮਾਨੀ ਮਹਿਫ਼ਲਾਂ ਕੱਵਾਲੀਆਂ ਬੋਲ ਰਹੀਆਂ ਸਨ। ਜਿਵੇਂ ਮੱਸਾ ਰੰਘੜ ਨੇ ਸ਼ਹਿਰ ਦੁਆਲੇ ਫ਼ੌਜ ਦੇ ਪ੍ਰਬੰਧ ਕੀਤੇ ਹੋਏ ਸੀ, ਜਿਵੇਂ ਮੱਸਾ ਰੰਘੜ ਦੀ ਨਿਗਰਾਨੀ ਹੇਠ ਅੰਮ੍ਰਿਤ ਸਰੋਵਰ ਪੂਰਿਆ ਜਾ ਰਿਹਾ ਸੀ। ਜਦੋਂ ਸ. ਬੁਲਾਕਾ ਸਿੰਘ ਗੁਰੂ ਕੇ ਹਰਿਮੰਦਰ ਸਾਹਿਬ ਦੀ ਦੁੱਖਾਂ ਭਰੀ ਵਾਰਤਾ ਰੋ-ਰੋ ਕੇ

ਜਥੇਦਾਰ ਬੁੱਢਾ ਸਿੰਘ ਜੀ ਨੂੰ ਦੱਸ ਰਿਹਾ ਸੀ ਤਾਂ ਸੁਣ ਕੇ ਸਿੰਘਾਂ ਦੇ ਡੌਲੇ ਗੁੱਸੇ ਤੇ ਜੋਸ਼ ਨਾਲ ਫਰਕ ਰਹੇ ਸਨ। ਸਿੰਘਾਂ ਦੀਆਂ ਅੱਖਾਂ ਵਿਚ ਅੰਗਿਆਰ ਭਖ ਰਹੇ ਸਨ। ਜਥੇਦਾਰ ਬੁੱਢਾ ਸਿੰਘ ਜੀ ਨੇ ਗੁੱਸੇ ਵਿਚ ਆ ਕੇ ਸ. ਬੁਲਾਕਾ ਸਿੰਘ ਨੂੰ ਝਾੜ ਪਾਉਂਦਿਆਂ ਆਖਿਆ, "ਓਏ ਬੁਲਾਕਾ ਸਿੰਘ, ਤੂੰ ਹਰਿਮੰਦਰ ਸਾਹਿਬ ਅੰਦਰ ਕੰਜਰੀ ਨੱਚਦੀ ਵੇਖੀ, ਮੱਸਾ ਰੰਘੜ ਪਲੰਘ 'ਤੇ ਬੈਠਾ ਹੁੱਕਾ ਪੀਂਦਾ ਵੇਖਿਆ, ਅੰਮ੍ਰਿਤ ਸਰੋਵਰ ਨੂੰ ਪੂਰਦਿਆਂ ਵੇਖਿਆ, ਤੈਥੋਂ ਮੱਸੇ ਦਾ ਸਿਰ ਨਾ ਵੱਢਿਆ ਗਿਆ ? ਤੈਥੋਂ ਕੰਜਰੀ ਨਾ ਮਾਰੀ ਗਈ ? ਤੂੰ ਤਾਂ ਬੁਲਾਕਾ ਸਿੰਘਾ, ਅੰਮ੍ਰਿਤ ਛਕ ਕੇ, ਦਾਹੜਾ ਰੱਖ ਕੇ, ਕਿਰਪਾਨ ਪਾ ਕੇ, ਸਿੰਘ ਨਾਂ ਰੱਖ ਕੇ ਲਾਜ ਲਵਾ ਛੱਡੀ ਊ। ਤੂੰ ਹਰਿਮੰਦਰ ਸਾਹਿਬ ਦੀ ਬੇਅਦਬੀ ਹੁੰਦੀ ਵੇਖ ਕੇ ਕਿਵੇਂ ਜਿਉਂਦਾ ਮੁੜ ਕੇ ਇਥੇ ਆ ਗਿਆ ?"

ਸ. ਬੁਲਾਕਾ ਸਿੰਘ ਨੇ ਜਥੇਦਾਰ ਬੁੱਢਾ ਸਿੰਘ ਦੇ ਤਾਹਨਿਆਂ ਦਾ ਜਵਾਬ ਦਿੰਦਿਆਂ ਆਖਿਆ, "ਜਥੇਦਾਰ ਜੀ, ਅਸੀਂ ਉਵੇਂ ਹੀ ਇਥੇ ਆ ਗਏ ਹਾਂ, ਜਿਵੇਂ ਤੁਸੀਂ ਇਥੇ ਆ ਗਏ ਹੋ। ਮੈਂ ਮੰਨਦਾ ਹਾਂ, ਅਸੀਂ ਡਰਦੇ ਆ ਗਏ। ਅਸੀਂ ਸੋਚਿਆ ਕਿ ਥੋੜ੍ਹੇ ਸਿੰਘਾਂ ਨਾਲ ਇਤਨੀ ਵੱਡੀ ਫ਼ੌਜ ਦਾ ਮੁਕਾਬਲਾ ਨਹੀਂ ਹੋਣਾ। ਜਥੇਦਾਰ ਜੀ, ਤੁਸੀਂ ਦੱਸੋ, ਤੁਸੀਂ ਇਥੇ ਕਿਵੇਂ ਡੇਰੇ ਲਾਈ ਬੈਠੇ ਹੋ। ਤੁਸੀਂ ਕਿਹੜਾ ਅੰਮ੍ਰਿਤਸਰ ਵੱਲ ਜਾ ਕੇ ਗੇੜਾ ਮਾਰਿਆ ?"

ਸ. ਬੁਲਾਕਾ ਸਿੰਘ ਦੀ ਦਲੀਲ ਨੇ ਜਥੇਦਾਰ ਬੁੱਢਾ ਸਿੰਘ ਜੀ ਨੂੰ ਸ਼ਾਂਤ ਕਰ ਦਿੱਤਾ। ਜਥੇਦਾਰ ਬੁੱਢਾ ਸਿੰਘ ਜੀ ਨੇ ਮਹਿਸੂਸ ਕੀਤਾ ਕਿ ਦੋਸ਼ੀ ਅਸੀਂ ਵੀ ਉਨੇ ਹੀ ਹਾਂ, ਜਿਹੜੇ ਮੌਤ ਤੋਂ ਡਰਦੇ ਜੰਗਲਾਂ ਵਿਚ, ਦੂਜੇ ਦੇਸ਼ਾਂ ਵਿਚ ਆ ਗਏ ਹਾਂ। ਪਿੱਛੇ ਸੁੰਞੇ ਖ਼ਾਲੀ ਗੁਰਦੁਆਰੇ, ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਛੱਡ ਆਏ ਹਾਂ।

ਜਥੇਦਾਰ ਬੁੱਢਾ ਸਿੰਘ ਜੀ ਨੇ ਸ. ਬੁਲਾਕਾ ਸਿੰਘ ਕੰਗਾਂ ਵਾਲੇ ਤੋਂ ਦੁੱਖਾਂ ਭਰੀ ਵਾਰਤਾ ਸੁਣ ਕੇ ਉਸੇ ਵੇਲੇ ਭਰੀ ਸਭਾ ਵਿਚ ਤਲਵਾਰ ਮਿਆਨ ਵਿਚੋਂ ਕੱਢ ਕੇ ਰੱਖ ਦਿੱਤੀ ਅਤੇ ਸਿੰਘਾਂ ਨੂੰ ਸੰਬੋਧਨ ਕਰਦਿਆਂ ਆਖਿਆ, "ਉਠੋ ਕੋਈ ਸੂਰਮਾ, ਜਿਹੜਾ ਚੌਧਰੀ ਮੱਸੇ ਦਾ ਸਿਰ ਵੱਢ ਕੇ ਇਥੇ ਲਿਆਵੇ।"

ਪਿੰਡ ਮੀਰਾਂਕੋਟ (ਅੰਮ੍ਰਿਤਸਰ ਦੇ ਨੇੜੇ) ਦੇ ਸ. ਮਹਿਤਾਬ ਸਿੰਘ ਭੰਗੂ ਨੇ ਤਲਵਾਰ ਨੂੰ ਚੁੰਮਿਆ ਅਤੇ ਇਸ ਦੇ ਨਾਲ ਪਿੰਡ ਕੰਬੋਕੀ ਮਾੜੀ (ਭਿਖੀਵਿੰਡ) ਦਾ ਸ. ਸੁੱਖਾ ਸਿੰਘ ਤਰਖਾਣ ਉਠਿਆ। ਸ. ਸੁੱਖਾ ਸਿੰਘ ਨੇ ਆਖਿਆ, "ਜਥੇਦਾਰ ਜੀ, ਆਗਿਆ ਦੇਵੋ, ਅਸੀਂ ਦੋਵੇਂ ਵੀਰ ਮੱਸੇ ਰੰਘੜ ਦਾ ਸਿਰ ਵੱਢ ਕੇ ਇਥੇ ਲਿਆਵਾਂਗੇ।"

ਜਥੇਦਾਰ ਬੁੱਢਾ ਸਿੰਘ ਜੀ ਨੇ ਸਾਰੀ ਸਿੱਖ ਸੰਗਤ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਖਲੋ ਕੇ, ਹੱਥ ਜੋੜ ਕੇ ਅਰਦਾਸ ਕੀਤੀ। ਦਸ ਪਾਤਸ਼ਾਹੀਆਂ

ਦੀ ਜੋਤਿ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅਕਾਲ ਪੁਰਖ ਵਾਹਿਗੁਰੂ ਪਾਸੋਂ ਮੰਗ ਕੀਤੀ ਗਈ, ਅਰਦਾਸ ਕੀਤੀ ਗਈ ਕਿ ਹੇ ਅਕਾਲ ਪੁਰਖ ਵਾਹਿਗੁਰੂ ! ਸਿੱਖ ਪੰਥ ਦੇ ਇਸ ਕਾਰਜ ਨੂੰ, ਮੱਸੇ ਰੰਘੜ ਦਾ ਸਿਰ ਵੱਢਣ ਲਈ ਸਿੰਘਾਂ ਨੂੰ ਬਲ-ਬੁੱਧੀ ਬਖ਼ਸ਼ੇ। ਸਿੰਘਾਂ ਦੇ ਅੰਗ-ਸੰਗ ਸਹਾਈ ਹੋਵੇ।

ਦੋਵੇਂ ਸਿੰਘ ਸ. ਸੁੱਖਾ ਸਿੰਘ ਕੰਬੋਕੀ ਮਾੜੀ ਅਤੇ ਸ. ਮਹਿਤਾਬ ਸਿੰਘ ਮੀਰਾਂਕੋਟ ਪੰਥ ਤੋਂ ਅਰਦਾਸਾ ਸੋਧ ਕੇ, ਆਗਿਆ ਲੈ ਕੇ ਮੱਸੇ ਰੰਘੜ ਦਾ ਸਿਰ ਵੱਢਣ ਲਈ ਬੀਕਾਨੇਰ, ਬੁੱਢਾ ਜੌਹੜ ਤੋਂ ਘੋੜਿਆਂ ਉੱਤੇ ਸਵਾਰ ਹੋ ਕੇ ਸ੍ਰੀ ਅੰਮ੍ਰਿਤਸਰ ਨੂੰ ਤੁਰ ਪਏ।

ਕਾਂਡ 10

ਭਾਈ ਸੁੱਖਾ ਸਿੰਘ ਕੰਬੋਕੀ ਮਾੜੀ ਅਤੇ ਭਾਈ ਮਹਿਤਾਬ ਸਿੰਘ ਜੀ ਮੀਰਾਂਕੋਟ ਬੁੱਢਾ ਜੌਹੜ (ਬੀਕਾਨੇਰ) ਤੋਂ ਅਰਦਾਸ ਕਰ ਕੇ ਮੱਸੇ ਰੰਘੜ ਦਾ ਸਿਰ ਵੱਢਣ ਲਈ ਅੰਮ੍ਰਿਤਸਰ ਨੂੰ ਜਾਂਦਿਆਂ ਰਸਤੇ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਠਹਿਰੇ ਸਨ। ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਉਹ ਇਤਿਹਾਸਕ ਅਸਥਾਨ ਹੈ ਜਿਥੇ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਮੁਕਤਸਰ ਦੀ ਜੰਗ ਜਿੱਤਣ ਤੋਂ ਬਾਅਦ ਵੱਡਾ ਪੜਾਅ ਕੀਤਾ ਸੀ ਅਤੇ ਨੌਂ ਮਹੀਨੇ ਤੋਂ ਵੱਧ ਸਮਾਂ ਠਹਿਰੇ ਸਨ। ਸਿੰਘਾਂ ਨੇ ਦਮਦਮਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੱਗੇ ਬੇਨਤੀ ਕੀਤੀ ਤੇ ਇੱਛਾ ਪ੍ਰਗਟ ਕੀਤੀ, "ਹੇ ਸੱਚੇ ਪਾਤਸ਼ਾਹ ਜੀਉ! ਕਿਰਪਾ ਕਰੋ, ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਧੁਰ ਕੀ ਬਾਣੀ, ਗੁਰਬਾਣੀ ਦਾ ਪਾਠ ਅਤੇ ਗੁਰਬਾਣੀ ਦੇ ਅਰਥ ਆਪਣੇ ਸੇਵਕਾਂ ਨੂੰ ਸਰਵਣ ਕਰਾਉ।"

ਇਹ ਵਰਣਨ ਯੋਗ ਹੈ ਕਿ ਇਸ ਵੇਲੇ ਤਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਸਿੰਘਾਂ ਦੇ ਪਾਸ ਜੰਗਾਂ-ਯੁੱਧਾਂ ਦਾ ਸਮਾਂ ਹੋਣ ਕਰਕੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਬੀੜ ਨਹੀਂ ਸੀ। ਗੁਰੂ ਜੀ ਅਤੇ ਸਿੰਘਾਂ ਪਾਸ ਨਿਤਨੇਮ ਦੀ ਬਾਣੀ ਦੀਆਂ ਪੋਥੀਆਂ, ਕਮਰਕੱਸਿਆਂ ਵਿਚ ਹੁੰਦੀਆਂ ਸਨ। ਬਹੁਤੇ ਸਿੰਘ ਨਿਤਨੇਮ ਗੁਰਬਾਣੀ ਦਾ ਪਾਠ ਜ਼ੁਬਾਨੀ ਕੰਠ ਕਰਿਆ ਕਰਦੇ ਸਨ। ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਬੀੜ ਪੰਥ ਦੋਖੀ ਗੁਰੂ ਦੋਖੀ ਧਰੀਮੱਲੀਆਂ ਦੇ ਕਬਜ਼ੇ ਵਿਚ ਕਰਤਾਰਪੁਰ ਵਿਚ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੀ ਬੇਨਤੀ ਪ੍ਰਵਾਨ ਕਰ ਕੇ ਬਾਬਾ ਦੀਪ ਸਿੰਘ ਜੀ ਨੂੰ ਸਿਆਹੀ, ਕਲਮਾਂ, ਕਾਗਜ਼ ਦਾ ਪ੍ਰਬੰਧ ਕਰਨ ਦੀ ਸੇਵਾ ਲਾ ਦਿੱਤੀ। ਭਾਈ ਮਨੀ ਸਿੰਘ ਜੀ (ਸ਼ਹੀਦ) ਨੂੰ ਲਿਖਾਰੀ ਦੀ ਸੇਵਾ ਲਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਬਾਨੀ ਕੰਠ ਗੁਰਬਾਣੀ ੧ੴ ਤੋਂ ਲੈ ਕੇ ਅਠਾਰਹ ਦਸ ਬੀਸ ਤਕ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੌਵੇਂ ਪਾਤਸ਼ਾਹ ਦੀ ਬਾਣੀ ਸਮੇਤ ਸੰਪੂਰਨ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਮੌਜੂਦਾ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ

ਜੀ ਦੀ ਸੰਪੂਰਨ ਬੀੜ ਲਿਖਵਾਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਤਨੀ ਕੰਠ ਗੁਰਬਾਣੀ ਸਵੇਰ ਦੇ ਪਹਿਰ ਭਾਈ ਮਨੀ ਸਿੰਘ ਜੀ ਤੋਂ ਲਿਖਵਾਉਂਦੇ, ਪਿਛਲੇ ਪਹਿਰ ਸੰਗਤਾਂ ਨੂੰ ਗੁਰਬਾਣੀ ਸ਼ਬਦਾਂ ਦੀ ਕਥਾ ਸੁਣਾ ਦਿੰਦੇ ਸਨ। ੧੯ ਤੋਂ ਅਠਾਰਹ ਦਸ ਬੀਸ ਤਕ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਹੋਣ 'ਤੇ ਪਹਿਲਾਂ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਸ੍ਰੀ ਅਖੰਡ ਪਾਠ ਕੀਤਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਜੀ ਦੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੀ ਅੰਮ੍ਰਿਤ ਗੁਰਬਾਣੀ ਸੁਣ ਕੇ ਜਪ ਕੇ ਆਨੰਦ ਮਾਣਦੇ। ਜਿਨ੍ਹਾਂ ਸਿੱਖਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਗੁਰਬਾਣੀ ਦੇ ਅਰਥ ਪੜ੍ਹੇ ਸੁਣੇ, ਇਤਿਹਾਸ ਵਿਚ ਉਹਨਾਂ ਸਿੱਖਾਂ ਦੀ ਗਿਣਤੀ 50 ਲਿਖੀ ਹੈ। ਜਿਨ੍ਹਾਂ ਵਿਚੋਂ 48 ਸਿੱਖ ਸਮੇਤ ਸਰੀਰ ਦੇਹ ਮੁਕਤ ਹੋ ਕੇ ਅਕਾਲ ਪੁਰਖ ਵਾਹਿਗੁਰੂ ਵਿਚ ਲੀਨ ਹੋ ਗਏ।

ਬਾਬਾ ਦੀਪ ਸਿੰਘ ਜੀ ਸ਼ਹੀਦ (ਪਹੂਵਿੰਡ, ਅੰਮ੍ਰਿਤਸਰ) ਅਤੇ ਭਾਈ ਮਨੀ ਸਿੰਘ ਜੀ ਸ਼ਹੀਦ ਨੂੰ ਦਸਮੇਸ਼ ਪਿਤਾ ਜੀ ਨੇ ਸਮੇਤ ਸਰੀਰ ਦੇਹ ਮੁਕਤ ਨਾ ਹੋਣ ਦਿੱਤਾ। ਦਸਮੇਸ਼ ਪਿਤਾ ਜੀ ਨੇ ਅੰਮ੍ਰਿਤਸਰ ਦੀਆਂ ਸਿੱਖ ਸੰਗਤਾਂ ਦੀ ਬੇਨਤੀ ਪ੍ਰਵਾਨ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਸੇਵਾ, ਪਾਠ, ਕਥਾ, ਗੁਰਬਾਣੀ ਦੀ ਸੇਵਾ ਭਾਈ ਮਨੀ ਸਿੰਘ ਜੀ ਨੂੰ ਬਖ਼ਸ਼ਿਸ਼ ਕੀਤੀ। ਬਾਬਾ ਦੀਪ ਸਿੰਘ ਜੀ ਸ਼ਹੀਦ ਨੂੰ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ, ਗੁਰਬਾਣੀ, ਪਾਠ, ਗੁਰਬਾਣੀ ਅਰਥ ਪੜ੍ਹਾਉਣ, ਕਥਾ ਕਰਨ ਅਤੇ ਸੀਨਾ-ਬ-ਸੀਨਾ ਸੰਪਰਦਾ ਚਲਾਉਣ, ਅੰਮ੍ਰਿਤ ਛਕਾਉਣ, ਸਿੱਖੀ ਦੇ ਪ੍ਰਚਾਰ ਦੀ ਸੇਵਾ ਬਖ਼ਸ਼ੀ। ਬਾਬਾ ਦੀਪ ਸਿੰਘ ਜੀ ਸ਼ਹੀਦ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜ਼ੁਬਾਨੀ ਕੰਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਵਾਈ ਬੀੜ ਦੇ ਚਾਰ ਉਤਾਰੇ ਕੀਤੇ। ਬਾਬਾ ਦੀਪ ਸਿੰਘ ਜੀ ਸ਼ਹੀਦ ਦਮਦਮੀ ਟਕਸਾਲ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖ਼ਸ਼ਿਸ਼ ਕੀਤੀ ਸੇਵਾ ਨੂੰ ਬੜੀ ਮਿਹਨਤ, ਦ੍ਰਿੜ੍ਹਤਾ ਨਾਲ ਨਿਭਾਇਆ।

ਸੰਨ 1746 ਦੇ ਮਈ ਮਹੀਨੇ ਦੇ ਸ਼ੁਰੂ ਵਿਚ ਬਾਬਾ ਦੀਪ ਸਿੰਘ ਜੀ ਸ਼ਹੀਦ ਨੇ ਦਸਮ ਗ੍ਰੰਥ ਦੀ ਸੰਪਾਦਨਾ ਕੀਤੀ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰਨ ਕੀਤੀ ਹੋਈ ਬਾਣੀ ਅਤੇ ਹੋਰ ਅਵਤਾਰਾਂ ਦੀ ਬਾਣੀ, ਇਤਿਹਾਸ, ਮਿਥਿਹਾਸ ਜੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 52 ਕਵੀਆਂ ਤੋਂ ਲਿਖਵਾਏ ਸਨ, ਉਹ ਸਾਰੇ ਖਰੜੇ ਇਕੱਤਰ ਕਰ ਕੇ ਦਸਮ ਗ੍ਰੰਥ ਲਿਖਿਆ। ਦਸਮ ਗ੍ਰੰਥ ਦੀ ਸੰਪਾਦਨਾ ਉੱਤੇ ਮਾਲਵੇ ਦੇ ਇਲਾਕੇ ਵਿਚੋਂ ਸਿੰਘਾਂ ਨੂੰ ਸੱਦ ਦੇ ਦਸਮ ਗ੍ਰੰਥ ਉੱਤੇ ਸਹਿਮਤੀ ਵਿਚਾਰ ਜਾਣਨੇ ਚਾਹੇ। ਦਸਮ ਗ੍ਰੰਥ ਦੀ ਸਹਿਮਤੀ ਦਾ ਮਤਾ ਰੱਖਿਆ। ਕੁਝ ਸਿੰਘ ਮਤੇ ਵਿਚ ਇਸ ਗੱਲ

'ਤੇ ਜ਼ੋਰ ਦੇ ਰਹੇ ਸਨ ਕਿ ਦੂਜੇ ਅਵਤਾਰਾਂ ਦੀ ਮਿਥਿਹਾਸਕ ਬਾਣੀ ਨਾਲੋਂ ਦਸਮੇਸ਼ ਪਿਤਾ ਜੀ ਦੀ ਉਚਾਰਨ ਕੀਤੀ ਬਾਣੀ ਅੱਡ ਕਰ ਦਿੱਤੀ ਜਾਵੇ। ਦੂਜੇ ਅਵਤਾਰਾਂ ਦੀ ਬਾਣੀ ਅੱਡ ਕਰ ਦਿੱਤੀ ਜਾਵੇ। ਕੁਝ ਸਿੰਘ ਕਹਿੰਦੇ ਸਨ ਕਿ ਜਿਵੇਂ ਬਾਬਾ ਦੀਪ ਸਿੰਘ ਜੀ ਨੇ ਦਸਮ ਗ੍ਰੰਥ ਲਿਖ ਦਿੱਤਾ ਹੈ, ਇਸ ਉਤੇ ਦਸਖ਼ਤ ਕਰ ਦਿੱਤੇ ਜਾਣ। ਦਸਮ ਗ੍ਰੰਥ ਇਸੇ ਤਰ੍ਹਾਂ ਹੀ ਰਹਿਣ ਦਿੱਤਾ ਜਾਵੇ। ਸਿੰਘਾਂ ਦੇ ਵਿਚਾਰ ਨਹੀਂ ਸਨ ਰਲਦੇ।

ਗਰਮੀ ਦੇ ਦਿਨ ਸਨ, ਜੇਠ ਦਾ ਮਹੀਨਾ ਸੀ। ਬਾਬਾ ਦੀਪ ਸਿੰਘ ਜੀ ਸ਼ਹੀਦ, ਬਾਬਾ ਗੁਰਬਖ਼ਸ਼ ਸਿੰਘ ਜੀ ਸ਼ਹੀਦ, ਬਾਬਾ ਦਿਆਲ ਸਿੰਘ ਜੀ ਸ਼ਹੀਦ, ਬਾਬਾ ਨੱਥਾ ਸਿੰਘ ਜੀ, ਬਾਬਾ ਨੌਧ ਸਿੰਘ ਜੀ ਸ਼ਹੀਦ, ਬਾਬਾ ਮਹਿਤ ਸਿੰਘ ਜੀ ਸ਼ਹੀਦ ਅਤੇ ਹੋਰ ਮੁਖੀਏ ਸਿੰਘ ਦਸਮ ਗ੍ਰੰਥ ਦੀ ਸੰਪਾਦਨਾ ਸੰਬੰਧੀ ਵਿਚਾਰਾਂ ਕਰ ਰਹੇ ਸਨ।

ਦੁਪਹਿਰ ਦਾ ਵੇਲਾ ਸੀ, ਸੰਘਣੇ ਰੁੱਖਾਂ ਦੀ ਛਾਂਵੇਂ ਸਿੰਘ ਡੇਰਾ ਲਾਈ ਬੈਠੇ ਸਨ। ਬਾਬਾ ਸੁੱਖਾ ਸਿੰਘ ਕੰਬੋਕੀ ਮਾੜੀ ਅਤੇ ਬਾਬਾ ਮਹਿਤਾਬ ਸਿੰਘ ਜੀ ਮੀਰਾਂਕੋਟ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਪਹੁੰਚ ਗਏ। ਸਿੰਘਾਂ ਨੂੰ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਈ। ਸਿੰਘਾਂ ਨੇ ਆਏ ਸਿੰਘਾਂ ਦਾ ਫ਼ਤਹਿ ਬੁਲਾ ਕੇ ਗਰਮ ਜੋਸ਼ੀ ਨਾਲ ਸਵਾਗਤ ਕੀਤਾ। ਬਾਬਾ ਸੁੱਖਾ ਸਿੰਘ ਤੇ ਬਾਬਾ ਮਹਿਤਾਬ ਸਿੰਘ ਜੀ ਇਹਨਾਂ ਸਿੰਘਾਂ ਦੇ ਪਛਾਣੇ ਹੋਏ ਸਿੰਘ ਸਨ।

ਬਾਬਾ ਦੀਪ ਸਿੰਘ ਜੀ ਨੇ ਪੁੱਛਿਆ, "ਅੱਜ ਯੋਧਿਆਂ ਦੀਆਂ ਕਿਧਰ ਦੀਆਂ ਤਿਆਰੀਆਂ ਹਨ।"

ਭਾਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਦੱਸਿਆ, "ਬਾਬਾ ਜੀ, ਪੰਥ ਨੇ ਸਾਨੂੰ ਸੇਵਾ ਬਖ਼ਸ਼ੀ ਹੈ। ਗੁਰੂ ਕੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਅੰਦਰ ਚੌਧਰੀ ਮੱਸਾ ਰੰਘੜ ਕੰਜਰੀਆਂ ਨਚਾ ਰਿਹਾ ਹੈ। ਮੱਸਾ ਰੰਘੜ ਹਰਿਮੰਦਰ ਸਾਹਿਬ ਪਲੰਘ ਡਾਹ ਕੇ ਉੱਤੇ ਬੈਠਾ ਹੁੱਕਾ ਪੀ ਰਿਹਾ ਹੈ। ਅੰਮ੍ਰਿਤਸਰ ਦਾ ਸਰੋਵਰ ਪੂਰਿਆ ਜਾ ਰਿਹਾ ਹੈ। ਸਾਨੂੰ ਬੁੱਢਾ ਜੌਹੜ (ਬੀਕਾਨੇਰ) ਸ. ਬੁਲਾਕਾ ਸਿੰਘ ਕੰਗਾਂ ਵਾਲੇ ਨੇ ਖ਼ਬਰ ਦਿੱਤੀ ਹੈ। ਜਥੇਦਾਰ ਬਾਬਾ ਬੁੱਢਾ ਸਿੰਘ ਜੀ ਤੇ ਜਥੇਦਾਰ ਬਾਬਾ ਸ਼ਾਮ ਸਿੰਘ ਨਾਰਲਾ ਨੇ ਸਾਡੀ ਸੇਵਾ ਲਾਈ ਹੈ ਮੱਸੇ ਰੰਘੜ ਦਾ ਸਿਰ ਵੱਢ ਕੇ ਬੁੱਢਾ ਜੌਹੜ ਲਿਆਉਣ ਲਈ। ਪੰਥ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਕੀਤੀ ਹੈ। ਗੁਰੂ ਅੰਗ-ਸੰਗ ਸਹਾਈ ਹੈ, ਅਸੀਂ ਜਾ ਰਹੇ ਹਾਂ।"

ਗੁਰੂ ਕੇ ਹਰਿਮੰਦਰ ਸਾਹਿਬ ਦੀ, ਅੰਮ੍ਰਿਤ ਸਰੋਵਰ ਦੀ, ਅੰਮ੍ਰਿਤਸਰ ਦੀ ਬੇਅਦਬੀ ਦੀ ਖ਼ਬਰ ਸੁਣ ਕੇ ਸਿੰਘਾਂ ਦੇ ਦਿਲਾਂ ਅੰਦਰ ਅੱਗ ਦੇ ਭਾਂਬੜ ਮੱਚ ਉੱਠੇ, ਸਿੰਘਾਂ ਦੇ ਹੱਥ ਤਲਵਾਰਾਂ ਦੀਆਂ ਮੁੱਠਾਂ ਉੱਤੇ ਆ ਗਏ। ਸਿੰਘ ਧਰਮ

ਤੋਂ ਕੁਰਬਾਨ ਹੋਣ ਲਈ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤ ਸਰੋਵਰ ਦੀ ਬੇਅਦਬੀ ਦਾ ਬਦਲਾ ਲੈਣ ਲਈ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਜੀ ਨਾਲ ਜਾਣ ਲਈ ਤਿਆਰ ਹੋ ਗਏ। ਭਾਈ ਸੁੱਖਾ ਸਿੰਘ ਜੀ ਤੇ ਭਾਈ ਮਹਿਤਾਬ ਸਿੰਘ ਜੀ ਨੇ ਸਮਝਾਉਂਦਿਆਂ ਕਿਹਾ, "ਖ਼ਾਲਸਾ ਜੀ, ਹੁਣ ਅਸੀਂ ਦੋਵੇਂ ਸਿੰਘ ਹੀ ਜਾਵਾਂਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਥ ਨੇ ਅਰਦਾਸ ਦੋ ਸਿੰਘਾਂ ਦੀ, ਮੱਸੇ ਰੰਘੜ ਦਾ ਸਿਰ ਵੱਢ ਕੇ ਲਿਆਉਣ ਦੀ ਕੀਤੀ ਹੈ। ਇਸ ਵਿਚ ਤਬਦੀਲੀ ਨਹੀਂ ਕੀਤੀ ਜਾ ਸਕਦੀ। ਜੇ ਅਸੀਂ ਮੱਸੇ ਰੰਘੜ ਦਾ ਸਿਰ ਵੱਢ ਲਿਆਏ ਤਾਂ ਠੀਕ ਹੈ, ਜੇ ਅਸੀਂ ਇਥੇ ਨਾ ਆਏ, ਸ਼ਹੀਦ ਹੋ ਗਏ ਤਾਂ ਖ਼ਾਲਸਾ ਪੰਥ ਜੋ ਚਾਹੇ, ਜਿਸ ਤਰ੍ਹਾਂ ਵੀ ਹੋਵੇ, ਗੁਰੂ ਕੇ ਹਰਿਮੰਦਰ ਸਾਹਿਬ ਦੀ ਬੇਅਦਬੀ ਰੋਕਣ ਲਈ ਕਰ ਸਕਦਾ ਹੈ।"

ਇਥੇ ਹੀ ਇਸ ਵੇਲੇ ਦਮਦਮਾ ਸਾਹਿਬ ਵਿਖੇ ਬਾਬਾ ਗੁਰਬਖ਼ਸ਼ ਸਿੰਘ ਜੀ ਸ਼ਹੀਦ, ਬਾਬਾ ਨੌਧ ਸਿੰਘ ਜੀ ਸ਼ਹੀਦ, ਬਾਬਾ ਮਹਿਤ ਸਿੰਘ ਜੀ ਸ਼ਹੀਦ ਅਤੇ ਹੋਰ ਸਿੰਘਾਂ ਨੇ ਮਤਾ ਰੱਖ ਦਿੱਤਾ ਕਿ ਜੇ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਜੀ ਮੱਸੇ ਰੰਘੜ ਦਾ ਸਿਰ ਵੱਢ ਕੇ ਇਥੇ ਚੜ੍ਹਦੀ ਕਲਾ ਵਿਚ ਪਹੁੰਚ ਗਏ ਤਾਂ ਦਸਮ ਗ੍ਰੰਥ ਦੀ ਸੰਪਾਦਨਾ ਜਿਵੇਂ ਬਾਬਾ ਦੀਪ ਸਿੰਘ ਜੀ ਨੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਬਾਣੀ ਅਤੇ ਹੋਰ ਅਵਤਾਰਾਂ ਦੀ ਬਾਣੀ ਇਕੱਠੀ ਲਿਖੀ ਹੈ, ਇਸੇ ਤਰ੍ਹਾਂ ਹੀ ਰਹਿਣ ਦਿੱਤੀ ਜਾਵੇ। ਜੇ ਭਾਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਜੀ ਸ਼ਹੀਦ ਹੋ ਗਏ, ਮੁੜ ਕੇ ਨਾ ਆਏ ਤਾਂ ਦਸਮੇਸ਼ ਪਿਤਾ ਜੀ ਦੀ ਗੁਰਬਾਣੀ ਵੱਖ ਕਰ ਦਿੱਤੀ ਜਾਵੇ ਅਤੇ ਹੋਰ ਅਵਤਾਰਾਂ ਦੀ ਬਾਣੀ ਸਾਖੀਆਂ ਦੀ ਸੰਪਾਦਨਾ ਅੱਡ ਕਰ ਦਿੱਤੀ ਜਾਵੇ।

ਭਾਈ ਸੁੱਖਾ ਸਿੰਘ ਜੀ ਤੇ ਭਾਈ ਮਹਿਤਾਬ ਸਿੰਘ ਜੀ ਨੇ ਚੌਧਰੀ ਮੱਸੇ ਰੰਘੜ ਦਾ ਸਿਰ ਵੱਢ ਦੇ ਚੜ੍ਹਦੀ ਕਲਾ ਵਿਚ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਪਹੁੰਚ ਕੇ ਪੜਾਅ ਕੀਤਾ। ਵਾਪਸੀ ਸਮੇਂ ਸਿੰਘਾਂ ਨੇ ਗੁਰਮਤਾ ਪ੍ਰਵਾਨ ਕੀਤਾ, ਦਸਮ ਗ੍ਰੰਥ ਦੀ ਸੰਪਾਦਨ ਇਕੱਠੀ ਰਹਿਣ ਦਿੱਤੀ ਗਈ। ਇਸੇ ਲਈ ਦਸਮ ਗ੍ਰੰਥ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਹੋਰ ਅਵਤਾਰਾਂ ਦੀ ਬਾਣੀ ਇਕੱਠੀ ਦਰਜ ਹੈ।

ਭਾਈ ਸੁੱਖਾ ਸਿੰਘ ਜੀ ਤੇ ਭਾਈ ਮਹਿਤਾਬ ਸਿੰਘ ਜੀ ਨੇ ਦਮਦਮਾ ਸਾਹਿਬ ਪ੍ਰਸ਼ਾਦ-ਪਾਣੀ ਛਕਿਆ, ਦੁਪਹਿਰੇ ਆਰਾਮ ਕੀਤਾ, ਘੋੜਿਆਂ ਨੂੰ ਪੱਠਾ-ਦਾਣਾ, ਜਲ-ਪਾਣੀ ਛਕਾਇਆ। ਸਿੰਘਾਂ ਨੂੰ ਫ਼ਤਹਿ ਬੁਲਾ ਕੇ ਦਮਦਮਾ ਸਾਹਿਬ ਤੋਂ ਅੰਮ੍ਰਿਤਸਰ ਨੂੰ ਚੌਧਰੀ ਮੱਸਾ ਰੰਘੜ ਦਾ ਸਿਰ ਵੱਢਣ ਲਈ ਸ਼ਾਮ ਨੂੰ ਘੋੜਿਆਂ ਉੱਤੇ ਸਵਾਰ ਹੋ ਕੇ ਵਾਹਿਗੁਰੂ-ਵਾਹਿਗੁਰੂ ਦਾ ਸਿਮਰਨ ਕਰਦੇ ਹੋਏ

ਚੱਲ ਪਏ।

ਦਸਮ ਗ੍ਰੰਥ ਦੀ ਸੰਪਾਦਨਾ ਅਤੇ ਭਾਈ ਸੁੱਖਾ ਸਿੰਘ ਜੀ ਅਤੇ ਭਾਈ ਮਹਿਤਾਬ ਸਿੰਘ ਜੀ ਦੇ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਦੇ ਸਥਾਨ ਉੱਤੇ ਪੜਾਅ ਕਰਨ ਬਾਰੇ ਹਵਾਲੇ ਲਈ ਵੇਖੋ ਭਾਈ ਕਾਨ੍ਹ ਸਿੰਘ ਜੀ ਨਾਭਾ ਦੀ ਮਹਾਨ ਰਚਨਾ ਮਹਾਨ ਕੋਸ਼ ਵਿਚ 'ਦ' ਅੱਖਰ ਦੀ ਵਿਆਖਿਆ, ਪੰਨਾ 616 ਉੱਤੇ (ਦ—ਦਮਦਮਾ ਸਾਹਿਬ)।

ਕਾਂਡ 11

ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਜੀ ਹਰੀਕੇ ਪੱਤਣ (ਦਰਿਆ) ਪਹੁੰਚ ਗਏ। ਸਿੰਘਾਂ ਨੇ ਘੋੜੇ ਘਾਹ-ਪੱਠਾ ਚਰਨ ਲਈ ਖੁੱਲ੍ਹੇ ਛੱਡ ਦਿੱਤੇ। ਸਿੰਘਾਂ ਨੇ ਦਰਿਆ ਵਿਚੋਂ ਜਲ ਛਕਿਆ, ਝਟ ਆਰਾਮ ਕੀਤਾ। ਸਿੰਘਾਂ ਨੇ ਸੋਚ-ਵਿਚਾਰ ਕੀਤੀ, ਦਰਿਆ ਤੋਂ ਪਾਰ ਮਾਝੇ ਦਾ, ਸੂਬਾ ਲਾਹੌਰ ਦਾ ਇਲਾਕਾ ਆ ਗਿਆ ਹੈ। ਸਿੰਘਾਂ ਦੇ ਭੇਸ ਵਿਚ ਅੰਮ੍ਰਿਤਸਰ ਪੁੱਜਣਾ ਮੁਸ਼ਕਲ ਹੈ। ਸਿੰਘਾਂ ਨੇ ਥੇਹ ਉੱਤੇ ਬੈਠ ਕੇ ਇਕ ਸਕੀਮ ਸੋਚੀ। ਨੰਬਰਦਾਰਾਂ ਦਾ ਭੇਸ ਬਣਾਇਆ ਜਾਵੇ, ਕੋਈ ਨਹੀਂ ਰੋਕੇਗਾ। ਸਿੰਘਾਂ ਨੇ ਗੋਲ ਠੀਕਰੀਆਂ ਇਕੱਠੀਆਂ ਕਰ ਕੇ ਦੋ ਥੈਲੀਆਂ ਭਰ ਲਈਆਂ। ਨੰਬਰਦਾਰਾਂ ਦਾ ਭੇਸ ਬਣਾ ਲਿਆ। ਸਿੰਘਾਂ ਨੇ ਸਿਰ ਦੇ ਕੇਸ ਪਿੱਛੇ ਨੂੰ ਖੁੱਲ੍ਹੇ ਛੱਡ ਲਏ, ਪੱਗਾਂ ਪੱਲਾ ਛੱਡ ਕੇ ਢਿੱਲੀਆਂ ਕਰ ਕੇ ਬੰਨ੍ਹ ਲਈਆਂ, ਤਲਵਾਰਾਂ ਚੋਲਿਆਂ ਦੇ ਹੇਠ ਕਰ ਲਈਆਂ ਅਤੇ ਦਰਿਆ ਪਾਰ ਕਰ ਕੇ ਮਾਝੇ ਦੀ ਧਰਤੀ ਉੱਤੇ ਅੰਮ੍ਰਿਤਸਰ ਵੱਲ ਵਧਣ ਲੱਗੇ। ਸਿੰਘਾਂ ਨੇ ਮਾਝੇ ਦੇ ਪੇਂਡੂ ਜ਼ਿਮੀਂਦਾਰਾਂ ਦਾ ਭੇਸ ਧਾਰਿਆ ਹੋਇਆ ਸੀ। ਜੇ ਕੋਈ ਰਸਤੇ ਵਿਚ ਰੋਕ ਕੇ ਪੁੱਛਦਾ ਕਿ ਤੁਸੀਂ ਕੌਣ ਹੋ ਤਾਂ ਸਿੰਘ ਇਹੋ ਦੱਸਦੇ ਕਿ ਅਸੀਂ ਪੱਟੀ ਦੇ ਨੰਬਰਦਾਰ ਹਾਂ, ਚੌਧਰੀ ਮੱਸੇ ਨੂੰ ਮਾਮਲਾ ਤਾਰਨ ਚੱਲੇ ਹਾਂ। ਸਿੰਘਾਂ ਨੇ ਅਜਿਹੇ ਸਾਦੇ ਭੇਸ ਬਣਾਏ ਕਿ ਸਿੰਘ ਮਹਿਸੂਸ ਹੀ ਘੱਟ ਹੋਣ।

12 ਜੇਠ ਬਿਕ੍ਰਮੀ ਸੰਮਤ 1797 ਮੁਤਾਬਕ 6 ਮਈ ਸੰਨ 1740 ਦਾ ਦਿਨ ਹੈ। ਅਸਮਾਨ ਵਿਚ ਲਾਲ ਹਨੇਰੀ ਵਾਂਗ ਘੱਟਾ ਚੜ੍ਹਿਆ ਹੋਇਆ ਹੈ। ਸਿਆਲ ਰੁੱਤ ਪੋਹ/ਦਸੰਬਰ ਮਹੀਨੇ ਵਰਗੀ ਧੁੰਦ ਵਾਂਗ ਦੂਰ ਤਕ ਸਾਫ਼ ਵਿਖਾਈ ਨਹੀਂ ਦਿੰਦਾ, ਸਾਫ਼ ਨਜ਼ਰ ਨਹੀਂ ਸੀ ਆਉਂਦਾ। ਗਰਮ ਤੱਤੀ ਲੋਅ/ਹਵਾ ਵਗ ਰਹੀ ਹੈ। ਘੱਟਾ ਉੱਡ ਰਿਹਾ ਹੈ। ਆਮ ਲੋਕਾਂ ਨੇ ਅੱਖਾਂ ਵਿਚ ਘੱਟਾ ਲੈਣ ਦੇ ਡਰ ਤੋਂ ਮੂੰਹ ਪੱਲੇ ਨਾਲ ਢੱਕੇ ਹੋਏ ਹਨ। ਅਕਾਲ ਪੁਰਖ ਵਾਹਿਗੁਰੂ ਸਿੰਘਾਂ ਦੇ ਕਾਰਜ ਵਿਚ ਸਹਾਈ ਹੋਇਆ ਹੈ। ਇਸ ਲਈ ਵਾਹਿਗੁਰੂ ਨੇ ਮੌਸਮ ਹੀ ਅਜਿਹਾ ਬਣਾ ਦਿੱਤਾ ਹੈ। ਅਕਾਲ ਪੁਰਖ ਵਾਹਿਗੁਰੂ ਨੇ ਸਿੰਘਾਂ ਦੀ ਅਰਦਾਸ ਪੂਰੀ ਕਰਨੀ ਹੈ। ਸਿੰਘਾਂ ਦੀ ਬਿਰਤੀ ਵਾਹਿਗੁਰੂ ਨਾਲ ਜੁੜੀ ਹੋਈ ਹੈ। ਭਾਈ ਸੁੱਖਾ ਸਿੰਘ ਜੀ ਅਤੇ ਭਾਈ ਮਹਿਤਾਬ ਸਿੰਘ ਜੀ ਚਾਟੀਵਿੰਡ ਗੇਟ ਰਾਹੀਂ ਅੰਮ੍ਰਿਤਸਰ ਸ਼ਹਿਰ ਦੇ ਬਾਜ਼ਾਰਾਂ

ਵਿਚ ਦੀ ਹੁੰਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਪਹੁੰਚ ਗਏ। ਸਿੰਘਾਂ ਪੱਗਾਂ ਪੱਲਾ ਢਿੱਲਾ ਛੱਡ ਕੇ ਬੰਨ੍ਹੀਆਂ ਹੋਈਆਂ ਸਨ। ਮੂੰਹ ਘੱਟਾ ਪੈਣ ਦੇ ਬਹਾਨੇ ਪੱਲੇ ਨਾਲ ਢੱਕੇ ਹੋਏ ਸਨ। ਸਿੰਘਾਂ ਨੇ ਦਰਸ਼ਨੀ ਡਿਉੜੀ ਦੇ ਨਾਲ ਲਾਚੀ ਬੇਰੀ ਨਾਲ ਘੋੜੇ ਬੰਨ੍ਹ ਦਿੱਤੇ। ਮਾਮਲੇ ਵਾਲੀਆਂ (ਠੀਕਰੀਆਂ ਦੀਆਂ) ਥੈਲੀਆਂ ਮੋਢਿਆਂ ਉੱਪਰ ਚੁੱਕ ਲਈਆਂ।

ਪਹਿਰੇਦਾਰਾਂ ਪੁੱਛਿਆ, "ਤੁਸੀਂ ਕੌਣ ਹੋ ?"

ਭਾਈ ਮਹਿਤਾਬ ਸਿੰਘ ਤੇ ਭਾਈ ਸੁੱਖਾ ਸਿੰਘ ਜੀ ਨੇ ਬੜੇ ਠਰ੍ਹੰਮੇ ਨਾਲ ਆਖਿਆ, "ਖ਼ਾਨ ਸਾਹਿਬ, ਅਸੀਂ ਪੱਟੀ ਦੇ ਨੰਬਰਦਾਰ ਹਾਂ। (ਚੌਧਰੀ ਮੱਸੇ ਰੰਘੜ ਅਤੇ ਜ਼ਕਰੀਆ ਖ਼ਾਨ ਨੇ ਤਲਵਾਰ, ਬਰਛਾ ਲੈ ਕੇ ਚੱਲਣ ਉੱਤੇ ਪਾਬੰਦੀ ਲਾਈ ਹੋਈ ਸੀ। ਸਿਰਫ਼ ਨੰਬਰਦਾਰਾਂ ਨੂੰ ਮਾਮਲੇ ਦੀ ਹਿਫ਼ਾਜ਼ਤ/ਰਾਖੀ ਲਈ ਤਲਵਾਰ, ਬਰਛਾ ਲੈ ਕੇ ਚੱਲਣ ਦੀ ਛੋਟ ਦਿੱਤੀ ਹੋਈ ਸੀ। ਇਸੇ ਲਈ ਸਿੰਘਾਂ ਦੀ ਨੰਬਰਦਾਰਾਂ ਦਾ ਭੇਸ ਬਣਾ ਕੇ ਚੌਧਰੀ ਮੱਸੇ ਰੰਘੜ ਦਾ ਸਿਰ ਵੱਢ ਕੇ ਲੈ ਜਾਣ ਦੀ ਨੀਤੀ ਸਫ਼ਲ ਰਹੀ ਸੀ।) ਚੌਧਰੀ ਮੱਸੇ ਨੂੰ ਮਾਮਲਾ ਤਾਰਨ ਚੱਲੇ ਹਾਂ।"

ਪਹਿਰੇਦਾਰ, "ਨੰਬਰਦਾਰ ਸਾਹਿਬ, ਤੁਸੀਂ ਰੁਕ ਜਾਵੋ, ਅਸੀਂ ਮੀਏਂ ਚੌਧਰੀ ਨੂੰ ਪੁੱਛ ਆਈਏ।"

ਸਿੰਘਾਂ ਨੇ ਕਿਹਾ, "ਹਾਂ ਖ਼ਾਨ ਸਾਹਿਬ, ਜ਼ਰੂਰ ਪੁੱਛੋ। ਚੌਧਰੀ ਨੂੰ ਕਹਿਣਾ ਕਿ ਪੱਟੀ ਦੇ ਨੰਬਰਦਾਰ ਆਏ ਹਨ, ਮਾਮਲਾ ਲੈ ਕੇ।"

ਪਹਿਰੇਦਾਰਾਂ ਵਿਚੋਂ ਇਕ ਹਰਿਮੰਦਰ ਸਾਹਿਬ ਅੰਦਰ ਗਿਆ। ਚੌਧਰੀ ਮੱਸੇ ਨੂੰ ਝੁਕ ਕੇ ਸਲਾਮ ਕੀਤੀ। ਚੌਧਰੀ ਮੱਸੇ ਨੇ ਸ਼ਰਾਬ ਦੇ ਨਸ਼ੇ ਵਿਚ ਪੁੱਛਿਆ, "ਹੂੰ, ਕੀ ਬਾਤ ਹੈ ?"

ਚੋਬਦਾਰ, "ਹਜ਼ੂਰ ਸਰਕਾਰ, ਪੱਟੀ ਦੇ ਨੰਬਰਦਾਰ ਮਾਮਲਾ ਤਾਰਨ ਆਏ ਹਨ।"

ਚੌਧਰੀ ਮੱਸਾ ਰੰਘੜ, "ਹਾਂ, ਹਾਂ, ਨੰਬਰਦਾਰਾਂ ਨੂੰ ਅੰਦਰ ਆਉਣ ਦੇਣਾ ਸੀ, ਬਾਹਰ ਕਿਉਂ ਰੋਕ ਛੱਡਿਆ ?"

ਪਹਿਰੇਦਾਰ ਨੇ ਆ ਕੇ ਨੰਬਰਦਾਰਾਂ ਨੂੰ ਹਰਿਮੰਦਰ ਸਾਹਿਬ ਜਾਣ ਦੀ ਆਗਿਆ ਦੇ ਦਿੱਤੀ। ਸਿੰਘਾਂ ਨੇ ਮੋਢਿਆਂ ਉਪਰ ਮਾਮਲੇ ਦੀਆਂ ਥੈਲੀਆਂ ਚੁੱਕ ਲਈਆਂ। ਚੋਲਿਆਂ ਹੇਠ ਤਲਵਾਰਾਂ, ਹੱਥਾਂ ਵਿਚ ਬਰਛੇ ਸਨ। ਸਿੰਘਾਂ ਨੇ ਗੁਰੂ ਕੇ ਹਰਿਮੰਦਰ ਨੂੰ ਨਮਸਕਾਰ ਕੀਤੀ। ਪਹਿਰੇਦਾਰਾਂ ਸਮਝਿਆ ਕਿ ਭੋਲੇ ਜੱਟ ਸਾਨੂੰ ਝੁਕ-ਝੁਕ ਕੇ ਸਲਾਮਾਂ ਕਰਦੇ ਹਨ। ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਜੀ ਰਵਾਂ-ਰਵੀਂ ਪੁਲ ਉੱਤੋਂ ਦੀ ਲੰਘ ਕੇ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਗਏ। ਸਿੰਘ ਹਰਿਮੰਦਰ ਸਾਹਿਬ ਅੰਦਰ ਜਾ ਕੇ ਕੀ ਵੇਖਦੇ ਹਨ ਕਿ ਅੰਦਰ ਕੰਜਰੀ ਨੱਚ ਰਹੀ

ਸੀ, ਚੌਧਰੀ ਮੱਸਾ ਰੰਘੜ ਪਲੰਘ ਉੱਤੇ ਬੈਠਾ ਹੁੱਕਾ ਪੀ ਰਿਹਾ ਸੀ। ਚੌਧਰੀ ਮੱਸੇ ਦੇ ਲਾਗੇ ਮੂੜ੍ਹੇ ਉੱਤੇ ਸ਼ਾਹੀ ਕਾਜ਼ੀ ਬੈਠਾ ਸੀ। ਮੁਸਲਮਾਨਾਂ ਦੀ ਮਹਿਫ਼ਲ ਜੁੜੀ ਹੋਈ ਸੀ। ਸ਼ਰਾਬ ਤੇ ਕਬਾਬ ਦੇ ਦੌਰ ਚੱਲ ਰਹੇ ਸਨ। ਨਾਚ ਮੁਜਰੇ ਵਿਚ ਤਬਲੇ 'ਡੁਬਕ ਡੁਬਕ ਡੁੱਬੇ' ਬੋਲਦੇ ਸੀ। ਸਾਰੰਗੀ 'ਕੌਣ ਕੌਣ' ਪੁੱਛਦੀ ਸੀ। ਕੰਜਰੀ ਸਾਰੰਗ ਰਾਗ ਵਿਚ ਹੱਥਾਂ ਨਾਲ 'ਇਹ ਡੁੱਬੇ ਇਹ ਡੁੱਬੇ' ਬੋਲ ਰਹੀ ਸੀ। ਚੌਧਰੀ ਮੱਸੇ ਰੰਘੜ ਦੇ ਪਲੰਘ ਪਿੱਛੇ ਇਕ ਸਿੱਖ ਬਜ਼ੁਰਗ 65 ਸਾਲ ਦਾ ਸ. ਗਿਆਨ ਸਿੰਘ ਅਤੇ ਉਸ ਦੀ ਪੁੱਤਰੀ ਸਤਨਾਮ ਕੌਰ 25 ਕੁ ਵਰ੍ਹਿਆਂ ਦੀ, ਮੁਸ਼ਕਾਂ ਬਾਹਵਾਂ ਬੰਨ੍ਹ ਕੇ ਨੂੜ ਕੇ ਬਿਠਾਏ ਹੋਏ ਸਨ। ਬਜ਼ੁਰਗ ਗਿਆਨ ਸਿੰਘ ਤੇ ਉਸ ਦੀ ਜਵਾਨ ਧੀ ਨੂੰ ਚੌਧਰੀ ਮੱਸੇ ਰੰਘੜ ਦੀ ਗਸ਼ਤੀ ਫ਼ੌਜ ਕਿਸੇ ਪਿੰਡ ਵਿਚੋਂ ਫੜ ਕੇ ਲਿਆਈ ਸੀ। ਵਾਹਿਗੁਰੂ ਪਰਮਾਤਮਾ ਨੇ ਬੀਬੀ ਸਤਨਾਮ ਕੌਰ ਨੂੰ ਇਲਾਹੀ ਰੂਪ ਬਖਸ਼ਿਆ ਸੀ। ਚੌਧਰੀ ਮੱਸਾ ਰੰਘੜ ਕਈ ਦਿਨਾਂ ਤੋਂ ਗਿਆਨ ਸਿੰਘ ਤੇ ਉਸ ਦੀ ਪੁੱਤਰੀ ਸਤਨਾਮ ਕੌਰ ਨੂੰ ਦੁੱਖ ਦੇ ਰਿਹਾ ਸੀ। ਦੁਸ਼ਟ ਪਾਪੀ ਚੌਧਰੀ ਮੱਸਾ ਰੰਘੜ ਬੀਬੀ ਸਤਨਾਮ ਕੌਰ ਨੂੰ ਆਪਣੀ ਬੇਗ਼ਮ ਬਣਾਉਣਾ ਚਾਹੁੰਦਾ ਸੀ। ਚੌਧਰੀ ਮੱਸਾ ਰੰਘੜ ਕਹਿੰਦਾ ਸੀ ਕਿ ਬੁੱਢਿਆ, ਤੂੰ ਆਪਣੀ ਧੀ ਸਤਨਾਮ ਕੌਰ ਦਾ ਵਿਆਹ ਮੇਰੇ ਨਾਲ ਕਰ ਦੇ, ਮੈਂ ਤੈਨੂੰ ਧਨ ਨਾਲ ਮਾਲਾਮਾਲ ਕਰ ਦਿਆਂਗਾ। ਕਦੀ ਬੀਬੀ ਸਤਨਾਮ ਕੌਰ ਨੂੰ ਕਹਿੰਦਾ ਹੈ ਕਿ ਤੂੰ ਮੇਰੀ ਬੇਗ਼ਮ ਬਣ ਜਾਣ ਦੀ ਹਾਂ ਕਰ ਕੇ ਮੌਜਾਂ ਮਾਣ। ਹੁਣ ਮੈਂ ਮੰਡਿਆਲੇ ਦਾ ਚੌਧਰੀ ਨਹੀਂ, ਇਕ ਲੱਖ ਫ਼ੌਜ ਦਾ ਫ਼ੌਜਦਾਰ ਹਾਂ। ਪੱਟੀ ਅਤੇ ਕਸੂਰ ਦਾ ਮੈਂ ਸੂਬੇਦਾਰ ਹਾਂ। ਤੂੰ ਮੇਰੇ ਨਾਲ ਵਿਆਹ ਕਰਾਉਣ ਦੀ ਹਾਂ ਕਰ ਦੇ, ਹੁਣੇ ਸਾਰੇ ਦੁੱਖਾਂ ਤੋਂ ਛੁਟਕਾਰਾ ਹੋ ਜਾਊ। ਸੁੱਖ ਭੋਗੇਂਗੀ ਮੇਰੀ ਬੇਗ਼ਮ ਬਣ ਕੇ। ਤੇਰੇ ਅੱਗੇ-ਪਿੱਛੇ ਗੋਲੀਆਂ ਹੋਣਗੀਆਂ। ਇਕ ਵਾਰ ਹਾਂ ਕਰ ਦੇ, ਮਨਜ਼ੂਰ ਹੈ। ਮੇਰੀ ਪਿਆਰੀ ਜਾਨ, ਮੇਰੇ ਤੋਂ ਹੁਣ ਤੈਨੂੰ ਕੋਈ ਆਜ਼ਾਦ ਨਹੀਂ ਕਰਾ ਸਕਦਾ।

ਮੱਸਾ ਰੰਘੜ ਪਤਾ ਨਹੀਂ ਕਿੰਨੀਆਂ ਕੁ ਬੇਸ਼ਰਮੀ ਭਰੀਆਂ, ਬੇਥਵ੍ਹੀਆਂ ਬਕੀ ਜਾ ਰਿਹਾ ਸੀ।

ਬੀਬੀ ਸਤਨਾਮ ਕੌਰ, "ਬੇਸ਼ਰਮਾ, ਤੂੰ ਖ਼ੁਦਾ ਦਾ ਖ਼ੌਫ਼-ਡਰ ਭੁਲਾ ਕੇ ਰੱਬ ਦੇ ਘਰ ਦੀ ਬੇਅਦਬੀ ਕਰ ਰਿਹਾ ਹੈਂ, ਤੂੰ ਬਦ-ਨੀਤੀਆਂ ਕਰ ਰਿਹਾ ਹੈਂ। ਬੇਸ਼ਰਮਾ ਸਮਝ ਕਿ ਤੇਰੇ ਸਿਰ ਉੱਤੇ ਕਾਲ ਕੂਕ ਰਿਹਾ ਹੈ। ਇਤਨੀ ਅੱਤ ਰੱਬ ਨੂੰ ਨਹੀਂ ਭਾਉਂਦੀ। ਅੱਤ ਅਤੇ ਤੱਤ (ਸੱਚ) ਦਾ ਵੈਰ ਹੁੰਦਾ ਹੈ। ਦੁਸ਼ਟਾ, ਮੈਂ ਤੇਰੇ ਮੂੰਹ ਉੱਤੇ ਥੁੱਕਦੀ ਹਾਂ।"

ਮੱਸਾ ਰੰਘੜ, "ਓਹ ਬੁੱਢੇ ਗਿਆਨ ਸਿੰਘ, ਤੂੰ ਤਾਂ ਜ਼ਿੰਦਗੀ ਦੇ ਸੁੱਖ ਭੋਗ ਚੁੱਕਾ ਹੈਂ। ਤੂੰ ਆਪਣੀ ਧੀ ਦਾ ਮੇਰੇ ਨਾਲ ਨਿਕਾਹ/ਵਿਆਹ ਕਰ ਦੇ। ਤੇਰੀ ਧੀ

ਸੁੱਖ ਭੋਗੇਗੀ। ਤੂੰ ਵੀ ਮੁਸਲਮਾਨ ਬਣ ਜਾ, ਚਾਰ ਦਿਨ ਬੁਢੇਪੇ ਦੇ ਸੌਖੇ ਲੰਘਾ ਲਵੀਂ। ਹੁਣ ਬੁੱਢਿਆ ਕਿਸ ਅੜੀ ਵਿਚ ਪੈ ਕੇ ਦੁੱਖ ਭੋਗਦਾ ਹੈਂ। ਕਿਹੜੀ ਸਿੱਖੀ ਦੀ ਗੱਲ ਕਰਦਾ ਹੈਂ। ਹੁਣ ਤੇਰੇ ਕਿਸੇ ਗੁਰੂ ਨੇ ਆ ਕੇ ਛੁਡਾਉਣਾ ਨਹੀਂ। ਜੇ ਮੈਂ ਚਾਹਵਾਂ ਤਾਂ ਤੈਨੂੰ ਸੂਲੀ ਉੱਤੇ ਚਾੜ੍ਹ ਕੇ ਮਾਰ ਦੇਵਾਂ। ਚਾਹਵਾਂ ਤਾਂ ਤੇਰੀ ਪੁੱਠੀ ਖੱਲ ਲੁਹਾ ਦਿਆਂ। ਨਹੀਂ, ਨਹੀਂ, ਮੈਂ ਇੰਜ ਨਹੀਂ ਕਰਾਂਗਾ ਤੇਰੇ ਨਾਲ, ਤੈਨੂੰ ਮੁਸਲਮਾਨ ਬਣਾਵਾਂਗਾ। ਤੇਰੀ ਧੀ ਦਾ ਮੇਰੇ ਨਾਲ ਨਿਕਾਹ ਹੋਵੇਗਾ। ਤੂੰ ਆਪਣੀ ਧੀ ਦੀ ਆਪ ਮੇਰੇ ਹੱਥ ਬਾਂਹ ਫੜਾਵੇਂਗਾ। ਹੁਣ ਉਹ ਕੁਝ ਹੀ ਹੋਵੇਗਾ, ਜੋ ਮੈਂ ਚਾਹਾਂਗਾ।"

ਗਿਆਨ ਸਿੰਘ, "ਓਏ ਦੁਸ਼ਟਾ, ਉਹੋ ਕੁਝ ਹੀ ਹੋਵੇਗਾ, ਜੋ ਮੇਰੇ ਗੁਰੂ ਨੂੰ ਭਾਵੇਗਾ। ਯਾਦ ਰੱਖ, ਮੇਰੇ ਗੁਰੂ ਗੋਬਿੰਦ ਸਿੰਘ ਜੀ ਨੇ ਤੇਰੇ ਵਰਗੇ ਦੁਸ਼ਟਾਂ ਦਾ ਸਫਾਇਆ ਕਰਨ ਲਈ ਖ਼ਾਲਸਾ ਸਾਜਿਆ ਹੈ। ਮੇਰਾ ਗੁਰੂ ਖ਼ਾਲਸੇ ਨੂੰ ਜ਼ਰੂਰ ਭੇਜੇਗਾ, ਸਮਝ ਕਿ ਕਾਲ ਤੇਰੇ ਸਿਰ ਉੱਤੇ ਕੂਕ ਰਿਹਾ ਹੈ। ਤੈਨੂੰ ਤੇਰੀ ਇਕ ਲੱਖ ਫ਼ੌਜ ਵੀ ਬਚਾ ਨਹੀਂ ਸਕੇਗੀ।"

ਚੌਧਰੀ ਮੱਸੇ ਰੰਘੜ ਦੀਆਂ ਗੁਰੂ ਕੇ ਹਰਿਮੰਦਰ ਸਾਹਿਬ ਅੰਦਰ ਮਨਮਾਨੀਆਂ ਦਾ ਸਿਲਸਿਲਾ ਮੁਸਲਮਾਨੀ ਮਹਿਫ਼ਲ ਵੇਖ ਰਹੀ ਹੈ। ਚੌਧਰੀ ਮੱਸਾ ਰੰਘੜ ਗਾਉਣ ਵਾਲਿਆਂ ਨੂੰ ਗਾਉਣ ਦਾ, ਕੰਜਰੀ ਨੂੰ ਨੱਚਣ ਦਾ ਇਸ਼ਾਰਾ ਕਰਦਾ ਹੈ। ਤਬਲੇ ਵਾਲਾ ਤਬਲੇ ਦਾ ਤਾਲ ਬੰਨ੍ਹਦਾ ਹੈ, ਸਾਰੰਗੀ ਸਾਰੰਗ ਰਾਗ ਦੀਆਂ ਧੁਨਾਂ ਗਾਉਂਦੀ ਹੈ। ਵਾਜਾ ਵੱਜਦਾ ਹੈ। ਕੰਜਰੀ ਪੈਰਾਂ ਦੀਆਂ ਝਾਂਜਰਾਂ ਛਣਕਾਉਂਦੀ ਹੋਈ ਕਦੀ ਗੇੜਾ ਦੇਂਦੀ ਹੈ, ਕਦੀ ਧਰਤੀ ਤੋਂ ਉਪਰ ਉਛਲਦੀ ਹੈ। ਕਦੀ ਲੱਕ ਨੂੰ ਸੌ ਵਲ ਦੇਂਦੀ ਹੈ। ਮੁਸਲਮਾਨੀ ਮਹਿਫ਼ਲ ਗਾਉਣ ਵਾਲਿਆਂ ਨਾਲ ਸੁਰਾਂ ਰਲਾ ਕੇ ਗੁਣਗੁਣਾਉਂਦੀ ਹੈ। ਫੜ ਹੋਰ ਪੀ ਲੈ ਹਾੜ੍ਹਾ, ਸ਼ਰਾਬ ਤੇ ਕਬਾਬ ਦਾ ਦੌਰ ਚੱਲ ਰਿਹਾ ਹੈ। ਮੱਸਾ ਹੁੱਕਾ ਗੁੜਗੁੜਾਉਂਦਾ ਹੈ। ਮੱਸਾ ਗੰਦੇ ਗੀਤ ਬੋਲ ਕੇ ਹਕੂਮਤ ਅਤੇ ਸ਼ਰਾਬ ਦੇ ਨਸ਼ੇ ਵਿਚ ਖ਼ੁਸ਼ੀ ਪ੍ਰਗਟਾ ਰਿਹਾ ਹੈ। ਚੌਧਰੀ ਮੱਸਾ ਪਰਮਾਤਮਾ ਅਤੇ ਮੌਤ ਦੋਵਾਂ ਨੂੰ ਭੁੱਲਿਆ ਬੈਠਾ ਹੈ। ਗੁਰੂ ਕੇ ਹਰਿਮੰਦਰ ਸਾਹਿਬ ਦੀ ਹਕੂਮਤ ਦੇ ਨਸ਼ੇ ਵਿਚ ਬੇਅਦਬੀ ਕਰ ਰਿਹਾ ਹੈ। ਭਾਈ ਸੁੱਖਾ ਸਿੰਘ ਕੰਬੋਕੀ ਮਾੜੀ ਅਤੇ ਭਾਈ ਮਹਿਤਾਬ ਸਿੰਘ ਜੀ ਮੀਰਾਂਕੋਟ ਨੰਬਰਦਾਰਾਂ ਦੇ ਰੂਪ ਵਿਚ ਮਾਮਲੇ (ਠੀਕਰੀਆਂ) ਦੀਆਂ ਥੈਲੀਆਂ ਲੈ ਕੇ ਗੁਰੂ ਕੇ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਗਏ। ਇਹ ਹਾਲ ਵੇਖ ਕੇ ਸਿੰਘਾਂ ਦੇ ਤਨ-ਮਨ ਨੂੰ ਤਾਂ ਅੱਗ ਲੱਗ ਗਈ। ਸਿੰਘ ਘੁੱਟ ਵੱਟ ਗਏ। ਸਿੰਘਾਂ ਨੇ ਮਾਮਲੇ ਦੀਆਂ ਥੈਲੀਆਂ ਮੱਸੇ ਰੰਘੜ ਦੇ ਪਲੰਘ ਦੇ ਥੱਲੇ ਨੂੰ ਸੁੱਟੀਆਂ।

ਸ. ਮਹਿਤਾਬ ਸਿੰਘ ਨੇ ਕਿਹਾ, "ਚੌਧਰੀ ਜੀ, ਮਾਮਲਾ ਗਿਣ ਲਵੋ।"

ਜਦੋਂ ਮੱਸੇ ਰੰਘੜ ਨੇ ਨੰਬਰਦਾਰਾਂ ਦਾ ਮਾਮਲਾ ਗਿਣਨ ਲਈ ਝਾਤ ਪਾਈ, ਨਿਉਂ ਕੇ ਥੈਲੀਆਂ ਨੂੰ ਹੱਥ ਪਾਉਣ ਲੱਗਾ ਤਾਂ ਸਿੰਘਾਂ ਨੇ ਅੱਖ ਨਾ ਝਮਕਣ ਦਿੱਤੀ। ਸ਼ੇਰਦਿਲ ਸਰਦਾਰ ਮਹਿਤਾਬ ਸਿੰਘ ਮੀਰਾਂਕੋਟ ਨੇ ਤਲਵਾਰ ਮਾਰ ਕੇ ਚੌਧਰੀ ਮੱਸੇ ਰੰਘੜ ਦਾ ਹਦਵਾਣੇ ਵਰਗਾ ਸਿਰ ਵੱਢ ਲਿਆ। ਮੱਸੇ ਚੌਧਰੀ ਦਾ ਧੜ ਬਿਨਾਂ ਸਿਰ ਤੋਂ ਤੜਫਣ ਲੱਗਾ। ਬੀਰ ਬਹਾਦਰ ਸਰਦਾਰ ਸੁੱਖਾ ਸਿੰਘ ਕੰਬੋਕੀ ਮਾੜੀ ਵਾਲੇ ਨੇ 6-7 ਹੋਰਾਂ ਦੇ ਸਿਰ ਤਲਵਾਰ ਨਾਲ ਝਟਕਾ ਦਿੱਤੇ। ਇਸ ਵੇਲੇ ਸਿੰਘਾਂ ਦੇ ਹੱਲੇ ਦੇ ਵਾਤਾਵਰਣ ਨੂੰ ਮਹਾਨ ਕਵੀਸ਼ਰ ਸਰਦਾਰ ਜੋਗਾ ਸਿੰਘ ਜੋਗੀ ਤੁਗਲਵਾਲਾ (ਗੁਰਦਾਸਪੁਰ) ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

ਸਿੰਘ ਮੀਰਾਂਕੋਟੀ ਨੇ ਮਾਰੀ ਤੇਗ ਮਿੰਟ ਨਾ ਲਾਇਆ।
ਮੱਸੇ ਦਾ ਸਿਰ ਬੁੜ੍ਹਕਾ ਜਿਵੇਂ ਟੋਲਾ ਖਿੱਦੋ ਨੂੰ ਲਾਇਆ।
ਉਥੇ ਜ਼ਿੰਦਗੀ ਮਹਿੰਗੀ ਸੀ, ਸਿੰਘਾਂ ਕਰਤੀ ਮੌਤ ਸਵੱਲੀ।
ਪਈ ਭਾਜੜ ਮੁਗ਼ਲਾਂ ਨੂੰ, ਜਿਥੇ ਤੇਗ ਸਿੰਘਾਂ ਦੀ ਚੱਲੀ।

ਦੋਹਾਂ ਸਿੰਘਾਂ, ਜੁਝਾਰੂ ਬੱਬਰ ਸ਼ੇਰਾਂ ਨੇ ਘਮਸਾਨ ਘੱਤ ਦਿੱਤੀ। ਵਿਚੇ ਕੰਜਰੀ ਮਾਰੀ ਗਈ, ਵਿਚੇ ਸ਼ਾਹੀ ਕਾਜ਼ੀ ਮੁਹੰਮਦ ਬਖ਼ਸ਼ ਮਾਰਿਆ ਗਿਆ। ਖਚਾਖਚ ਭਰੇ ਹਰਿਮੰਦਰ ਸਾਹਿਬ ਵਿਚ ਮੁਸਲਮਾਨੀ ਮਹਿਫ਼ਲ ਵਿਚੋਂ ਕੋਈ ਮਾਈ ਦਾ ਲਾਲ ਸਾਹਮਣੇ ਨਾ ਆਇਆ, ਭਾਜੜ ਪੈ ਗਈ। ਮਜਲਸ ਵੇਖਣ ਆਏ ਮੌਤ ਤੋਂ ਡਰਦੇ ਸਿੰਘਾਂ ਦੇ ਪੈਰਾਂ ਉੱਤੇ ਡਿੱਗ ਕੇ ਮਿੰਨਤਾਂ ਕਰ ਰਹੇ ਸਨ। ਭਾਈ ਸੁੱਖਾ ਸਿੰਘ ਜੀ ਤੇ ਭਾਈ ਮਹਿਤਾਬ ਸਿੰਘ ਨੇ ਬੰਦੀ ਬਣਾਏ ਹੋਏ ਸਿੱਖ ਗਿਆਨ ਸਿੰਘ ਅਤੇ ਉਸ ਦੀ ਪੁੱਤਰੀ ਬੀਬੀ ਸਤਨਾਮ ਕੌਰ ਦੀਆਂ ਮੁਸ਼ਕਾਂ ਖੋਲ੍ਹੀਆਂ ਤੇ ਆਖਿਆ, "ਚਲੋ ਖ਼ਾਲਸਾ ਜੀ, ਕਾਇਮ ਹੋਵੋ, ਚਾਲੇ ਪਾਈਏ।"

ਸਿੰਘਾਂ ਨੇ ਮਜਲਸ ਵੇਖਣ ਆਇਆਂ ਨੂੰ ਭੇਡਾਂ ਵਾਂਗ ਅੱਗੇ ਲਾ ਕੇ ਹਰਿਮੰਦਰ ਸਾਹਿਬ ਵਿਚੋਂ ਫ਼ਤਹਿ ਬੁਲਾ ਕੇ ਛੇਤੀ-ਛੇਤੀ ਬਾਹਰ ਆ ਗਏ। ਚੌਧਰੀ ਮੱਸੇ ਦਾ ਸਿਰ ਭਾਈ ਸੁੱਖਾ ਸਿੰਘ ਕੰਬੋਕੀ ਮਾੜੀ ਵਾਲੇ ਨੇ ਨੇਜ਼ੇ/ਬਰਛੇ ਉੱਤੇ ਟੰਗਿਆ ਹੋਇਆ ਸੀ। ਸਿੰਘਾਂ ਨੇ ਦਰਸ਼ਨੀ ਡਿਉੜੀ ਤੋਂ ਬਾਹਰ ਆ ਕੇ ਮੱਥਾ ਟੇਕਿਆ। ਇਲਾਚੀ ਬੇਰ ਨਾਲੋਂ ਘੋੜੇ ਖੋਲ੍ਹ ਕੇ ਸਰੋਵਰ ਦੀਆਂ ਪ੍ਰਕਰਮਾਂ ਵਿਚੋਂ ਦੋ ਘੋੜੇ ਹੋਰ ਕਿੱਲੇ ਨਾਲੋਂ ਖੋਲ੍ਹ ਕੇ ਭਾਈ ਸੁੱਖਾ ਸਿੰਘ ਜੀ, ਭਾਈ ਮਹਿਤਾਬ ਸਿੰਘ ਜੀ ਅਤੇ ਬੰਦੀ ਛੁਡਾਏ ਸਿੱਖ ਗਿਆਨ ਸਿੰਘ ਤੇ ਉਸ ਦੀ ਪੁੱਤਰੀ ਸਤਨਾਮ ਕੌਰ ਘੋੜਿਆਂ ਨੂੰ ਅੱਡੀ ਲਾ ਗਏ। ਚੌਧਰੀ ਮੱਸੇ ਦੇ ਸਵਾਰ ਵੀ ਸਿੰਘਾਂ ਦੇ ਪਿੱਛੇ ਦੌੜੇ ਪਰ ਸਿੰਘਾਂ ਨੇ ਡਾਹ ਨਾ ਦਿੱਤੀ। ਮੱਸੇ ਦੇ ਸਵਾਰ ਹਾਰ ਕੇ ਮੁੜ ਆਏ। ਸਿੰਘ ਚੌਧਰੀ ਮੱਸੇ ਦਾ ਸਿਰ ਵੱਢ ਕੇ ਚਾਟੀਵਿੰਡ ਦਰਵਾਜ਼ੇ ਤੋਂ ਬਾਹਰ ਨਿਕਲ ਗਏ।

ਸਿੰਘਾਂ ਨੇ ਮੱਸੇ ਰੰਘੜ ਦਾ ਸਿਰ ਵੱਢ ਕੇ ਤਖ਼ਤ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਪੜਾਅ ਕੀਤਾ। ਦਮਦਮਾ ਸਾਹਿਬ ਦੀ ਪਵਿੱਤਰ ਧਰਤੀ ਉੱਤੇ

ਭਾਈ ਸੁੱਖਾ ਸਿੰਘ ਕੰਬੋਕੀ ਮਾੜੀ, ਭਾਈ ਮਹਿਤਾਬ ਸਿੰਘ ਮੀਰਾਂਕੋਟ, ਬੰਦੀ ਛੁਡਾਏ ਭਾਈ ਗਿਆਨ ਸਿੰਘ ਤੇ ਉਸ ਦੀ ਪੁੱਤਰੀ ਬੀਬੀ ਸਤਨਾਮ ਕੌਰ ਮੱਸੇ ਰੰਘੜ ਦਾ ਸਿਰ ਲੈ ਕੇ ਪਹੁੰਚਣ 'ਤੇ ਬਾਬਾ ਦੀਪ ਸਿੰਘ ਜੀ ਦੀ ਅਗਵਾਈ ਵਿਚ ਸਿੰਘਾਂ ਨੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਸਵਾਗਤ ਕੀਤਾ। ਤਖ਼ਤ ਸ੍ਰੀ ਦਮਦਮਾ ਸਾਹਿਬ ਅਸਥਾਨ ਉੱਤੇ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਜੀ ਨੇ ਨੰਬਰਦਾਰਾਂ ਵਾਲਾ ਭੇਸ ਉਤਾਰ ਕੇ ਖ਼ਾਲਸਾਈ ਸਿੰਘਾਂ ਵਾਲਾ ਬਾਣਾ ਪਹਿਨਿਆ। ਲੰਗਰ ਪਾਣੀ ਛਕਿਆ, ਘੋੜਿਆਂ ਨੂੰ ਵੀ ਪੱਠਾ-ਦਾਣਾ ਛਕਾ ਕੇ ਸਿੰਘਾਂ ਨੂੰ ਫ਼ਤਹਿ ਬੁਲਾ ਕੇ ਘੋੜਿਆਂ ਉੱਤੇ ਸਵਾਰ ਹੋ ਕੇ ਬੁੱਢਾ ਜੋਹੜ ਬੀਕਾਨੇਰ (ਰਾਜਸਥਾਨ) ਨੂੰ ਚਾਲੇ ਪਾ ਦਿੱਤੇ।

ਭਾਈ ਸੁੱਖਾ ਸਿੰਘ ਜੀ, ਭਾਈ ਮਹਿਤਾਬ ਸਿੰਘ ਜੀ ਨੇ ਮੱਸੇ ਰੰਘੜ ਦਾ ਸਿਰ ਬੁੱਢਾ ਜੋਹੜ (ਬੀਕਾਨੇਰ, ਰਾਜਸਥਾਨ) ਜਥੇਦਾਰ ਬਾਬਾ ਬੁੱਢਾ ਸਿੰਘ ਜੀ ਦੇ ਪੈਰਾਂ ਵਿਚ ਰੱਖ ਦਿੱਤਾ। ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ, ਭਾਈ ਗਿਆਨ ਸਿੰਘ ਤੇ ਉਸ ਦੀ ਪੁੱਤਰੀ ਬੀਬੀ ਸਤਨਾਮ ਕੌਰ ਦਾ ਬੁੱਢਾ ਜੋਹੜ ਮੱਸੇ ਰੰਘੜ ਦਾ ਸਿਰ ਵੱਢ ਕੇ ਲਿਆਉਣ ਦੀ ਖ਼ੁਸ਼ੀ ਵਿਚ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਅਕਾਸ਼ ਗੁੰਜਾਊ ਜੈਕਾਰਿਆਂ ਨਾਲ ਸਵਾਗਤ ਕੀਤਾ ਗਿਆ। ਸਿੰਘਾਂ ਵੱਲੋਂ ਮੱਸੇ ਰੰਘੜ ਦਾ ਸਿਰ ਵੱਢ ਕੇ ਲਿਜਾਣ ਦੀ ਖ਼ੁਸ਼ੀ ਵਿਚ ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਛਕੇ-ਛਕਾਏ ਗਏ। ਅਕਾਲ ਪੁਰਖ ਵਾਹਿਗੁਰੂ ਦਾ ਧੰਨਵਾਦ ਕੀਤਾ ਗਿਆ। ਜਥੇਦਾਰ ਬਾਬਾ ਬੁੱਢਾ ਸਿੰਘ ਜੀ ਦੇ ਹੁਕਮ ਉੱਤੇ ਸਿੰਘਾਂ ਨੇ ਮੱਸੇ ਰੰਘੜ ਦੇ ਸਿਰ ਨਾਲ ਖਿੱਦੋ-ਖੂੰਡੀ ਖੇਡੀ ਤੇ ਜਦੋਂ ਮੱਸੇ ਰੰਘੜ ਦੇ ਸਿਰ ਦੀ ਮਿੱਝ ਨਿਕਲ ਗਈ ਤਾਂ ਖ਼ਾਲਸਾ ਪੰਥ ਦੇ ਸਿੰਘਾਂ ਨੇ ਚੌਧਰੀ ਮੱਸੇ ਦਾ ਸਿਰ ਅੱਗ ਵਿਚ ਸਾੜ ਦਿੱਤਾ। ਸਿੱਖ ਕੌਮ, ਖ਼ਾਲਸਾ ਕੌਮ ਦੇ ਮਹਾਨ ਸੂਰਬੀਰ ਯੋਧੇ, ਜੁਝਾਰੂ ਬੱਬਰ ਸ਼ੇਰਾਂ ਨੇ 12 ਜੇਠ ਬਿਕ੍ਰਮੀ ਸੰਮਤ 1797 ਮੁਤਾਬਕ 6 ਮਈ ਸੰਨ 1740 ਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਕੀਤੀ ਜਾ ਰਹੀ ਬੇਅਦਬੀ ਦਾ ਬਦਲਾ ਦੁਪਹਿਰ ਵੇਲੇ ਦਿਨ ਦੇ 12 ਵਜੇ ਚੌਧਰੀ ਮੱਸੇ ਰੰਘੜ ਦਾ ਸਿਰ ਵੱਢ ਕੇ ਅਤੇ ਉਸ ਦੀ ਜੁੰਡਲੀ ਕਾਜ਼ੀ ਮੁਹੰਮਦ ਬਖ਼ਸ਼, ਕੰਜਰੀ ਅਤੇ ਹੋਰ ਦੁਸ਼ਟਾਂ ਦਾ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕਤਲੇਆਮ ਕਰ ਕੇ ਬਦਲਾ ਲਿਆ। ਇਸ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤ ਸਰੋਵਰ ਦੀ ਪਵਿੱਤਰਤਾ ਨੂੰ ਭਾਈ ਸੁੱਖਾ ਸਿੰਘ ਕੰਬੋਕੀ ਮਾੜੀ ਵਾਲੇ ਅਤੇ ਭਾਈ ਮਹਿਤਾਬ ਸਿੰਘ ਮੀਰਾਂਕੋਟ ਨੇ ਕਾਇਮ ਰੱਖਿਆ ਅਤੇ ਸ੍ਰੀ ਹਰਿਮੰਦਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਦੀ ਹਾਕਮਾਂ ਵੱਲੋਂ ਕੀਤੀ ਬੇਅਦਬੀ ਦਾ ਬਦਲਾ ਲੈਣ ਦੀ ਜਾਚ ਖ਼ਾਲਸਾ ਪੰਥ ਨੂੰ ਸਿਖਾਈ। ਜੁਝਾਰੂ ਸਿੰਘਾਂ ਨੇ ਖ਼ਾਲਸਾ ਪੰਥ ਦਾ ਸੁਨਹਿਰੀ ਅਣਖੀਲਾ ਇਤਿਹਾਸ ਸਿਰਜਿਆ ਹੈ। ਭਾਈ ਸੁੱਖਾ ਸਿੰਘ ਜੀ ਕੰਬੋਕੀ ਮਾੜੀ ਤੇ ਭਾਈ ਮਹਿਤਾਬ ਸਿੰਘ ਜੀ ਮੀਰਾਂਕੋਟ ਦੀ ਕੀਤੀ

ਗਈ ਕੁਰਬਾਨੀ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤ ਸਰੋਵਰ ਅੰਮ੍ਰਿਤਸਰ ਦੀ ਬੇਅਦਬੀ ਕਰਨ ਵਾਲੇ ਸਿੱਖ ਪੰਥ ਵਿਰੋਧੀ ਹਾਕਮਾਂ ਨੂੰ ਸੋਧਣ ਲਈ ਸਿੱਖਾਂ ਨੂੰ ਪ੍ਰੇਰਨਾ, ਬਲ, ਤਾਕਤ ਬਖ਼ਸ਼ਦੀ ਰਹੇਗੀ।

ਜਦੋਂ ਤਕ ਚੌਧਰੀ ਮੱਸੇ ਰੰਘੜ ਵਰਗੇ ਮਹਾਂ ਦੁਸ਼ਟ ਪਾਪੀ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤ ਸਰੋਵਰ, ਅੰਮ੍ਰਿਤਸਰ ਦੀ ਬੇਅਦਬੀ ਦੀ ਕਮੀਨਗੀ, ਕਦੀ ਅਹਿਮਦ ਸ਼ਾਹ ਅਬਦਾਲੀ ਦੇ ਰੂਪ ਵਿਚ, ਕਦੀ ਹਿੰਦੁਸਤਾਨ ਦੀ ਮਰਹੂਮ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਰੂਪ ਵਿਚ ਹਿੰਦੁਸਤਾਨ ਦੀ ਫ਼ੌਜ ਦੇ ਮੁਖੀ ਜਨਰਲ ਅਰੁਣ ਕੁਮਾਰ ਵੈਦਿਆ ਦੇ (ਜੂਨ 1984) ਰੂਪ ਵਿਚ, ਕਦੀ ਅਖੌਤੀ ਪੰਥਕ ਸਰਕਾਰ ਦੇ ਮੁੱਖ ਮੰਤਰੀ ਦਿੱਲੀ ਸਰਕਾਰ ਨੂੰ ਖ਼ੁਸ਼ ਕਰਨ ਲਈ ਸੁਰਜੀਤ ਸਿਹੁੰ ਬਰਨਾਲਾ ਵਰਗੇ ਕਰਦੇ ਰਹਿਣਗੇ, ਉਦੋਂ ਤਕ ਸ਼ਹੀਦ ਭਾਈ ਸੁੱਖਾ ਸਿੰਘ ਜੀ ਕੰਬੋਕੀ ਮਾੜੀ, ਸ਼ਹੀਦ ਭਾਈ ਮਹਿਤਾਬ ਸਿੰਘ ਜੀ ਮੀਰਾਂਕੋਟ ਦੇ ਵਾਰਸ ਸ਼ਹੀਦ ਭਾਈ ਬੇਅੰਤ ਸਿੰਘ ਜੀ ਮਲੋਆ, ਸ਼ਹੀਦ ਭਾਈ ਸਤਵੰਤ ਸਿੰਘ ਜੀ ਅਗਵਾਨ, ਸ਼ਹੀਦ ਭਾਈ ਕਿਹਰ ਸਿੰਘ ਜੀ ਮੁਸਤਫ਼ਾਬਾਦ (31 ਅਕਤੂਬਰ 1984 ਇੰਦਰਾ ਕਾਂਡ ਦਿੱਲੀ), ਸ਼ਹੀਦ ਭਾਈ ਮਥਰਾ ਸਿੰਘ ਜੀ ਚੌੜਾ ਮਧਰਾ (ਗੁਰਦਾਸਪੁਰ), ਸ਼ਹੀਦ ਭਾਈ ਹਰਜਿੰਦਰ ਸਿੰਘ ਜੀ ਜਿੰਦਾ ਗਦਲੀ (ਅੰਮ੍ਰਿਤਸਰ), ਸ਼ਹੀਦ ਭਾਈ ਸੁਖਦੇਖ ਸਿੰਘ ਜੀ ਸੁੱਖਾ ਰਾਜਸਥਾਨੀ (ਵੈਦਿਆ ਕਾਂਡ ਪੂਨਾ, 10 ਅਗਸਤ 1986) ਦੇ ਰੂਪ ਵਿਚ ਪ੍ਰਗਟ ਹੋ ਕੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਜੂਨ 1984 ਵਿਚ ਕੀਤੀ ਗਈ ਬੇਅਦਬੀ ਦਾ ਬਦਲਾ ਲੈਂਦੇ ਰਹਿਣਗੇ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਪਵਿੱਤਰਤਾ ਬਹਾਲ ਰੱਖਣ ਖ਼ਾਤਰ ਹੱਸ-ਹੱਸ ਕੇ ਸ਼ਹੀਦੀਆਂ ਪਾਉਂਦੇ ਰਹਿਣਗੇ। ਸ਼ਹੀਦ ਭਾਈ ਸੁੱਖਾ ਸਿੰਘ ਜੀ ਕੰਬੋਕੀ ਮਾੜੀ ਅਤੇ ਸ਼ਹੀਦ ਭਾਈ ਮਹਿਤਾਬ ਸਿੰਘ ਜੀ ਮੀਰਾਂਕੋਟ ਦੇ ਵਾਰਸ ਅਮਰ ਰਹਿਣਗੇ।

ਸਦਾ ਜੰਮਦੇ ਰਹਿਣਗੇ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਦੇ ਵਾਰਸ।

ਨੋਟ : ਸ਼ਹੀਦ ਭਾਈ ਸੁੱਖਾ ਸਿੰਘ ਜੀ ਕੰਬੋਕੀ ਮਾੜੀ, ਸ਼ਹੀਦ ਭਾਈ ਮਹਿਤਾਬ ਸਿੰਘ ਜੀ ਮੀਰਾਂਕੋਟ ਵੱਲੋਂ ਮੱਸੇ ਰੰਘੜ ਦਾ ਸਿਰ ਵੱਢਣ ਦੇ ਦਿਨ ਬਾਰੇ ਇਤਿਹਾਸਕਾਰਾਂ ਦੇ ਵੱਖ-ਵੱਖ ਵਿਚਾਰ ਹਨ :

1. ਤਵਾਰੀਖ਼ ਗੁਰੂ ਖ਼ਾਲਸਾ, ਭਾਗ ਦੂਜਾ, ਗਿਆਨੀ ਗਿਆਨ ਸਿੰਘ ਜੀ, ਪੰਨਾ 132, 12 ਜੇਠ ਬਿਕ੍ਰਮੀ 1797.

2. ਕੇਂਦਰੀ ਸਿੱਖ ਅਜਾਇਬ ਘਰ, ਅੰਮ੍ਰਿਤਸਰ ਦੀ ਤਸਵੀਰ ਹੇਠਾਂ 6 ਮਈ 1740.

3. ਸਾਡਾ ਇਤਿਹਾਸ, ਭਾਗ ਦੂਜਾ, ਪ੍ਰਿੰਸੀਪਲ ਸਤਿਬੀਰ ਸਿੰਘ, ਪੰਨਾ 133, 6 ਮਈ 1740.

4. ਭਾਈ ਰਤਨ ਸਿੰਘ ਭੰਗੂ, ਗੁਰ ਪੰਥ ਪ੍ਰਕਾਸ਼, ਪੰਨਾ 312, ਭਾਦਰੋਂ ਮਹੀਨੇ ਦੀ ਦੁਪਹਿਰ, ਸੰਮਤ 1797 ਬਿਕ੍ਰਮੀ।

5. ਮੱਸੇ ਰੰਘੜ ਵੱਲੋਂ ਬੰਦੀ ਬਣਾਏ ਗਏ ਸ. ਗਿਆਨ ਸਿੰਘ ਤੇ ਉਸ ਦੀ ਪੁੱਤਰੀ ਬੀਬੀ ਸਤਨਾਮ ਕੌਰ ਨੂੰ ਛੁਡਾਉਣ ਸੰਬੰਧੀ ਸ. ਕਰਮ ਸਿੰਘ ਜ਼ਖ਼ਮੀ ਨੇ 'ਸਿੱਖ ਇਤਿਹਾਸ ਦੇ ਹੀਰੇ' ਵਿਚ ਲਿਖਿਆ ਹੈ।

ਕਾਂਡ 12

6 ਮਈ ਸੰਨ 1740, ਮੁਤਾਬਕ 12 ਜੇਠ ਸੰਮਤ 1797 ਬਿਕ੍ਰਮੀ ਦੁਪਹਿਰ ਦੇ 12 ਵੱਜੇ ਹਨ। ਚੌਧਰੀ ਮੱਸੇ ਰੰਘੜ ਦੀ ਘਰਵਾਲੀ ਰੋਸ਼ਨਾ ਬੇਗ਼ਮ ਚਾਰ-ਪੰਜ ਗੋਲੀਆਂ ਨੂੰ ਨਾਲ ਲੈ ਕੇ ਉਹਨਾਂ ਦੇ ਸਿਰ ਉੱਤੇ ਚੌਧਰੀ ਮੱਸੇ ਵਾਸਤੇ ਪ੍ਰਸ਼ਾਦਾ ਚੁਕਾ ਕੇ ਸਰਕਾਰੀ ਘਰ ਤੋਂ ਗੁਰੂ ਕੇ ਹਰਿਮੰਦਰ ਸਾਹਿਬ ਵੱਲ ਜਾ ਰਹੀ ਹੈ। ਰੋਸ਼ਨਾ ਬੇਗ਼ਮ ਨੇ ਮੂੰਹ 'ਤੇ ਕਾਲਾ ਬੁਰਕਾ ਪਾਇਆ ਹੋਇਆ ਹੈ। ਬੜਾ ਗਹਿਣਾ, ਸੋਨਾ, ਚਾਂਦੀ, ਕੀਮਤੀ ਕੱਪੜੇ ਪਾ ਕੇ ਸ਼ਿੰਗਾਰ ਕੀਤਾ ਹੋਇਆ ਹੈ। ਰੋਸ਼ਨਾ ਬੇਗ਼ਮ ਬੜੇ ਰੋਹਬ-ਦਾਬ ਨਾਲ ਗੋਲੀਆਂ ਨਾਲ ਆ ਰਹੀ ਹੈ।

ਰੋਸ਼ਨਾ ਬੇਗ਼ਮ, "ਨੀ ਕੰਮੋ, ਛੇਤੀ ਤੁਰੋ, ਚੌਧਰੀ ਸਾਹਿਬ ਗੁੱਸੇ ਹੋਣਗੇ, ਉਹਨਾਂ ਨੂੰ ਭੁੱਖ ਲੱਗੀ ਹੋਣੀ ਆਂ।"

ਗੋਲੀ ਰਿਆਜ਼, "ਬੀਬੀ ਜੀ ਬੇਗ਼ਮ ਸਾਹਿਬਾ, ਅਸੀਂ ਤੇ ਰੋਟੀ ਕੱਲ੍ਹ ਨਾਲੋਂ ਵੀ ਪਹਿਲਾਂ ਤਿਆਰ ਕਰ ਲਈ ਸੀ, ਤੁਸੀਂ ਨਹੀਂ ਤੁਰੇ।"

ਰੋਸ਼ਨਾ ਬੇਗ਼ਮ, "ਰਿਆਜ਼, ਗੱਲ ਤੇਰੀ ਠੀਕ ਹੈ, ਮੈਂ ਹੀ ਤਿਆਰ ਹੁੰਦਿਆਂ ਵੱਧ ਸਮਾਂ ਲਾ ਦਿੱਤਾ। ਚਲੋ ਕੋਈ ਗੱਲ ਨਹੀਂ। ਅੱਜ ਮੈਂ ਚੱਲੀ ਵੀ ਅੱਗੇ ਨਾਲੋਂ ਵਧ ਫੱਬ ਕੇ ਹਾਂ। ਜਦੋਂ ਚੌਧਰੀ ਮੀਏਂ ਨੇ ਮੇਰੇ ਵੱਲ ਤੱਕਿਆ ਤਾਂ ਉਹਨਾਂ ਨੂੰ ਉਂਝ ਹੀ ਸਭ ਕੁਝ ਭੁੱਲ ਜਾਣਾ ਹੈ। ਨਾਲੇ ਹੁਣ ਅੱਲ੍ਹਾ ਤਾਅਲਾ ਦੀ ਮਿਹਰ ਨਾਲ ਚੌਧਰੀ ਮੀਏਂ ਸਾਹਿਬ ਨੂੰ ਖ਼ਾਨ ਬਹਾਦਰ ਨੇ ਪੱਟੀ ਤੇ ਕਸੂਰ ਦਾ ਮਾਮਲਾ ਵੀ ਲਿਖ ਦਿੱਤਾ ਹੈ। ਹੁਣ ਤਾਂ ਸੁੱਖ ਨਾਲ ਚੌਧਰੀ ਸਾਹਿਬ ਇਕ ਲੱਖ ਫ਼ੌਜ ਦੇ ਮੁਖੀ ਹਨ। ਅੱਲ੍ਹਾ ਤਾਅਲਾ ਦੀਆਂ ਬੜੀਆਂ ਰਹਿਮਤਾਂ ਹੋਈਆਂ ਨੇ। ਚੌਧਰੀ ਮੀਆਂ ਰਾਤੀਂ ਕਹਿੰਦਾ ਸੀ, ਜ਼ਿੰਦਗੀ ਦੇ ਚਾਰ ਦਿਨ ਮੌਜਾਂ ਮਾਣ ਲਈਏ।"

ਗੋਲੀ ਕੰਮੋ, "ਬੀਬੀ ਸਾਹਿਬ, ਅਹੁ ਵੇਖੋ ਸਾਹਮਣੇ ਤੋਂ ਬੜੇ ਲੋਕ ਭੱਜੇ ਆਉਂਦੇ ਆ।"

ਰਿਆਜ਼, "ਮੈਂ ਤਾਂ ਆਖਦੀ ਆਂ ਮੇਲਾ-ਨਾਚ ਮੁਜਰਾ ਵੇਖਣ ਆਏ ਨਾ ਕਿਤੇ ਆਪਸ ਵਿਚ ਲੜ ਪਏ ਹੋਣ।"

ਰੋਸ਼ਨਾ ਬੇਗ਼ਮ, "ਰਿਆਜ਼, ਤੁਹਾਨੂੰ ਚੌਧਰੀ ਮੀਏਂ ਦੇ ਸੁਭਾਅ ਦਾ ਪਤਾ ਈ ਹੈ। ਇਹ ਹੈ ਵੀ ਬੜੇ ਦਲੇਰ ਹਨ। ਫਿਰ ਹਾਕਮ ਕੀ ਤੇ ਕੰਜੂਸ ਕੀ ? ਹੁਣ ਤਾਂ

ਅੰਬਰਸਰ (ਅੰਮ੍ਰਿਤਸਰ) ਉੱਤੇ ਸੁੱਖ ਨਾਲ ਆਪਣੇ ਚੌਧਰੀ ਮੀਏਂ ਸਾਹਿਬ ਦੀ ਹਕੂਮਤ ਹੈ।"

ਕੰਮੋ, "ਬੀਬੀ ਸਾਹਿਬਾ, ਆਪਾਂ ਨੂੰ ਪਤਾ ਕਰ ਲੈਣਾ ਚਾਹੀਦਾ ਹੈ, ਲੜਾਈ ਝਗੜਾ ਹੈ ਤਾਂ ਆਪਾਂ ਨਾ ਜਾਈਏ। ਪੁੱਛ ਲਈਏ।"

ਰੋਸ਼ਨਾ ਬੇਗ਼ਮ, "ਨਹੀਂ ਕੰਮੋ, ਇੰਝ ਨਹੀਂ ਹੋ ਸਕਦਾ। ਤੁਹਾਨੂੰ ਪਤਾ ਨਹੀਂ ਚੌਧਰੀ ਸਾਹਿਬ ਦੇ ਰੋਹਬ ਅੱਗੇ ਕੋਈ ਨਹੀਂ ਕੁਸਕ ਸਕਦਾ। ਚੌਧਰੀ ਸਾਹਿਬ ਦੇ ਹੁਕਮ ਬਿਨਾਂ ਪੱਤਾ ਨਹੀਂ ਹਿੱਲ ਸਕਦਾ। ਚੌਧਰੀ ਸਾਹਿਬ ਹਾਕਮ ਹਨ, ਹਾਕਮ। ਕੋਈ ਮਖ਼ੌਲ ਦੀ ਗੱਲ ਥੋੜ੍ਹੀ ਹੈ। ਖ਼ਾਨ ਬਹਾਦਰ ਮੀਏਂ ਦੀ ਪਿੱਠ 'ਤੇ ਹੈ।"

ਰੋਸ਼ਨਾ ਬੇਗ਼ਮ ਗੋਲੀਆਂ ਨਾਲ ਘੰਟਾ ਘਰ ਚੌਂਕ ਵਿਚ ਪਹੁੰਚ ਗਈ। ਰੋਸ਼ਨਾ ਬੇਗ਼ਮ ਕੀ ਵੇਖਦੀ ਹੈ ਕਿ ਲੋਕਾਂ ਵਿਚ ਭਾਜੜ ਪਈ ਹੋਈ ਹੈ।

ਰੋਸ਼ਨਾ ਬੇਗ਼ਮ ਇਕ ਭੱਜੇ ਆਉਂਦੇ ਆਦਮੀ ਨੂੰ ਪੁੱਛਦੀ ਹੈ, "ਭਾਈ ਜਾਨ, ਕੀ ਗੱਲ ਹੈ? ਲੋਕ ਬੜੇ ਡਰੇ ਹੋਏ ਭੱਜੇ ਜਾ ਰਹੇ ਹਨ।"

ਭੱਜਾ ਜਾਂਦਾ ਰਾਹਗੀਰ ਰੁਕ ਕੇ, "ਬੇਗ਼ਮ ਸਾਹਿਬਾ, ਮੁੜ ਜਾਓ ਪਿਛਾਂਹ ਨੂੰ, ਸਿੰਘ ਆਣ ਪਏ ਈ।" ਹਰਫਲੇ ਹੋਏ ਰਾਹਗੀਰ ਨੇ ਕੰਬਦੇ-ਕੰਬਦੇ, ਸਾਹ ਚੜ੍ਹੇ ਹੋਏ ਨੇ ਮਸਾਂ ਹੀ ਆਖਿਆ।

ਰੋਸ਼ਨਾ ਬੇਗ਼ਮ, "ਭਾਈ ਜਾਨ, ਹੌਸਲੇ ਨਾਲ ਦੱਸ, ਕੀ ਗੱਲ ਹੋਈ, ਕਿੰਨੇ ਕੁ ਸਿੰਘ ਆ ਪਏ?"

ਰਾਹਗੀਰ, "ਬੇਗ਼ਮ ਸਾਹਿਬ, ਮੈਂ ਤਬਲੇ ਵਾਲਾ ਈ, ਦੋ ਸਿੰਘ ਨੰਬਰਦਾਰ ਬਣ ਕੇ ਆਏ ਈ। ਚੌਧਰੀ ਮੀਏਂ ਨੂੰ ਮਾਰ ਦਿੱਤਾ, ਸਿੰਘਾਂ ਨੇ ਕੰਜਰੀ ਵੀ ਮਾਰ ਦਿੱਤੀ, ਸ਼ਾਹੀ ਕਾਜ਼ੀ ਵੀ ਮਾਰ ਦਿੱਤਾ ਹੈ। ਚੌਧਰੀ ਮੀਆਂ ਵੱਢ ਦਿੱਤਾ, ਬਾਕੀ ਦਿਆਂ ਨੂੰ ਵੱਢੀ ਜਾ ਰਹੇ ਨੇ। ਮੈਂ ਤੇ ਦੋ ਨੰਬਰਦਾਰ ਹੀ ਵੇਖੇ, ਜਿਨ੍ਹਾਂ ਮਾਮਲਾ ਤਾਰ ਦਿੱਤਾ, ਚੌਧਰੀ ਮੀਏਂ ਨੂੰ ਮਾਰ ਦਿੱਤਾ। ਬਾਹਰ ਪਤਾ ਨਹੀਂ ਕਿੰਨੇ ਕੁ ਸਿੰਘ ਹੋਣਗੇ। ਮੁੜ ਜਾ ਪਿਛਾਂਹ ਨੂੰ, ਚੰਗੀ ਰਹੇਂਗੀ। ਸਿੰਘ ਪਹਿਰੇ ਵਾਲਿਆਂ ਤੋਂ ਵੀ ਨਹੀਂ ਡਰੇ। ਸਿੰਘਾਂ ਦੇ ਬੱਬਰ ਸ਼ੇਰਾਂ ਵਰਗੇ ਮੂੰਹ ਹਨ। ਨੇਤਰ ਅੰਗਿਆਰਾਂ ਵਾਂਗ ਬਲਦੇ ਹਨ। ਬੜੇ ਦਲੇਰ ਹਨ ਸਿੰਘ, ਪਤਾ ਨਹੀਂ ਉਹਨਾਂ ਸਿੰਘਾਂ ਨੇ ਹਰਿਮੰਦਰ ਸਾਹਿਬ ਅੰਦਰ ਕੋਈ ਜਿਉਂਦਾ ਛੱਡਿਆ ਕਿ ਨਹੀਂ। ਬੱਸ, ਸਿੰਘਾਂ ਨੇ ਤਲਵਾਰਾਂ ਨਾਲ ਇਕ-ਇਕ ਮੋਮਨ ਦੇ ਦੋ-ਦੋ ਡੱਕਰੇ ਕਰ ਦਿੱਤੇ ਹਨ, ਜਿਹੜੇ ਰੌਣਕ ਮੇਲਾ ਵੇਖਣ ਆਏ ਸੀ। ਅਸੀਂ ਤੇ ਮੁੜ ਕੇ ਇਸ ਪਾਸੇ ਵੱਲ ਪੈਰ ਨਹੀਂ ਪਾਉਣਾ। ਕਿਸੇ ਨੇ ਸਿੰਘਾਂ ਨੂੰ ਸਿਆਣਿਆ ਨਹੀਂ, ਸਿੰਘ ਨੰਬਰਦਾਰ ਬਣ ਕੇ ਆਏ ਤੇ ਚੌਧਰੀ ਮੀਏਂ ਅਤੇ ਸਾਥੀਆਂ ਨੂੰ ਮਾਰ ਦਿੱਤਾ। ਅਸੀਂ ਭੱਜ ਕੇ ਜਾਨ ਬਚਾਈ।"

ਰੋਸ਼ਨਾ ਬੇਗ਼ਮ ਨੇ ਜਦੋਂ ਤਬਲੇ ਵਾਲੇ ਤੋਂ ਚੌਧਰੀ ਮੱਸੇ ਰੰਘੜ ਦੇ ਕਤਲ ਦੀ ਖ਼ਬਰ ਸੁਣੀ ਤਾਂ ਰੋਣ-ਪਿੱਟਣ ਲੱਗ ਪਈ। ਰੋਟੀਆਂ ਰਾਹ ਦੇ ਵਿਚ ਹੀ ਰਹਿ

ਗਈਆਂ, ਗੋਲੀਆਂ ਦੇ ਸਿਰਾਂ ਤੋਂ ਰੋਟੀਆਂ ਵਾਲੀ ਚੰਗੇਰ ਡਿੱਗ ਪਈ, ਜਿਹੜੀਆਂ ਚੌਧਰੀ ਮੱਸੇ ਨੇ ਖਾਣੀਆਂ ਸਨ। ਰੋਸ਼ਨਾ ਬੇਗ਼ਮ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਜਿਹੜੀ ਕੁਝ ਪਲ ਪਹਿਲਾਂ ਕਹਿੰਦੀ ਸੀ, ਮੈਂ ਅੱਜ ਫੱਬ ਕੇ ਚੱਲੀ ਹਾਂ, ਜਿਹੜੀ ਆਪਣੇ ਫੱਬਣ ਦੀਆਂ ਗੱਲਾਂ ਕਰਦੀ ਸੀ, ਪੈ ਗਏ ਸਿਰ ਦੇ ਵਾਲ ਖੁੱਲ੍ਹ ਕੇ ਗਲ ਵਿਚ, ਲਾਹ ਦਿੱਤਾ ਮੂੰਹ ਤੋਂ ਕਾਲਾ ਬੁਰਕਾ, ਮਾਰਦੀ ਧਾਹਾਂ ਰੋਸ਼ਨਾ ਬੇਗ਼ਮ ਚੌਧਰੀ ਮੱਸੇ ਨੂੰ ਯਾਦ ਕਰ ਕੇ, ਰੋਂਦੀ-ਪਿੱਟਦੀ ਹੋਈ ਰੋਸ਼ਨਾ ਬੇਗ਼ਮ ਨੇ ਹਰਿਮੰਦਰ ਸਾਹਿਬ ਅੰਦਰ ਜਾ ਕੇ ਵੇਖਿਆ।

ਸਿੰਘਾਂ ਨੇ ਤਲਵਾਰ ਦੀ ਘਮਸਾਨ ਘੱਤੀ ਹੋਈ ਸੀ। ਚੌਧਰੀ ਮੱਸਾ ਰੰਘੜ, ਕਾਜ਼ੀ, ਮੁਲਾਣੇ, ਕੰਜਰੀ, ਵਾਜੇ-ਸਾਜੇ ਵਾਲੇ ਅਤੇ ਜਿਹੜੇ ਸਿੰਘਾਂ ਦੇ ਗੁਰੂ ਕੇ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਮੁਜਰਾ, ਰੌਣਕ-ਮੇਲਾ ਵੇਖਣ ਆਏ ਸੀ, ਸਿੰਘਾਂ ਨੇ ਤੇਗ਼ ਨਾਲ ਇਕ-ਇਕ ਦੇ ਦੋ-ਦੋ ਟੋਟੇ ਕੀਤੇ ਹੋਏ ਸਨ। ਜਿਥੇ ਕੁਝ ਪਲ ਪਹਿਲਾਂ ਨਾਚ-ਮੁਜਰੇ ਹੋ ਰਹੇ ਸਨ, ਮਹਿਫ਼ਲਾਂ ਲੱਗੀਆਂ ਹੋਈਆਂ ਸਨ, ਉਹ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੁਸ਼ਟਾਂ ਦੀ ਕਤਲਗਾਹ ਬਣਿਆ ਹੋਇਆ ਸੀ। ਸਿੰਘਾਂ ਨੇ ਖ਼ੂਨ ਦੇ ਰੋੜ੍ਹ ਵਗਾ ਦਿੱਤੇ ਸਨ। ਰੋਸ਼ਨਾ ਬੇਗ਼ਮ ਨੇ ਵੇਖਿਆ ਕਿ ਚੁਫੇਰੇ ਸਿਰ ਤੇ ਧੜ ਖਿੱਲਰੇ ਪਏ ਹਨ, ਪਰ ਹਰਿਮੰਦਰ ਸਾਹਿਬ ਅੰਦਰ ਚੌਧਰੀ ਮੱਸੇ ਦਾ ਸਿਰ ਨਹੀਂ ਹੈ। ਚੌਧਰੀ ਮੱਸੇ ਰੰਘੜ ਦਾ ਧੜ ਬਿਨਾਂ ਸਿਰ ਤੋਂ ਪਿਆ ਹੈ। ਸਿੱਖ ਕੌਮ, ਖ਼ਾਲਸਾ ਪੰਥ ਦੇ ਜੁਝਾਰੂ ਬੱਬਰ ਸ਼ੇਰ ਆਪਣਾ ਕੰਮ ਕਰ ਕੇ ਚੌਧਰੀ ਮੱਸੇ ਦਾ ਸਿਰ ਵੱਢ ਕੇ ਨੇਜ਼ੇ/ਬਰਛੇ ਉੱਤੇ ਟੰਗ ਕੇ ਘੋੜਿਆਂ ਨੂੰ ਅੱਡੀ ਲਾ ਗਏ ਸਨ।

ਰੋਸ਼ਨਾ ਬੇਗ਼ਮ ਨੇ ਪਿੰਡ ਮੰਡਿਆਲੇ ਚੌਧਰੀ ਮੱਸੇ ਦੇ ਭਰਾਵਾਂ ਤੇ ਭਤੀਜਿਆਂ ਨੂੰ ਸੁਨੇਹਾ ਭੇਜਿਆ। ਸੁਨੇਹਾ ਸੁਣ ਕੇ ਮੱਸੇ ਦੇ ਭਰਾ ਤੇ ਭਤੀਜੇ ਰੋਂਦੇ-ਪਿੱਟਦੇ ਆ ਗਏ। ਰੋਸ਼ਨਾ ਬੇਗ਼ਮ ਨੇ ਮੱਸੇ ਦੇ ਭਰਾਵਾਂ ਨੂੰ ਨਾਲ ਲਿਆ ਅਤੇ ਕੁਝ ਫ਼ੌਜ ਦੇ ਸਿਪਾਹੀ ਨਾਲ ਲੈ ਕੇ ਚੌਧਰੀ ਮੱਸੇ ਦੀ ਲਾਸ਼ ਗੱਡੇ ਉੱਤੇ ਰੱਖ ਕੇ ਲਾਹੌਰ ਨੂੰ ਤੁਰ ਪਈ।

ਚੌਧਰੀ ਮੱਸੇ ਰੰਘੜ ਦਾ ਬਿਨਾਂ ਸਿਰ ਤੋਂ ਧੜ ਜ਼ਕਰੀਆ ਖ਼ਾਨ ਬਹਾਦਰ ਸੂਬੇਦਾਰ ਲਾਹੌਰ ਦੀ ਕਚਹਿਰੀ ਵਿਚ ਜ਼ਕਰੀਆ ਖ਼ਾਨ ਦੇ ਸਾਹਮਣੇ ਜਾ ਰੱਖਿਆ। ਰੋਸ਼ਨਾ ਬੇਗ਼ਮ ਜ਼ਕਰੀਆ ਖ਼ਾਨ ਦੇ ਸਾਹਮਣੇ ਰੋਣ-ਪਿੱਟਣ ਲੱਗ ਪਈ। ਵੈਣ 'ਤੇ ਵੈਣ ਪਾਵੇ, "ਖ਼ਾਨ ਬਹਾਦਰ, ਅਸੀਂ ਲੁੱਟੇ ਗਏ। ਮੇਰੇ ਭਾਣੇ ਜਹਾਨ ਖ਼ਾਲੀ ਹੋ ਗਿਆ। ਤੇਰੀ ਹਕੂਮਤ ਦੇ ਹੁੰਦਿਆਂ ਬਾਗ਼ੀ ਸਿੰਘਾਂ ਨੇ ਮੇਰਾ ਸਿਰ ਦਾ ਸਾਈਂ ਮਾਰ ਦਿੱਤਾ। ਬਾਗ਼ੀ ਸਿੰਘ ਤੇਰੇ ਵਫ਼ਾਦਾਰ ਖ਼ਾਸ ਬੰਦਿਆਂ ਤੇ ਅਫ਼ਸਰਾਂ ਦਾ ਕਤਲ ਦਿਨ-ਦਿਹਾੜੇ ਕਰ ਜਾਣ ਅਤੇ ਸਿਰ ਵੀ ਲੈਣ ਜਾਣ ਤਾਂ ਤੇਰੀ ਸਰਕਾਰ ਲੋਕਾਂ ਦੀ ਕੀ ਰਾਖੀ ਕਰੇਗੀ। ਖ਼ਾਨ ਬਹਾਦਰ, ਮੈਨੂੰ ਮੀਏਂ ਚੌਧਰੀ ਦੇ ਕਤਲ ਦਾ ਬਦਲਾ ਸਿੰਘਾਂ ਕੋਲੋਂ ਲੈ ਕੇ ਦੇ, ਨਹੀਂ ਤਾਂ ਤੇਰੀ ਕਚਹਿਰੀ ਵਿਚ ਟੱਕਰਾਂ ਮਾਰ-ਮਾਰ ਕੇ

ਮਰ ਜਾਵਾਂਗੀ। ਜੇ ਤੂੰ ਮੀਏਂ ਚੌਧਰੀ ਦੇ ਕਤਲ ਦਾ ਬਦਲਾ ਲੈ ਕੇ ਨਾ ਦਿੱਤਾ ਤਾਂ ਤੇਰੀ ਸ਼ਿਕਾਇਤ ਦਿੱਲੀ ਜਾ ਕੇ ਬਾਦਸ਼ਾਹ ਮੁਹੰਮਦ ਸ਼ਾਹ ਪਾਸ ਕਰਾਂਗੀ।"

ਜ਼ਕਰੀਆ ਖ਼ਾਨ ਬਹਾਦਰ ਨੇ ਚੌਧਰੀ ਮੱਸੇ ਰੰਘੜ ਦੀ ਬੇਗ਼ਮ ਅਤੇ ਭਰਾਵਾਂ ਨੂੰ ਹੌਸਲਾ ਦਿੱਤਾ, "ਤੁਸੀਂ ਚੌਧਰੀ ਮੀਏਂ ਮੱਸੇ ਦੀ ਅੰਤਮ ਰਸਮ ਕਰੋ, ਸਰਕਾਰ ਛੇਤੀ ਹੀ ਚੌਧਰੀ ਮੱਸੇ ਦੇ ਕਾਤਲਾਂ ਬਾਗ਼ੀ ਸਿੰਘਾਂ ਨੂੰ ਫੜ ਕੇ ਸਖ਼ਤ ਸਜ਼ਾ ਦੇਵੇਗੀ। ਬਾਗ਼ੀ ਸਿੰਘਾਂ ਨੂੰ ਬੁਰੀ ਮੌਤੇ ਮਾਰ ਕੇ ਚੌਧਰੀ ਮੱਸੇ ਦੇ ਕਤਲ ਦਾ ਬਦਲਾ ਲਿਆ ਜਾਵੇਗਾ।"

ਮੱਸੇ ਰੰਘੜ ਦੇ ਭਰਾਵਾਂ ਮੱਸੇ ਦਾ ਧੜ ਕਚਹਿਰੀ ਵਿਚੋਂ ਚੁੱਕਿਆ ਅਤੇ ਗੱਡੇ ਉੱਤੇ ਰੱਖ ਕੇ ਮੰਡਿਆਲੇ ਪਿੰਡ ਧੜ ਬਿਨਾਂ ਸਿਰ ਤੋਂ ਕਬਰ ਬਣਾ ਕੇ ਦਫ਼ਨਾ ਦਿੱਤਾ।

ਸਾਰੇ ਮਾਝੇ (ਪੰਜਾਬ) ਵਿਚ ਸਿੰਘਾਂ ਦਾ ਡਰ ਛਾ ਗਿਆ। ਸਿੰਘਾਂ ਨਾਲ ਵਧੀਕੀਆਂ ਕਰਨ ਵਾਲੇ ਭੈ-ਭੀਤ ਹੋ ਗਏ। ਕਿਤੇ ਸਿੰਘ ਸਾਡੇ 'ਤੇ ਵੀ ਅਸਮਾਨੀ ਬਿਜਲੀ ਵਾਂਗ ਨਾ ਕੜਕ ਪੈਣ। ਸਿੰਘਾਂ ਨੇ ਦਿਨ-ਦਿਹਾੜੇ ਇਕ ਲੱਖ ਫ਼ੌਜ ਦੇ ਮੁਖੀ ਚੌਧਰੀ ਮੱਸੇ ਰੰਘੜ ਦਾ ਸਿਰ ਵੱਢ ਕੇ ਜ਼ਾਹਰ ਕਰ ਦਿੱਤਾ ਹੈ ਕਿ ਸਿੰਘ ਜ਼ਕਰੀਆ ਖ਼ਾਨ ਦੇ ਦਬਾਇਆ ਨਹੀਂ ਦੱਬੇ। ਸਿੰਘਾਂ ਦੇ ਹੌਸਲੇ ਬੁਲੰਦ ਹਨ।

ਕਾਂਡ 13

ਚੌਧਰੀ ਮੱਸੇ ਰੰਘੜ ਦੇ ਕਤਲ ਤੋਂ ਬਾਅਦ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਬਹਾਦਰ ਨੇ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਆਪਣੀ ਕਚਹਿਰੀ ਵਿਚ ਮਾਝੇ ਦੇ ਇਲਾਕੇ ਦੇ ਚੁਗਲਾਂ, ਚੌਧਰੀਆਂ, ਜਗੀਰਦਾਰਾਂ ਦੀ ਮੀਟਿੰਗ ਬੁਲਾਈ। ਸਭ ਚੁਗਲ, ਮੁਖ਼ਬਰ, ਚੌਧਰੀ ਸੱਦ ਲਏ, ਜਿਨ੍ਹਾਂ ਨੇ ਲਿਖ ਕੇ ਦਿੱਤਾ ਸੀ ਕਿ ਸਾਡੇ ਇਲਾਕੇ ਵਿਚ ਕੋਈ ਸਿੰਘ ਨਹੀਂ ਰਿਹਾ। ਸਰਕਾਰ ਤੋਂ ਇਨਾਮ ਹਾਸਲ ਕੀਤੇ ਸਨ। ਚੌਧਰੀ ਮੱਸੇ ਰੰਘੜ ਦੇ ਕਤਲ ਨੇ ਉਹਨਾਂ ਚੁਗਲਾਂ ਦੇ ਕੰਨ ਖੋਲ੍ਹ ਦਿੱਤੇ ਸੀ ਜਿਹੜੇ ਸਿੰਘਾਂ ਦੇ ਵੈਰੀ ਸਨ। ਉਹਨਾਂ ਨੂੰ ਡਰ-ਭੈ ਹੋ ਗਿਆ ਸੀ ਕਿ ਸਿੰਘਾਂ ਨੇ ਇਕ ਨਾ ਇਕ ਦਿਨ ਸਾਨੂੰ ਵੀ ਸਾਡੇ ਪਾਪਾਂ ਦੀ ਸਜ਼ਾ ਭੁਗਤਾ ਦੇਣੀ ਹੈ।

ਸੂਬੇਦਾਰ ਜ਼ਕਰੀਆ ਖ਼ਾਨ ਦੇ ਤਾਂ ਆਪਣੇ ਮਨ ਉੱਤੇ ਸਿੰਘਾਂ ਦੀ ਬਹਾਦਰੀ, ਸੂਰਮਗਤੀ, ਦਲੇਰੀ ਦਾ ਡਰ ਪੈ ਗਿਆ ਸੀ। ਜ਼ਕਰੀਆ ਖ਼ਾਨ ਆਪ ਕਿਲ੍ਹੇ ਅੰਦਰੋਂ ਬਾਹਰ ਨਹੀਂ ਸੀ ਨਿਕਲਦਾ। ਉਸ ਨੂੰ ਪਤਾ ਸੀ ਕਿ ਸਿੰਘ ਮੇਰੀ ਵੀ ਕਰਾਰੇ ਹੱਥੀਂ ਖ਼ਬਰ ਲੈਣ ਲਈ ਕਾਹਲੇ ਪਏ ਹੋਏ ਹਨ।

ਜ਼ਕਰੀਆ ਖ਼ਾਨ ਨੇ ਪਹਿਲਾਂ ਚੁਗਲਾਂ, ਚੌਧਰੀਆਂ ਨੂੰ ਫ਼ੌਜ ਕੋਲੋਂ ਜੁੱਤੀਆਂ ਮਰਵਾਈਆਂ। ਫਿਰ ਆਪ ਚੌਧਰੀਆਂ ਨੂੰ ਦਾਹੜੀਆਂ ਤੋਂ ਫੜ ਕੇ ਚਪੇੜਾਂ ਮਾਰੀਆਂ। ਫਿਰ ਕਚਹਿਰੀ ਵਿਚ ਪੁੱਛਿਆ, "ਦੱਸੋ, ਤੁਸੀਂ ਕਹਿੰਦੇ ਸੀ ਸਿੰਘ ਖ਼ਤਮ ਹੋ ਗਏ, ਕੋਈ ਜਿਉਂਦਾ ਸਿੰਘ ਪੰਜਾਬ ਵਿਚ ਨਹੀਂ ਰਹਿ ਗਿਆ। ਦੱਸੋ ਫਿਰ ਇਹ ਤੁਹਾਡੇ ਸੱਜਰੇ ਜਵਾਈ ਕਿਥੋਂ ਜੰਮ ਪਏ, ਜਿਹੜੇ ਸਾਡੇ ਵਫ਼ਾਦਾਰ ਫ਼ੌਜਦਾਰ ਮੱਸੇ ਦਾ ਦਿਨ-ਦਿਹਾੜੇ ਕਤਲ ਕਰ ਕੇ ਤੇ ਸਿਰ ਵੱਢ ਕੇ ਨਾਲ ਲੈ ਗਏ ਹਨ? ਚੌਧਰੀ ਮੱਸੇ ਦੇ ਕਾਤਲ ਲੱਭੋ, ਨਹੀਂ ਤਾਂ ਚੌਧਰੀ ਮੱਸੇ ਦੇ ਕਤਲ ਦਾ ਬਦਲਾ ਤੁਹਾਡੇ ਤੋਂ ਲਿਆ ਜਾਵੇਗਾ।"

ਚੁਗਲ ਚੌਧਰੀ ਬੜੇ ਭੈ-ਭੀਤ ਹੋਏ। ਜਿਹੜੇ ਨਿੱਤ ਦਿਹਾੜੇ ਸਿੰਘਾਂ ਨੂੰ ਫੜਾ ਕੇ ਕਤਲ ਕਰ ਕੇ ਜ਼ਕਰੀਆ ਖ਼ਾਨ ਤੋਂ ਇਨਾਮ ਲੈਂਦੇ ਸੀ, ਖ਼ੁਸ਼ਾਮਦੀ ਹਾਸਲ ਕਰਦੇ ਸੀ, ਅੱਜ ਜ਼ਕਰੀਆ ਖ਼ਾਨ ਤੋਂ ਸਿਰਾਂ ਵਿਚ ਜੁੱਤੀਆਂ ਵੱਜੀਆਂ, ਦਾਹੜੀਆਂ ਪੁਟਵਾਈਆਂ, ਗਾਲ੍ਹਾਂ ਲਈਆਂ, ਬੇਇਜ਼ਤ ਹੋਏ। ਚੁਗਲ ਚੌਧਰੀ ਜ਼ਕਰੀਆ ਖ਼ਾਨ ਦੇ ਸੁਭਾਅ ਨੂੰ ਜਾਣਦੇ ਸੀ। ਜੇ ਮੱਸੇ ਰੰਘੜ ਦੇ ਕਾਤਲਾਂ ਦਾ ਪਤਾ ਨਾ ਲੱਗਿਆ

ਤਾਂ ਸਾਡੀ ਖ਼ੈਰ ਨਹੀਂ ਰਹਿਣੀ।

ਸਿੱਖਾਂ ਦਾ ਮਸ਼ਹੂਰ ਵੈਰੀ ਹਰਭਗਤ ਨਿਰੰਜਨੀ, ਜੰਡਿਆਲਾ ਗੁਰੂ ਵਾਲਾ ਕਚਹਿਰੀ ਵਿਚ ਉੱਠ ਕੇ ਕਹਿਣ ਲੱਗਾ, "ਹਜ਼ੂਰ ਸਰਕਾਰ, ਮੈਂ ਸੁਣਿਆ ਹੈ ਕਿ ਚੌਧਰੀ ਮੱਸੇ ਦਾ ਕਤਲ ਮਹਿਤਾਬ ਸਿੰਘ ਮੀਰਾਂਕੋਟ (ਭੰਗੂ ਜੱਟ) ਅਤੇ ਸੁੱਖਾ ਸਿੰਘ ਕੰਬੋਕੀ ਮਾੜੀ ਵਾਲੇ ਤਖਾਣ ਨੇ ਕੀਤਾ ਹੈ। ਅਸੀਂ ਉਹਨਾਂ ਨੂੰ ਫੜਾਉਣ ਲਈ ਯਤਨ ਕਰਾਂਗੇ। ਮਹਿਤਾਬ ਸਿੰਘ ਮੀਰਾਂਕੋਟ ਦਾ ਪੁੱਤਰ ਮੀਰਾਂਕੋਟ ਵੱਡੇ ਦੇ ਨੰਬਰਦਾਰ ਨੱਥੇ ਖਹਿਰੇ ਜੱਟ ਦੇ ਘਰ ਪਲ ਰਿਹਾ ਹੈ।" (ਨੰਬਰਦਾਰ ਨੱਥਾ ਖਹਿਰਾ ਅਤੇ ਮਹਿਤਾਬ ਸਿੰਘ ਮੀਰਾਂਕੋਟ ਦੋਵੇਂ ਪੱਗ-ਵੱਟ ਭਰਾ ਬਣੇ ਹੋਏ ਹਨ। ਜਦੋਂ ਹਕੂਮਤ ਦੀ ਸਖ਼ਤੀ ਕਾਰਨ ਮਹਿਤਾਬ ਸਿੰਘ ਸਿੰਘਾਂ ਦੇ ਜਥੇ ਨਾਲ ਰਲ ਕੇ ਬੀਕਾਨੇਰ ਨੂੰ ਚੱਲਿਆ ਸੀ ਤਾਂ ਆਪਣੇ ਛੋਟੇ ਜਿਹੇ ਪੁੱਤਰ ਨੂੰ ਨਾਲ ਲੈ ਚੱਲਿਆ ਸੀ। ਨੱਥੇ ਨੰਬਰਦਾਰ ਨੇ ਰਾਏ ਸਿੰਘ ਦੀ ਬਾਂਹ ਫੜ ਲਈ ਸੀ ਤੇ ਆਖਿਆ ਸੀ ਕਿ ਵੀਰ ਮਹਿਤਾਬ ਸਿੰਘ ਜੀ, ਇਸ ਬੱਚੇ ਰਾਏ ਸਿੰਘ ਨੂੰ ਮੈਂ ਤੇਰੇ ਨਾਲ ਪ੍ਰਦੇਸਾਂ ਵਿਚ ਨਹੀਂ ਰੁਲਣ ਦੇਣਾ। ਰਾਏ ਸਿੰਘ ਨੂੰ ਮੈਂ ਆਪਣੇ ਪੁੱਤਰਾਂ ਨਾਲੋਂ ਵੱਧ ਪਿਆਰ ਨਾਲ ਪਾਲਾਂਗਾ। ਮੈਂ ਆਪਣੇ ਆਖ਼ਰੀ ਸਵਾਸਾਂ ਤਕ ਰਾਏ ਸਿੰਘ ਦੀ ਸੇਵਾ-ਸੰਭਾਲ, ਪਾਲਣ-ਪੋਸਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਾਂਗਾ। ਰਾਏ ਸਿੰਘ ਨੂੰ ਨੱਥੇ ਨੰਬਰਦਾਰ ਮੀਰਾਂਕੋਟ ਨੇ ਰੱਖ ਲਿਆ ਸੀ।)

ਹਰਭਗਤ ਨਿਰੰਜਨੀ ਨੇ ਕਿਹਾ, "ਹਜ਼ੂਰ ਸਰਕਾਰ ਖ਼ਾਨ ਬਹਾਦਰ ਸਾਹਿਬ, ਨੱਥੇ ਖਹਿਰੇ ਨੰਬਰਦਾਰ ਨੂੰ ਫੜ ਕੇ ਪਤਾ ਕੀਤਾ ਜਾਵੇ। ਨੱਥੇ ਚੌਧਰੀ ਨੂੰ ਮਹਿਤਾਬ ਸਿੰਘ ਬਾਰੇ ਪਤਾ ਹੋਵੇਗਾ। ਮਹਿਤਾਬ ਸਿੰਘ ਦੇ ਪੁੱਤਰ ਰਾਏ ਸਿੰਘ ਨੂੰ ਵੀ ਫੜ ਲਿਆ ਜਾਵੇ। ਮਹਿਤਾਬ ਸਿੰਘ ਨੂੰ ਫਿਰ ਪਤਾ ਲੱਗੇ ਕਿ ਸਰਕਾਰੀ ਫ਼ੌਜਦਾਰ ਚੌਧਰੀ ਮੱਸੇ ਦੇ ਕਤਲ ਦਾ ਕੀ ਨਤੀਜਾ ਨਿਕਲਿਆ ਹੈ।"

ਜ਼ਕਰੀਆ ਖ਼ਾਨ ਨੇ ਹਰਭਗਤ ਨਿਰੰਜਨੀ ਦੀ ਚੁਗ਼ਲੀ ਸੁਣ ਕੇ ਗਸ਼ਤੀ ਫ਼ੌਜ ਦੇ ਥਾਣੇਦਾਰ ਨੂਰਦੀਨ ਨੂੰ ਦੋ ਸੌ ਸਿਪਾਹੀ ਦੇ ਕੇ ਹਰਭਗਤ ਨਿਰੰਜਨੀ ਦੇ ਨਾਲ ਨੱਥੇ ਨੰਬਰਦਾਰ ਮੀਰਾਂਕੋਟ ਅਤੇ ਸਰਦਾਰ ਮਹਿਤਾਬ ਸਿੰਘ ਦੇ ਪੁੱਤਰ ਰਾਏ ਸਿੰਘ ਨੂੰ ਫੜਨ ਲਈ ਹੁਕਮ ਦੇ ਕੇ ਲਾਹੌਰੋਂ ਮੀਰਾਂਕੋਟ ਨੂੰ ਤੋਰ ਦਿੱਤਾ।

ਕਾਂਡ 14

ਜੰਡਿਆਲਾ ਗੁਰੂ ਦੇ ਹਰਭਗਤ ਨਿਰੰਜਨੀ ਅਤੇ ਆਕਲ ਦਾਸ ਮਹੰਤ ਬੜੇ ਮਸ਼ਹੂਰ ਚੁਗ਼ਲਖ਼ੋਰ ਅਤੇ ਸਿੱਖਾਂ ਦੇ ਵੈਰੀ ਹੋਏ ਸਨ। ਇਹ ਦੋਵੇਂ ਭਰਾ ਹਿੰਦੂ ਸਨ। ਮੁਗ਼ਲ ਹਕੂਮਤ ਦੇ ਵੱਡੇ ਖ਼ੈਰ-ਖ਼ਵਾਹ ਬਣੇ ਹੋਏ ਸਨ। ਇਹਨਾਂ ਬੇਸ਼ਰਮ ਚੌਧਰੀਆਂ ਨੂੰ ਮੱਸੇ ਰੰਘੜ ਦੇ ਕਤਲ ਤੋਂ ਬਾਅਦ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੇ ਜੁੱਤੀਆਂ ਮਾਰੀਆਂ, ਦਾਹੜੀਆਂ ਪੁੱਟੀਆਂ, ਬੇਇੱਜ਼ਤ ਕੀਤਾ। ਇਹਨਾਂ ਦੁਸ਼ਟਾਂ ਨੇ ਲਿਖ ਕੇ ਦਿੱਤਾ ਸੀ ਕਿ ਸਿੰਘ ਖ਼ਤਮ ਹੋ ਗਏ ਹਨ, ਕੋਈ ਸਿੰਘ ਨਹੀਂ ਰਹਿ ਗਿਆ। ਜਦੋਂ ਸਿੰਘ ਦਿਨ-ਦਿਹਾੜੇ ਚੌਧਰੀ ਮੱਸੇ ਦਾ ਸਿਰ ਵੱਢ ਕੇ ਲੈ ਗਏ ਤਾਂ ਜ਼ਕਰੀਆ ਖ਼ਾਨ ਨੇ ਚੁਗ਼ਲਾਂ-ਚੌਧਰੀਆਂ ਦੇ ਸਿਰਾਂ ਵਿਚ ਛਿੱਤਰ ਮਾਰ ਕੇ ਪੁੱਛਿਆ ਸੀ ਕਿ ਤੁਸੀਂ ਤਾਂ ਆਖਦੇ ਸੀ ਕਿ ਸਿੰਘ ਖ਼ਤਮ ਹੋ ਗਏ ਹਨ, ਫਿਰ ਇਹ ਸਿੰਘ ਚੌਧਰੀ ਮੱਸੇ ਦਾ ਸਿਰ ਵੱਢ ਕੇ ਲਿਜਾਣ ਵਾਲੇ ਤੁਹਾਡੇ ਸੱਜਰੇ ਜਵਾਈ ਕਿਥੋਂ ਜੰਮ ਪਏ।

ਇਹਨਾਂ ਚੁਗ਼ਲਾਂ-ਚੌਧਰੀਆਂ ਨੇ ਆਪਣੀ ਜਾਨ ਛੁਡਾਉਣ ਵਾਸਤੇ ਸਿੰਘਾਂ ਦੇ ਪਰਿਵਾਰਾਂ, ਸਿੰਘਣੀਆਂ ਤੇ ਬਾਲ-ਬੱਚਿਆਂ ਨੂੰ ਗਸ਼ਤੀ ਫ਼ੌਜ ਨਾਲ ਜਾ ਕੇ ਘਰਾਂ ਵਿਚੋਂ ਫੜਾ-ਫੜਾ ਕੇ ਕਤਲ ਕਰਵਾਇਆ। ਇਹਨੀਂ ਦਿਨੀਂ ਚੁਗ਼ਲਾਂ ਨੇ ਸਿੱਖ ਪਰਿਵਾਰਾਂ ਉੱਤੇ ਬੜੇ ਜ਼ੁਲਮ ਕੀਤੇ। ਹਰਭਗਤ ਨਿਰੰਜਨੀ ਜੰਡਿਆਲਾ ਗੁਰੂ ਵਾਲੇ ਨੇ ਫ਼ੌਜਦਾਰ ਨੂਰਦੀਨ ਅਤੇ ਦੋ ਸੌ ਸਿਪਾਹੀ ਨਾਲ ਲੈ ਕੇ ਪਿੰਡ ਮੀਰਾਂਕੋਟ ਕਲਾਂ ਦੇ ਨੰਬਰਦਾਰ ਨੱਥੇ ਖਹਿਰੇ ਨੂੰ ਜਾ ਘੇਰਿਆ।

ਹਰਭਗਤ ਨਿਰੰਜਨੀ ਨੇ ਫ਼ੌਜਦਾਰ ਨੂੰ ਦੱਸਿਆ ਕਿ ਮਹਿਤਾਬ ਸਿੰਘ ਦਾ ਪੁੱਤਰ ਰਾਏ ਸਿੰਘ ਨੱਥੇ ਖਹਿਰੇ ਨੰਬਰਦਾਰ ਦੇ ਘਰ ਪਲ ਰਿਹਾ ਹੈ। ਫ਼ੌਜਦਾਰ ਨੂਰਦੀਨ ਨੇ ਪਿੰਡ ਮੀਰਾਂਕੋਟ ਦੀ ਫਿਰਨੀ ਦੇ ਬਾਹਰ ਜਾ ਡੇਰਾ ਲਾਇਆ। ਨੱਥੇ ਨੰਬਰਦਾਰ ਨੂੰ ਸੱਦਿਆ ਗਿਆ। ਨੱਥੇ ਨੰਬਰਦਾਰ ਨੇ ਫ਼ੌਜਦਾਰ ਨੂੰ ਸਲਾਮ ਬੁਲਾਈ।

ਨੱਥਾ ਨੰਬਰਦਾਰ, "ਕੀ ਹੁਕਮ ਸਰਕਾਰ, ਕਿਵੇਂ ਯਾਦ ਕੀਤਾ ? ਹੋਰ ਕੋਈ ਰੋਟੀ-ਪਾਣੀ ਲੱਸੀ ਦੀ ਸੇਵਾ ਦੱਸੋ। ਅਸੀਂ ਹਾਜ਼ਰ ਹਾਂ।"

ਫ਼ੌਜਦਾਰ ਨੂਰਦੀਨ, "ਚੌਧਰੀ ਸਾਹਿਬ, ਤੇਰੇ ਪਿੰਡ ਦੇ ਮਹਿਤਾਬ ਸਿੰਘ

ਨੇ ਫ਼ੌਜਦਾਰ ਚੌਧਰੀ ਮੱਸੇ ਦਾ ਕਤਲ ਕੀਤਾ ਹੈ। ਸਾਨੂੰ ਪਤਾ ਚੱਲਿਆ ਹੈ ਕਿ ਤੇਰਾ ਮਹਿਤਾਬ ਸਿੰਘ ਨਾਲ ਗੂੜ੍ਹਾ ਸੰਬੰਧ ਹੈ।"

ਨੱਥਾ ਨੰਬਰਦਾਰ, "ਫ਼ੌਜਦਾਰ ਸਾਹਿਬ, ਠੀਕ ਹੈ, ਮੈਂ ਮੰਨਦਾ ਹਾਂ ਕਿ ਮੇਰੇ ਅਤੇ ਮਹਿਤਾਬ ਸਿੰਘ ਦੇ ਪਿਤਾ ਇਕੱਠੇ ਖੇਤੀ ਕਰਦੇ ਰਹੇ ਹਨ। ਅਸੀਂ ਗੱਭਰੂ ਹੋਏ, ਅਸੀਂ ਵੀ ਖੇਤੀ-ਬਾੜੀ ਵਾਹੀ-ਜੋਤੀ ਇਕੱਠੀ ਰਲ ਕੇ ਹੀ ਕਰਦੇ ਰਹੇ। ਜਿੰਨਾ ਚਿਰ ਮਹਿਤਾਬ ਸਿੰਘ ਪਿੰਡ ਵਿਚ ਰਿਹਾ, ਸਾਡੇ ਭਰਾਵਾਂ ਨਾਲੋਂ ਵੱਧ ਸੰਬੰਧ ਰਹੇ ਹਨ, ਜਦੋਂ ਦਾ ਮਹਿਤਾਬ ਸਿੰਘ ਪਿੰਡ ਛੱਡ ਕੇ ਚਲਾ ਗਿਆ ਹੈ ਅਸੀਂ ਇਕ ਦੂਜੇ ਨੂੰ ਮਿਲੇ ਨਹੀਂ।"

ਫ਼ੌਜਦਾਰ ਨੂਰਦੀਨ, "ਚੌਧਰੀ ਸਾਹਿਬ, ਤੁਸੀਂ ਸਾਨੂੰ ਮਹਿਤਾਬ ਸਿੰਘ ਦੇ ਬਾਰੇ ਦੱਸੋ ਕਿ ਉਹ ਹੁਣ ਕਿਥੇ ਹੈ? ਮਹਿਤਾਬ ਸਿੰਘ ਨੇ ਚੌਧਰੀ ਮੱਸੇ ਦਾ ਕਤਲ ਕੀਤਾ ਹੈ। ਤੁਸੀਂ ਮਹਿਤਾਬ ਸਿੰਘ ਨੂੰ ਫੜਾਉ, ਸਰਕਾਰ ਤੁਹਾਨੂੰ ਇਨਾਮ ਦੇਵੇਗੀ।"

ਨੱਥਾ ਨੰਬਰਦਾਰ, "ਫ਼ੌਜਦਾਰ ਸਾਹਿਬ, ਮੈਂ ਤੁਹਾਨੂੰ ਦੱਸ ਦਿੱਤਾ ਹੈ ਕਿ ਮਹਿਤਾਬ ਸਿੰਘ ਜਦੋਂ ਦਾ ਪਿੰਡੋਂ ਗਿਆ ਹੈ, ਉਸ ਪਿੱਛੋਂ ਮਿਲਿਆ ਨਹੀਂ। ਮੈਂ ਮਹਿਤਾਬ ਸਿੰਘ ਬਾਰੇ ਕੀ ਦੱਸ ਸਕਦਾ ਹਾਂ।"

ਫ਼ੌਜਦਾਰ ਨੂਰਦੀਨ, "ਚੌਧਰੀ ਸਾਹਿਬ, ਮਹਿਤਾਬ ਸਿੰਘ ਦਾ ਪੁੱਤਰ ਤੇਰੇ ਘਰ ਹੈ, ਉਸ ਨੂੰ ਸਾਡੇ ਹਵਾਲੇ ਕਰ ਦੇ। ਫਿਰ ਮਹਿਤਾਬ ਸਿੰਘ ਨੂੰ ਸਮਝ ਪਵੇਗੀ ਕਿ ਸਰਕਾਰੀ ਅਫ਼ਸਰਾਂ ਦੇ ਕਤਲ ਕਰਨ ਦਾ ਕੀ ਸਿੱਟਾ ਨਿਕਲਦਾ ਹੈ।"

ਨੱਥਾ ਨੰਬਰਦਾਰ (ਨਿਮਰਤਾ ਨਾਲ), "ਬੱਚਿਆਂ ਵਾਲਿਓ, ਮੈਂ ਮੰਨਦਾ ਹਾਂ ਕਿ ਮਹਿਤਾਬ ਸਿੰਘ ਨੇ ਫ਼ੌਜਦਾਰ ਮੱਸੇ ਦਾ ਕਤਲ ਕੀਤਾ ਹੋਵੇਗਾ। ਉਸ ਦੀ ਸਜ਼ਾ ਉਸ ਨੂੰ ਜ਼ਰੂਰ ਮਿਲਣੀ ਚਾਹੀਦੀ ਹੈ, ਪਰ ਸੱਤ ਸਾਲ ਦੇ ਉਸ ਦੇ ਨਾਬਾਲਗ ਪੁੱਤਰ ਨੂੰ ਇਹਨਾਂ ਧਰਮਾਂ, ਮਜ਼ਹਬਾਂ ਤੇ ਰਾਜਨੀਤੀ ਦੇ ਲੜਾਈ-ਝਗੜੇ ਅਤੇ ਕਤਲਾਂ ਦਾ ਕੀ ਪਤਾ ਹੈ। ਬੱਚਾ ਰਾਏ ਸਿੰਘ ਨਿਰਦੋਸ਼ ਹੈ। ਮਾਸੂਮ ਬੱਚੇ ਰਾਏ ਸਿੰਘ ਉੱਤੇ ਰਹਿਮ ਕੀਤਾ ਜਾਏ। ਚਲੋ ਮਹਿਤਾਬ ਸਿੰਘ ਦੀ ਜਿਥੇ ਦੱਸ ਪਵੇ, ਉਥੇ ਉਸ ਨੂੰ ਫੜੀਏ। ਮੈਂ ਵੀ ਤੁਹਾਡੇ ਨਾਲ ਚੱਲਦਾ ਹਾਂ। ਜੇ ਸਰਕਾਰ ਆਪ ਮਾਸੂਮ ਬੱਚੇ ਰਾਏ ਸਿੰਘ ਉੱਤੇ ਰਹਿਮ ਕਰਦੇ ਹੋ ਤਾਂ ਮੈਂ ਉਸ ਨੂੰ ਪੇਸ਼ ਕਰ ਸਕਦਾ ਹਾਂ।"

ਫ਼ੌਜਦਾਰ ਨੂਰਦੀਨ (ਕੜਕ ਕੇ), "ਓਏ ਚੌਧਰੀ, ਤੇਰੀ ਮੱਤ ਮਾਰੀ ਗਈ ਏ। ਤੂੰ ਸਰਕਾਰ ਦੇ ਬਾਗ਼ੀ ਮਹਿਤਾਬ ਸਿੰਘ ਦੇ ਪੁੱਤਰ ਉੱਤੇ ਰਹਿਮ ਦੀ ਗੱਲ ਕਰਦਾ ਹੈਂ। ਅਕਲ ਕਰ ਚੌਧਰੀ, ਤੂੰ ਸਰਕਾਰੀ ਬੰਦਾ ਹੈਂ, ਤੈਨੂੰ ਸਰਕਾਰ ਨਾਲ ਵਫ਼ਾਦਾਰੀ ਨਿਭਾਉਣੀ ਪਵੇਗੀ। ਜਾਹ, ਜਾ ਕੇ ਛੇਤੀ ਲਿਆ, ਸਰਕਾਰ ਦੇ ਬਾਗ਼ੀ ਮਹਿਤਾਬ ਸਿੰਘ ਦੇ ਪੁੱਤਰ ਨੂੰ, ਮੈਂ ਉਸ ਦੇ ਤਲਵਾਰ ਨਾਲ ਟੋਟੇ ਕਰ

ਕੇ ਦੱਸਾਂ ਕਿ ਜੋ ਸਰਕਾਰ ਨਾਲ ਟੱਕਰ ਲੈਂਦੇ ਹਨ, ਉਹਨਾਂ ਦਾ ਕੀ ਹਸ਼ਰ ਹੁੰਦਾ ਹੈ। ਪਤਾ ਲੱਗ ਜਾਵੇ ਸਿੱਖਾਂ ਨੂੰ ਤੇ ਅੱਗੇ ਤੋਂ ਕੋਈ ਸਿੱਖ ਇਹੋ ਜਿਹੀ ਵਾਰਦਾਤ ਨਾ ਕਰ ਸਕੇ, ਜਿਹੋ ਜਿਹੀ ਫ਼ੌਜਦਾਰ ਮੱਸੇ ਨਾਲ ਹੋਈ ਹੈ।"

ਨੱਥਾ ਨੰਬਰਦਾਰ ਫ਼ੌਜਦਾਰ ਨੂਰਦੀਨ ਦਾ ਸਖ਼ਤ ਅਤੇ ਦਰਿੰਦਗੀ ਭਰਿਆ ਹੁਕਮ ਸੁਣ ਕੇ ਘਰ ਨੂੰ ਤੁਰ ਪਿਆ। ਸੋਚਦਾ ਜਾ ਰਿਹਾ ਹੈ ਕਿ ਹੁਣ ਕੀ ਕੀਤਾ ਜਾਵੇ ? ਜੇ ਮਾਸੂਮ ਰਾਏ ਸਿੰਘ ਨੂੰ ਫ਼ੌਜਦਾਰ ਦੇ ਹਵਾਲੇ ਕਰ ਦਿੱਤਾ ਤਾਂ ਉਸ ਨੇ ਮਾਸੂਮ ਬੱਚੇ ਨੂੰ ਕਤਲ ਕਰ ਦੇਣਾ ਹੈ। ਲੋਕ ਮੈਨੂੰ ਲਾਹਨਤਾਂ ਪਾਉਣਗੇ ਕਿ ਨੱਥੇ ਨੰਬਰਦਾਰ ਨੇ ਮਹਿਤਾਬ ਸਿੰਘ ਨਾਲ ਪੱਗ ਵਟਾਈ ਸੀ, ਜਦੋਂ ਮੁਸੀਬਤ ਆਈ ਤਾਂ ਭਰਾ ਦਾ ਪੁੱਤਰ ਸਰਕਾਰੀ ਫ਼ੌਜਦਾਰ ਦੇ ਹਵਾਲੇ ਕਰ ਕੇ ਕਤਲ ਕਰਵਾ ਦਿੱਤਾ ਅਤੇ ਆਪਣੀ ਜਾਨ ਬਚਾ ਲਈ। ਪੱਗ ਵਟਾਈ ਨੂੰ ਲਾਜ ਲੱਗ ਜਾਣੀ ਹੈ। ਮੈਂ ਦੁਨੀਆਂ ਦੀ ਨਿਗਾਹ ਵਿਚ ਜਿਉਂਦਾ ਮਰ ਜਾਵਾਂਗਾ। ਲੋਕ ਮੇਰੇ ਉੱਤੇ ਥੁੱਕਣਗੇ, ਆਖਣਗੇ ਕਿ ਆਹ ਜਾਂਦਾ ਜੇ ਨੱਥਾ ਨੰਬਰਦਾਰ, ਜਿਸ ਨੇ ਪੱਗ-ਵੱਟ ਭਰਾ ਦਾ ਪੁੱਤਰ ਕਤਲ ਕਰਾਇਆ ਹੈ। ਮਰਨਾ ਤਾਂ ਇਕ ਦਿਨ ਸਭ ਨੇ ਹੈ, ਜੇ ਘਰ-ਬਾਰ ਉਜੜਦਾ ਹੈ ਤਾਂ ਉਜੜ ਜਾਵੇ। ਬੇ-ਗ਼ੈਰਤੀ ਜ਼ਿੰਦਗੀ ਨਾਲੋਂ ਅਣਖੀ ਦੀ ਮੌਤ ਹਜ਼ਾਰਾਂ ਦਰਜੇ ਚੰਗੀ ਹੁੰਦੀ ਹੈ। ਮੌਤ ਤੇ ਜ਼ਿੰਦਗੀ ਅਕਾਲ ਪੁਰਖ ਵਾਹਿਗੁਰੂ ਦੇ ਹੱਥ ਹੈ। ਇਸ ਨੂੰ ਕੋਈ ਵਧਾ-ਘਟਾ ਨਹੀਂ ਸਕਦਾ। ਚੰਗਾ ਇਹ ਹੈ ਕਿ ਮੈਂ ਰਾਏ ਸਿੰਘ ਨੂੰ ਲੈ ਕੇ ਨਿਕਲ ਜਾਵਾਂ। ਬਾਅਦ ਵਿਚ ਜੋ ਹੋਵੇ ਸੋ ਹੋਵੇ।

ਨੱਥਾ ਨੰਬਰਦਾਰ ਇਸ ਤਰ੍ਹਾਂ ਸੋਚਦਾ ਘਰ ਪਹੁੰਚ ਗਿਆ। ਨੱਥੇ ਨੰਬਰਦਾਰ ਦਾ ਰੰਗ ਬਦਲਿਆ ਹੋਇਆ ਸੀ, ਜਦੋਂ ਘਰ ਪੁੱਜਿਆ ਤਾਂ ਉਸ ਦੇ ਪੁੱਤਰ ਨੇ ਪੁੱਛਿਆ, "ਪਿਤਾ ਜੀ, ਕੀ ਗੱਲ ਹੈ, ਬੜੇ ਉਦਾਸ ਹੋ।"

ਨੱਥਾ ਨੰਬਰਦਾਰ, "ਪੁੱਤਰ ਵਰਿਆਮ, ਕੀ ਦੱਸਾਂ ? ਬੜੇ ਕਸੂਤੇ ਫਸ ਗਏ ਹਾਂ। ਲਾਹੌਰੋਂ ਫ਼ੌਜਦਾਰ ਆਇਆ ਹੈ, ਉਹ ਰਾਏ ਸਿੰਘ ਨੂੰ ਹਵਾਲੇ ਕਰਨ ਲਈ ਕਹਿੰਦਾ ਹੈ। ਉਸ ਨੇ ਮਾਸੂਮ ਬੱਚੇ ਨੂੰ ਕਤਲ ਕਰ ਦੇਣਾ ਹੈ। ਜਦੋਂ ਤੇਰਾ ਚਾਚਾ ਮਹਿਤਾਬ ਸਿੰਘ ਰਾਏ ਸਿੰਘ ਨੂੰ ਮਿਲਣ ਲਈ ਆਵੇਗਾ ਤੇ ਪੁੱਛੇਗਾ ਕਿ ਸੁਣਾ ਭਾਊ ਰਾਏ ਸਿੰਘ ਦਾ ਕੀ ਹਾਲ ਹੈ ਤਾਂ ਕੀ ਦੱਸਾਂਗੇ ਅਸੀ ਮਹਿਤਾਬ ਸਿੰਘ ਨੂੰ ਕਿ ਤੇਰਾ ਪੁੱਤਰ ਫ਼ੌਜ ਨੂੰ ਫੜਾ ਕੇ ਅਸੀਂ ਆਪਣੀ ਜਾਨ ਬਚਾਈ। ਆਪਾਂ ਜਿਉਂਦੇ ਹੀ ਮਰ ਜਾਵਾਂਗੇ। ਪੁੱਤ ਵਰਿਆਮ, ਹੁਣ ਤੂੰ ਹੀ ਦੱਸ ਕੀ ਕਰਨਾ ਚਾਹੀਦਾ ਹੈ।"

ਵਰਿਆਮ, "ਪਿਤਾ ਜੀ, ਤੁਸੀਂ ਰਾਏ ਸਿੰਘ ਦੀ ਬਾਂਹ ਫੜ ਕੇ ਚਾਚਾ ਮਹਿਤਾਬ ਸਿੰਘ ਨਾਲ ਵਾਅਦਾ ਕੀਤਾ ਹੈ ਕਿ ਮੈਂ ਤੇਰੇ ਬੱਚੇ ਨੂੰ ਤੇਰੇ ਨਾਲ ਪ੍ਰਦੇਸਾਂ ਵਿਚ ਨਹੀਂ ਰੁਲਣ ਦੇਣਾ। ਰਾਏ ਸਿੰਘ ਦਾ ਪਾਲਣ-ਪੋਸਣ ਆਪਣੇ

ਪੁੱਤਰਾਂ ਨਾਲੋਂ ਵੱਧ ਕਰਾਂਗਾ। ਆਪਣੇ ਆਖ਼ਰੀ ਸਵਾਸਾਂ ਤਕ ਇਸ ਦੀ ਰੱਖਿਆ ਕਰਾਂਗਾ। ਸਾਨੂੰ ਤਿਆਰੀ ਕਰਨੀ ਚਾਹੀਦੀ ਹੈ। ਰਾਏ ਸਿੰਘ ਨੂੰ ਚੁੱਕ ਕੇ ਨਿਕਲ ਜਾਈਏ। ਚਾਚੀ ਨੂੰ ਵੀ ਘਰੋਂ ਪਾਸੇ ਕਰ ਦੇਈਏ। ਜੇ ਹੁਣ ਮੁਸੀਬਤ ਆ ਹੀ ਗਈ ਹੈ ਤਾਂ ਬਹਾਦਰੀ ਨਾਲ ਮੁਕਾਬਲਾ ਕਰੀਏ।"

ਨੰਬਰਦਾਰ ਨੱਥਾ ਖਹਿਰੇ ਦਾ ਪੁੱਤਰ ਦੀ ਦਲੇਰੀ ਵੇਖ ਕੇ ਹੌਸਲਾ ਵਧ ਗਿਆ। ਨੱਥੇ ਨੰਬਰਦਾਰ ਨੇ ਆਪਣੇ ਖੇਤ ਵਿਚ ਕੰਮ ਕਰਨ ਵਾਲੇ ਸੀਰੀ ਮਜ਼ਹਬੀ ਸਿੰਘ ਨੂੰ ਆਖਿਆ, "ਜਿਊਣ ਸਿਆਂ, ਅਸੀਂ ਰਾਏ ਸਿੰਘ ਨੂੰ ਲੈ ਕੇ ਨਿਕਲ ਚੱਲੇ ਹਾਂ, ਤੂੰ ਪਾਸੇ ਹੋ ਜਾ, ਫ਼ੌਜ ਆ ਕੇ ਕਿਤੇ ਤੈਨੂੰ ਨਾ ਫੜ ਲਵੇ। ਭੱਜ ਜਾ, ਕਿਤੇ ਤੂੰ ਵੀ ਮੁਸੀਬਤ ਵਿਚ ਨਾ ਫਸ ਜਾਵੀਂ।"

ਜਿਊਣਾ, "ਨੰਬਰਦਾਰਾ, ਕੀ ਤੂੰ ਸਾਨੂੰ ਨਚਾਰਾਂ ਦੇ ਪੁੱਤਰ ਸਮਝਿਆ ਈ? ਅਸੀਂ ਬਾਬਾ ਜੀਵਨ ਸਿੰਘ ਦੀ ਅੰਸ-ਬੰਸ ਹਾਂ, ਅਸੀਂ ਮੁਸੀਬਤ ਵਿਚ ਸਾਥ ਛੱਡਣ ਵਾਲੇ ਨਹੀਂ। ਨੰਬਰਦਾਰਾ, ਜੇ ਅਸੀਂ ਸੁੱਖ ਵਿਚ ਤੇਰੇ ਸਾਥੀ ਰਹੇ ਹਾਂ ਤਾਂ ਮਰਨ ਵਿਚ ਵੀ ਪਿੱਛੇ ਨਹੀਂ ਰਹਿਣ ਲੱਗੇ। ਨੰਬਰਦਾਰ ਸਾਹਿਬ, ਜੇ ਅਣਖ ਗ਼ੈਰਤ ਦੀ ਮੌਤ ਮੁੱਲ ਵੀ ਮਿਲੇ ਤਾਂ ਲੈ ਲੈਣੀ ਚਾਹੀਦੀ ਹੈ। ਜੇ ਸਾਡੀ ਜਿੰਦ-ਜਾਨ ਲੱਗ ਕੇ ਵੀ ਮਾਸੂਮ ਬੱਚੇ ਰਾਏ ਸਿੰਘ ਦੀ ਜਾਨ ਬਚਦੀ ਹੈ ਤਾਂ ਇਹ ਸੌਦਾ ਬਹੁਤ ਸਸਤਾ ਹੈ। ਆਪਾਂ ਨੰਬਰਦਾਰਾ, ਪੱਗ ਦੀ ਲਾਜ ਰੱਖਣੀ ਹੈ।"

ਨੰਬਰਦਾਰ ਨੱਥੇ ਖਹਿਰਾ ਦੇ ਸੀਰੀ ਜਿਊਣ ਦੀ ਦਲੇਰੀ ਵੇਖ ਕੇ ਪਿੰਡ ਦਾ ਚੌਂਕੀਦਾਰ ਗੱਜਾ ਮੁਸਲਮਾਨ ਬਰਵਾਲਾ ਕਹਿਣ ਲੱਗਾ, "ਨੰਬਰਦਾਰ ਸਾਹਿਬ, ਸ਼ਸਤਰ ਸੰਭਾਲੋ, ਕਿਤੇ ਫ਼ੌਜਦਾਰ ਘਰ ਹੀ ਨਾ ਆ ਜਾਵੇ। ਫਿਰ ਭੱਜਣਾ ਮੁਸ਼ਕਲ ਹੋ ਜਾਵੇਗਾ। ਜੇ ਅੱਜ ਨੰਬਰਦਾਰ ਨੱਥੇ ਦੀ ਮਹਿਤਾਬ ਸਿੰਘ ਸੂਰਮੇ ਨਾਲ ਵਟਾਈ ਪੱਗ ਦਾ ਸਵਾਲ ਹੈ ਤਾਂ ਮੈਂ ਗੱਜਾ ਚੌਂਕੀਦਾਰ ਮੁਸਲਮਾਨ ਹੋ ਕੇ ਵੀ ਪਿੱਛੇ ਨਹੀਂ ਰਹਾਂਗਾ। ਜੇ ਨੰਬਰਦਾਰਾ, ਤੂੰ ਸਾਡੇ ਕਿਸੇ ਦੇ ਵੀ ਮੁਸੀਬਤ ਵੇਲੇ ਦੁੱਖਾਂ ਵੇਲੇ ਮੋਢਾ ਨਹੀਂ ਮੋੜਿਆ ਤਾਂ ਅੱਜ ਅਸੀਂ ਤੇਰੇ ਤੋਂ ਦੂਰ ਨਹੀਂ ਭੱਜ ਸਕਦੇ।"

ਨੱਥੇ ਨੰਬਰਦਾਰ ਦਾ ਭਣੇਵਾਂ ਮਿਲਣ ਵਾਸਤੇ ਆਇਆ ਹੋਇਆ ਸੀ। ਹੁਣ ਉਸ ਨੇ ਵੀ ਔਖੀ ਘੜੀ ਵਿਚ ਸਾਥ ਦੇਣ ਦਾ ਫ਼ੈਸਲਾ ਕਰ ਲਿਆ। ਨੰਬਰਦਾਰ ਨੇ ਆਪਣੀ ਪਤਨੀ, ਛੋਟੇ ਪੁੱਤਰ ਦਲੀਪ ਸਿੰਘ ਅਤੇ ਰਾਏ ਸਿੰਘ ਦੀ ਮਾਤਾ ਨੂੰ ਪਹਿਲਾਂ ਹੀ ਘਰੋਂ ਕਿਸੇ ਹੋਰ ਪਾਸੇ ਵੱਲ ਤੋਰ ਦਿੱਤਾ ਸੀ। ਧਰਮੀ ਯੋਧਿਆਂ ਨੇ ਫ਼ੈਸਲਾ ਕਰ ਲਿਆ ਕਿ ਰਾਏ ਸਿੰਘ ਨੂੰ ਜਿਉਂਦੇ ਜੀਅ ਫ਼ੌਜਦਾਰ ਦੇ ਹਵਾਲੇ ਨਹੀਂ ਕਰਨਾ। ਘਰ-ਬਾਰ ਉਜੜਦਾ ਹੈ ਤਾਂ ਉਜੜ ਜਾਵੇ। ਨੱਥੇ ਨੰਬਰਦਾਰ ਨੇ ਹੱਥ ਵਿਚ ਤਲਵਾਰ ਅਤੇ ਤੀਰ-ਕਮਾਨ ਸੰਭਾਲ ਲਏ। ਨੱਥੇ ਦੇ ਭਣੇਵੇਂ ਨੇ ਹੱਥ ਵਿਚ ਬਰਛੀ ਸੰਭਾਲ ਲਈ। ਜਿਊਣੇ ਮਜ਼ਹਬੀ ਨੇ ਹੱਥ ਵਿਚ ਸੰਮਾਂ ਵਾਲੀ ਡਾਂਗ ਫੜ ਲਈ। ਨੱਥੇ ਦੇ ਪੁੱਤਰ ਵਰਿਆਮ ਨੇ ਵੀ ਤਲਵਾਰ

ਫੜ ਲਈ। ਗੱਜੇ ਚੌਂਕੀਦਾਰ ਨੇ ਹਨੂੰਮਾਨ ਦੀ ਗੁਜਰ ਵਰਗਾ ਬੇਰੀ ਦਾ ਭਾਰਾ ਸੋਟਾ, ਛੋਲੇ ਕੁੱਟਣ ਵਾਲਾ ਚੁੱਕ ਲਿਆ। ਮੀਰਾਂਕੋਟ ਦੇ ਨੰਬਰਦਾਰ ਨੱਥੇ ਦੇ ਤਿੰਨ ਹੋਰ ਧਰਮੀ ਯੋਧੇ ਸਾਥੀ ਨਾਲ ਰਲ ਗਏ। ਨੱਥੇ ਨੰਬਰਦਾਰ ਨੇ ਰਾਏ ਸਿੰਘ ਨੂੰ ਕੰਧਾੜੇ ਚੁੱਕ ਲਿਆ ਅਤੇ ਮੀਰਾਂਕੋਟ ਕਲਾਂ ਤੋਂ ਮੀਰਾਂਕੋਟ ਖੁਰਦ ਹੁੰਦਾ ਹੋਇਆ ਅੰਮ੍ਰਿਤਸਰ ਵੱਲ ਨੂੰ ਭੱਜ ਨਿਕਲਿਆ।

ਕਾਂਡ 15

ਕੁਦਰਤ ਨੇ ਮਨੁੱਖ ਦਾ ਸੁਭਾਅ ਹੀ ਐਸਾ ਬਣਾਇਆ ਹੈ ਜਿਵੇਂ ਵੇਲ ਨੂੰ ਉੱਚੇ ਪਾਸੇ ਵੱਲ ਕਰ ਦਿੱਤਾ ਜਾਵੇ ਤਾਂ ਉਹ ਸੰਗਤ ਕਰ ਕੇ ਉੱਚੇ ਪਾਸੇ ਵੱਲ ਦਰੱਖ਼ਤ ਦੇ ਉਪਰ ਚੜ੍ਹ ਜਾਂਦੀ ਹੈ ਤੇ ਜੇ ਨੀਵੇਂ ਪਾਸੇ ਵੱਲ ਕਰ ਦਿੱਤੀ ਜਾਵੇ ਤਾਂ ਨੀਵੇਂ ਪਾਸੇ ਵੱਲ ਨੂੰ ਤੁਰ ਜਾਂਦੀ ਹੈ। ਜੇ ਵੇਲ ਕੰਡੇ, ਝਾੜੀਆਂ ਵਿਚ ਹੋਵੇ ਤਾਂ ਉਥੇ ਹੀ ਉਲਝ ਕੇ ਰਹਿ ਜਾਂਦੀ ਹੈ।

ਵੇਖੋ, ਨੱਥੇ ਖਹਿਰੇ ਨੰਬਰਦਾਰ ਮੀਰਾਂਕੋਟ ਕਲਾਂ ਦੀ ਸੰਗਤ ਸੂਰਬੀਰ, ਧਰਮਬੀਰ, ਬੀਰ ਬਹਾਦਰ ਸਰਦਾਰ ਮਹਿਤਾਬ ਸਿੰਘ ਜੀ ਨਾਲ ਹੈ ਤਾਂ ਉਸ ਵਿਚ ਵੀ ਅਣਖ, ਧਰਮ, ਬਹਾਦਰੀ ਨੇ ਅੰਗੜਾਈ ਲੈ ਲਈ ਹੈ। ਨੱਥਾ ਨੰਬਰਦਾਰ ਅਣਖ, ਧਰਮ ਤੋਂ ਮਰ-ਮਿਟਣ ਲਈ ਮੈਦਾਨ ਵਿਚ ਨਿੱਤਰ ਆਇਆ ਹੈ। ਨੱਥੇ ਖਹਿਰੇ ਨੰਬਰਦਾਰ ਦੀ ਸੰਗਤ ਕਰਨ ਵਾਲੇ, ਉਸ ਦਾ ਪੁੱਤਰ, ਭਣੇਵਾਂ, ਸੀਰੀ, ਪਿੰਡ ਮੀਰਾਂਕੋਟ ਕਲਾਂ ਦਾ ਚੌਂਕੀਦਾਰ ਅਤੇ ਕੁਝ ਹੋਰ ਮਿੱਤਰ ਪਿਆਰੇ ਧਰਮ, ਅਣਖ, ਗ਼ੈਰਤ, ਪੰਜਾਬੀ ਦੀ ਇੱਜ਼ਤ ਪੱਗ ਦੀ ਲਾਜ ਪਾਲਣ/ਬਰਕਰਾਰ ਰੱਖਣ ਲਈ, ਸਰਦਾਰ ਮਹਿਤਾਬ ਸਿੰਘ ਦੇ ਪੁੱਤਰ ਸੱਤ ਸਾਲਾਂ ਦੇ ਰਾਏ ਸਿੰਘ ਨੂੰ ਬਚਾਉਣ ਖ਼ਾਤਰ ਸ਼ਸਤਰ ਸੰਭਾਲ ਕੇ ਪਿੰਡ ਮੀਰਾਂਕੋਟ ਕਲਾਂ ਤੋਂ ਅੰਮ੍ਰਿਤਸਰ ਸ਼ਹਿਰ ਵੱਲ ਭੱਜ ਨਿਕਲੇ ਹਨ।

ਉਧਰ ਚੌਧਰੀ ਹਰਭਗਤ ਨਿਰੰਜਨੀ ਫ਼ੌਜਦਾਰ ਨੂਰਦੀਨ ਨੂੰ ਕਹਿ ਰਿਹਾ ਹੈ, "ਫ਼ੌਜਦਾਰ ਸਾਹਿਬ, ਨੱਥਾ ਨੰਬਰਦਾਰ ਬੜਾ ਸ਼ਰਾਰਤੀ ਬੰਦਾ ਹੈ। ਇਹ ਤਾਂ ਤੁਸੀਂ ਸੁਣ ਚੁੱਕੇ ਹੋ ਕਿ ਬਾਗ਼ੀ ਸਿੰਘ ਮਹਿਤਾਬ ਸਿੰਘ ਦਾ ਯਾਰ ਹੈ। ਕਿਤੇ ਰਾਏ ਸਿੰਘ ਨੂੰ ਲੈ ਕੇ ਭੱਜ ਹੀ ਨਾ ਜਾਵੇ, ਜੇ ਨੱਥਾ ਨੰਬਰਦਾਰ ਰਾਏ ਸਿੰਘ ਨੂੰ ਲੈ ਕੇ ਕਿਤੇ ਭੱਜ ਗਿਆ ਤਾਂ ਖ਼ਾਨ ਬਹਾਦਰ ਦਾ ਸੁਭਾਅ ਬੜਾ ਗਰਮ ਹੈ, ਉਸ ਨੇ ਆਪਾਂ ਨੂੰ ਨਹੀਂ ਛੱਡਣਾ।"

ਫ਼ੌਜਦਾਰ, "ਚੌਧਰੀ, ਜਾਹ ਨਾਲ ਜਵਾਨ ਲੈ ਕੇ ਨੱਥੇ ਚੌਧਰੀ ਅਤੇ ਰਾਏ ਸਿੰਘ ਨੂੰ ਤੂੰ ਆਪ ਜਾ ਕੇ ਫੜ ਲਿਆ। ਸਿੰਘਾਂ ਦੇ ਹਮਾਇਤੀ ਨੱਥੇ ਚੌਧਰੀ ਨੂੰ ਖ਼ਾਨ ਬਹਾਦਰ ਦੀ ਕਚਹਿਰੀ ਵਿਚ ਪੇਸ਼ ਕੀਤਾ ਜਾਵੇਗਾ।"

ਚੌਧਰੀ ਹਰਭਗਤ ਨਿਰੰਜਨੀ ਫ਼ੌਜ ਲੈ ਕੇ ਨੱਥੇ ਖਹਿਰੇ ਨੰਬਰਦਾਰ ਦੇ ਘਰ

ਗਿਆ। ਘਰ ਵਿਚ ਦਾਖ਼ਲ ਹੋਇਆ ਤਾਂ ਅੱਗੋਂ ਘਰ ਖ਼ਾਲੀ ਪਿਆ ਸੀ। ਹਰਭਗਤ ਨਿਰੰਜਨੀ ਨੇ ਫ਼ੌਜ ਨੂੰ ਚੁਫੇਰੇ ਭਜਾ ਦਿੱਤਾ। ਫ਼ੌਜ ਨੇ ਨੱਥੇ ਨੰਬਰਦਾਰ ਅਤੇ ਉਸ ਦੇ ਸਾਥੀਆਂ ਨੂੰ ਮੀਰਾਂਕੋਟ ਕਲਾਂ ਤੋਂ ਦੱਖਣ ਵੱਲ ਮੀਰਾਂਕੋਟ ਖ਼ੁਰਦ ਦੇ ਨਾਲ ਹੀ ਅੰਮ੍ਰਿਤਸਰ ਸ਼ਹਿਰ ਵਾਲੇ ਪਾਸੇ ਘੇਰ ਲਿਆ। ਨੱਥੇ ਨੰਬਰਦਾਰ ਤੇ ਉਸ ਦੇ ਸਾਥੀਆਂ ਨੇ ਫ਼ੌਜ ਦਾ ਮੁਕਾਬਲਾ ਕਰਨ ਲਈ ਝਾੜੀਆਂ, ਖੱਡਾਂ ਅਤੇ ਰੁੱਖਾਂ ਦੇ ਝੁੰਡ ਵਿਚ ਮੋਰਚੇ ਮੱਲ ਲਏ। ਦੁਸ਼ਮਣ ਸਿਪਾਹੀ ਮਾਰ ਹੇਠਾਂ ਆਵੇ ਤਾਂ ਨੱਥਾ ਖਹਿਰਾ ਨੰਬਰਦਾਰ ਅਤੇ ਸਾਥੀ ਤਲਵਾਰ, ਬਰਛੀ ਦੀ ਭੇਟਾ ਚੜ੍ਹਾ ਦੇਣ। ਨੱਥਾ ਖਹਿਰਾ ਨੰਬਰਦਾਰ ਸ਼ਸਤਰ ਵਿਦਿਆ ਵਿਚ ਬੜਾ ਮਾਹਿਰ ਤੀਰ-ਅੰਦਾਜ਼ ਸੀ। ਉਸ ਨੇ ਜਿਸ ਦੁਸ਼ਮਣ ਸਿਪਾਹੀ ਨੂੰ ਤੀਰ ਮਾਰਿਆ, ਉਸ ਨੇ ਪਾਣੀ ਨਹੀਂ ਸੀ ਮੰਗਿਆ। ਫ਼ੌਜਦਾਰ ਨੂਰਦੀਨ ਘਬਰਾ ਗਿਆ।

ਫ਼ੌਜਦਾਰ ਨੂਰਦੀਨ ਨੇ ਹਰਭਗਤ ਨਿਰੰਜਨੀ ਨੂੰ ਕਿਹਾ, "ਚੌਧਰੀ ਸਾਹਿਬ, ਇਹ ਨੱਥਾ ਨੰਬਰਦਾਰ ਜੱਟ ਤਾਂ ਬੁਰੀ ਬਲਾ ਹੈ। ਜੇ ਰਾਤ ਪੈ ਗਈ ਤਾਂ ਇਸ ਨੇ ਘੇਰਾ ਤੋੜ ਕੇ ਨਿਕਲ ਜਾਣਾ ਹੈ। ਸਾਡੀ ਫ਼ੌਜ ਦਾ ਘਾਣ ਕਰੀ ਜਾ ਰਿਹਾ ਹੈ।"

ਚੌਧਰੀ ਹਰਭਗਤ, "ਫ਼ੌਜਦਾਰ ਸਾਹਿਬ, ਮੈਂ ਤਾਂ ਕਹਿੰਦਾ ਹਾਂ, ਆਪਾਂ ਨੂੰ ਅੰਮ੍ਰਿਤਸਰ ਤੋਂ ਫ਼ੌਜਦਾਰ ਸਲਾਬਤ ਖ਼ਾਨ ਨੂੰ ਫ਼ੌਜ ਸਮੇਤ ਸੱਦਣਾ ਚਾਹੀਦਾ ਹੈ। ਅੱਗੋਂ ਆਪ ਦਾ ਹੁਕਮ।"

ਫ਼ੌਜਦਾਰ ਨੂਰਦੀਨ, "ਨਹੀਂ ਚੌਧਰੀ, ਇੰਞ ਨਹੀਂ ਹੋ ਸਕਦਾ। ਇਸ ਵਿਚ ਆਪਣੀ ਨਮੋਸ਼ੀ ਹੈ। ਸਲਾਬਤ ਖ਼ਾਨ ਕੀ ਆਖੇਗਾ ਕਿ ਨੱਥਾ ਨੰਬਰਦਾਰ ਅਤੇ ਚਾਰ ਸਾਥੀ ਨਹੀਂ ਫੜੇ ਗਏ। ਕੀ ਆਖੇਗਾ ਉਹ ਕਿ ਦੋ-ਚਾਰ ਪੇਂਡੂ ਜ਼ਿਮੀਂਦਾਰ ਤੇ ਲਾਹੌਰੀ ਫ਼ੌਜ ਨੂੰ ਡਰਾ ਕੇ ਭਜਾ ਦਿੱਤਾ।"

ਚੌਧਰੀ ਹਰਭਗਤ, "ਫ਼ੌਜਦਾਰ ਸਾਹਿਬ, ਫਿਰ ਕੀ ਕੀਤਾ ਜਾਵੇ। ਨੱਥਾ ਨੰਬਰਦਾਰ ਤਾਂ ਫ਼ੌਜ ਨੂੰ ਲਾਗੇ ਨਹੀਂ ਆਉਣ ਦੇਂਦਾ। ਜਿਹੜੇ ਜਵਾਨ ਹਿੰਮਤ ਕਰ ਕੇ ਅੱਗੇ ਵਧਦੇ ਹਨ, ਉਹ ਨੱਥੇ ਨੇ ਮਾਰ ਮੁਕਾਏ। ਡਾਢੇ ਜੱਟ ਨਾਲ ਵਾਹ ਪੈ ਗਿਆ। ਏਨੇ ਬੰਦੇ ਮਰਵਾ ਕੇ ਪਿੱਛੇ ਹਟਣਾ ਵੀ ਮੁਸ਼ਕਲ ਹੈ।"

ਫ਼ੌਜਦਾਰ ਨੂਰਦੀਨ, "ਚੌਧਰੀ, ਕੁਝ ਜਵਾਨ ਲੈ ਕੇ ਛੇਤੀ ਪਿੰਡ ਮੰਡਿਆਲੇ ਜਾਹ, ਮੱਸੇ ਦੇ ਭਰਾਵਾਂ ਨੂੰ ਆਖ, ਅਸੀਂ ਚੌਧਰੀ ਮੱਸੇ ਦੇ ਕਾਤਲ ਘੇਰੇ ਵਿਚ ਲਏ ਹਨ, ਤੁਸੀਂ ਬਹਾਦਰ ਰੰਘੜ ਹੋ, ਆਪਣੇ ਭਰਾ ਦਾ ਬਦਲਾ ਲਓ। ਮੰਡਿਆਲੇ ਦੇ ਰੰਘੜ ਬਦਲਾ ਲੈਣ ਲਈ ਜ਼ਰੂਰ ਆਉਣਗੇ।"

ਚੌਧਰੀ ਹਰਭਗਤ 'ਜੀ ਜਨਾਬ' ਕਹਿ ਕੇ ਕੁਝ ਜਵਾਨਾਂ ਸਮੇਤ ਮੱਸੇ ਰੰਘੜ ਦੇ ਪਿੰਡ ਮੰਡਿਆਲੇ, ਜੋ ਨੇੜੇ ਹੀ ਹੈ, ਚਲਾ ਗਿਆ। ਮੱਸੇ ਦੇ ਭਰਾਵਾਂ ਨੂੰ ਮਿਲਿਆ, ਦੱਸਿਆ ਕਿ ਅਸੀਂ ਲਾਹੌਰੀ ਫ਼ੌਜ ਨਾਲ ਚੌਧਰੀ ਮੱਸੇ ਦੇ ਕਾਤਲ ਘੇਰੇ ਵਿਚ ਲਏ ਹਨ। ਤੁਸੀਂ ਤਿਆਰੀ ਕਰੋ, ਚੌਧਰੀ ਮੱਸੇ ਦੇ ਕਾਤਲਾਂ ਤੋਂ ਗਿਣ-ਗਿਣ ਕੇ ਬਦਲੇ

ਲਵੇ। ਮੱਸੇ ਰੰਘੜ ਦੇ ਭਰਾ, ਭਤੀਜੇ, ਸ਼ਰੀਕਾ, ਕਬੀਲਾ ਰੰਘੜ ਬਦਲੇ ਦੀ ਭਾਵਨਾ ਨਾਲ ਤਿਆਰ ਹੋਏ। 50-60 ਭੂਤਰੇ ਹੋਏ ਰੰਘੜਾਂ ਦਾ ਟੋਲਾ 'ਅੱਲ੍ਹਾ ਹੂ ਅਕਬਰ' ਦੇ ਨਾਹਰੇ ਲਾਉਂਦਾ ਹੋਇਆ ਮੰਡਿਆਲਾ ਤੋਂ ਪਿੰਡ ਮੀਰਾਂਕੋਟ ਪਹੁੰਚ ਗਿਆ, ਜਿਥੇ ਫ਼ੌਜਦਾਰ ਨੂਰਦੀਨ ਨੇ ਨੱਥਾ ਨੰਬਰਦਾਰ ਅਤੇ ਉਸ ਦੇ ਸਾਥੀ ਘੇਰੇ ਹੋਏ ਸਨ।

ਮੰਡਿਆਲੇ ਦੇ ਰੰਘੜਾਂ ਨੇ ਆਉਂਦਿਆਂ ਹੀ ਫ਼ੌਜਦਾਰ ਨੂਰਦੀਨ ਨੂੰ ਸਲਾਮ ਬੁਲਾਈ।

ਫ਼ੌਜਦਾਰ ਨੂਰਦੀਨ, "ਮੁਸਲਮਾਨ ਭਰਾਵੋ, ਤੁਸੀਂ ਬੜੇ ਬਹਾਦਰ ਯੋਧੇ ਹੋ। ਤੁਹਾਡੀ ਲਲਕਾਰ ਅੱਗੇ ਪਹਾੜ ਵੀ ਕੰਬ ਜਾਂਦੇ ਹਨ। ਤੁਸੀਂ ਆਪਣੇ ਭਰਾ ਮੱਸੇ ਚੌਧਰੀ ਦਾ ਬਦਲਾ ਲੈ ਕੇ ਦੁਨੀਆਂ ਨੂੰ ਦੱਸ ਦਿਉ ਕਿ ਅੱਗੇ ਤੋਂ ਕੋਈ ਸਿੱਖ ਤੁਹਾਡੇ ਨਾਲ ਟੱਕਰ ਲੈਣ ਦੀ ਹਿੰਮਤ ਨਾ ਕਰੇ।"

ਫ਼ੌਜਦਾਰ ਨੂਰਦੀਨ ਨੇ ਮੱਸੇ ਰੰਘੜ ਦੇ ਭਰਾਵਾਂ ਨਾਲ ਆਈ ਵਾਹਰ ਨੂੰ ਆਖਿਆ, "ਆਪਣੇ ਭਰਾ ਚੌਧਰੀ ਮੱਸੇ ਦਾ ਬਦਲਾ ਲਵੋ। ਅਸੀਂ ਮੱਸੇ ਚੌਧਰੀ ਦੇ ਕਾਤਲ ਤੁਹਾਡੇ ਸਪੁਰਦ ਕਰ ਦਿੱਤੇ ਹਨ। ਰੰਘੜਾਂ ਦੀ ਟੋਲੀ ਨੱਥੇ ਨੰਬਰਦਾਰ ਤੇ ਉਸ ਦੇ ਸਾਥੀਆਂ ਵੱਲ ਵਧੀ ਤੇ ਚੁਫੇਰਿਉਂ ਹੱਲਾ ਕੀਤਾ। ਨੱਥਾ ਨੰਬਰਦਾਰ ਤੇ ਸਾਥੀ ਮੋਰਚੇ ਮੱਲੀ ਬੈਠੇ ਸਨ। ਮੱਸੇ ਰੰਘੜ ਦਾ ਭਰਾ ਅੱਗੇ ਵਧਿਆ ਤਾਂ ਜਿਊਣੇ (ਮਜ਼ਹਬੀ ਸਿੱਖ) ਨੇ ਸੰਮਾਂ ਵਾਲੀ ਡਾਂਗ ਐਸੀ ਮੱਸੇ ਦੇ ਭਰਾ ਦੇ ਸਿਰ ਵਿਚ ਧਰੀ ਕਿ ਸਿਰ ਮਤੀਰੇ ਵਾਂਗ ਭੰਨ ਕੇ ਰੱਖ ਦਿੱਤਾ। ਮੱਸੇ ਰੰਘੜ ਦਾ ਭਰਾ ਜਿਊਣੇ ਦੀ ਡਾਂਗ ਦੇ ਇਕੋ ਵਾਰ ਨਾਲ ਮੱਸੇ ਵੀਰ ਨੂੰ ਜਾ ਮਿਲਿਆ। ਨੱਥੇ ਦੇ ਸਾਥੀਆਂ ਨੇ ਦਸ ਰੰਘੜ ਮਾਰ ਦਿੱਤੇ। ਨੱਥੇ ਨੰਬਰਦਾਰ ਦਾ ਤੀਰ ਜਿਸ ਰੰਘੜ ਦੀ ਛਾਤੀ ਵਿਚੋਂ ਪਾਰ ਹੋਇਆ, ਉਸ ਨੇ ਪਾਣੀ ਨਹੀਂ ਮੰਗਿਆ। ਨੱਥੇ ਨੰਬਰਦਾਰ ਤੇ ਸਾਥੀਆਂ ਨੇ ਅਜਿਹੀ ਸੂਰਮਗਤੀ ਵਿਖਾਈ ਕਿ ਰੰਘੜਾਂ ਦੇ ਹੌਂਸਲੇ ਢਹਿ ਗਏ।

ਆਖ਼ਰ ਮੰਡਿਆਲੇ ਦੇ ਰੰਘੜਾਂ ਦੀ ਟੋਲੀ ਨੇ ਨੂਰਦੀਨ ਨੂੰ ਆਖਿਆ, "ਤੂੰ ਸਾਨੂੰ ਮਰਵਾ ਰਿਹਾ ਹੈਂ ਅਤੇ ਆਪ ਫ਼ੌਜ ਨਾਲ ਪਾਸੇ ਖਲੋ ਕੇ ਤਮਾਸ਼ਾ ਵੇਖ ਰਿਹਾ ਹੈਂ। ਫ਼ੌਜਦਾਰ ਸਾਹਿਬ, ਸਾਡੇ ਤੋਂ ਨੱਥਾ ਚੌਧਰੀ ਫੜਿਆ ਨਹੀਂ ਜਾਣਾ। ਨੱਥਾ ਨੰਬਰਦਾਰ ਅਤੇ ਸਾਥੀ ਮਰਨ-ਮਾਰਨ ਉੱਤੇ ਤੁਲੇ ਹੋਏ ਹਨ।"

ਫ਼ੌਜਦਾਰ ਨੂਰਦੀਨ ਨੇ ਬੜਾ ਜ਼ੋਰ ਲਾਇਆ ਕਿ ਨੱਥਾ ਨੰਬਰਦਾਰ ਕਾਬੂ ਆ ਜਾਵੇ।

ਹਰਭਗਤ ਨਿਰੰਜਨੀ, "ਫ਼ੌਜਦਾਰ ਸਾਹਿਬ, ਮੁਕਾਬਲਾ ਬੜਾ ਫਸਵਾਂ ਹੈ। ਜੱਟਾਂ ਅਤੇ ਰੰਘੜਾਂ ਦਾ ਮੁਕਾਬਲਾ ਹੈ। ਰੰਘੜ ਸਾਰੇ ਇਕੱਠੇ ਹੋ ਕੇ ਹਮਲਾ ਕਰਨ ਅਤੇ ਨੱਥੇ ਨੰਬਰਦਾਰ ਅਤੇ ਸਾਥੀਆਂ ਨੂੰ ਫੜ ਕੇ ਮਾਰ ਦੇਣ।"

ਹਰਭਗਤ ਨਿਰੰਜਨੀ ਦੀ ਦਲੀਲ ਸੁਣ ਕੇ ਅੱਗੋਂ ਰੰਘੜਾਂ ਨੇ ਜਵਾਬ ਦਿੱਤਾ ਕਿ ਸਾਡੇ ਤੋਂ ਨੱਥਾ ਨੰਬਰਦਾਰ ਅਤੇ ਉਸ ਦੇ ਸਾਥੀ ਨਾ ਹੀ ਫੜੇ ਜਾਂਦੇ ਹਨ ਅਤੇ

ਨਾ ਹੀ ਮਰਦੇ ਹਨ। ਨੱਥਾ ਨੰਬਰਦਾਰ ਜਿਸ ਨੂੰ ਵੀ ਤੀਰ ਮਾਰਦਾ ਹੈ, ਉਹ ਮੂੰਹੋਂ ਪਾਣੀ ਨਹੀਂ ਮੰਗਦਾ। ਨੱਥੇ ਨੰਬਰਦਾਰ ਦੇ ਤੀਰ ਰਾਮ ਤੀਰਥ ਤਕ ਸ਼ੂਕਦੇ ਜਾਂਦੇ ਹਨ। ਹੁਣ ਅਸੀਂ ਇਕੱਲੇ ਅੱਗੇ ਨਹੀਂ ਵਧ ਸਕਦੇ।

ਰੰਘੜਾਂ ਦਾ ਜਵਾਬ ਸੁਣ ਕੇ ਫ਼ੌਜਦਾਰ ਨੂਰਦੀਨ ਨੇ ਫ਼ੌਜ ਅਤੇ ਰੰਘੜਾਂ ਦਾ ਚੁਫੇਰਿਉਂ ਹੱਲਾ ਕਰਵਾ ਦਿੱਤਾ। ਜਿੰਨਾ ਚਿਰ ਨੱਥਾ ਨੰਬਰਦਾਰ (ਮੀਰਾਂਕੋਟ) ਦੇ ਤੀਰ ਕਮਾਨ ਉੱਤੇ ਚੜ੍ਹਦੇ ਰਹੇ, ਕੋਈ ਮਾਈ ਦਾ ਲਾਲ ਨੇੜੇ ਨਹੀਂ ਸੀ ਆਉਂਦਾ। ਨੱਥੇ ਖਹਿਰੇ ਨੰਬਰਦਾਰ ਦੇ ਪੁੱਤਰ ਵਰਿਆਮ, ਸੀਰੀ ਮਜ਼ਹਬੀ, ਸਿੱਖ ਜਿਊਣਾ, ਭਣੇਵਾਂ ਅਤੇ ਗੱਜਾ ਚੌਂਕੀਦਾਰ ਦੇ ਗੁਰਜ ਵਰਗੇ ਬੇਰੀ ਦੇ ਭਾਰੇ ਸੋਟੇ ਨੇ ਰੰਘੜਾਂ ਅਤੇ ਸਿਪਾਹੀਆਂ ਦੇ ਸਿਰ ਫੇਹ-ਫੇਹ ਰੱਖ ਦਿੱਤੇ। ਨੱਥੇ ਨੰਬਰਦਾਰ ਸਮੇਤ ਅੱਠ ਧਰਮੀ ਯੋਧੇ ਸਨ, ਜੋ ਬੜੀ ਯੁੱਧਨੀਤੀ ਨਾਲ ਖੱਡਾਂ-ਟੋਇਆਂ ਦਾ, ਰੁੱਖਾਂ ਦਾ, ਮੋਰਚਿਆਂ ਦਾ ਸਹਾਰਾ ਲੈ ਕੇ ਦੁਸ਼ਮਣ ਉੱਤੇ ਉਦੋਂ ਹੀ ਵਾਰ ਕਰਦੇ ਸਨ, ਜਦੋਂ ਦੁਸ਼ਮਣ ਉਹਨਾਂ ਦੀ ਚੰਗੀ ਮਾਰ ਹੇਠਾਂ ਆਉਂਦਾ ਸੀ। ਨੱਥੇ ਚੌਧਰੀ ਕੋਲ ਤੀਰ ਕਮਾਨ ਤੇ ਤਲਵਾਰ ਸੀ। ਉਸ ਦੇ ਪੁੱਤਰ ਹੱਥ ਤਲਵਾਰ, ਭਣੇਵੇਂ ਦੇ ਹੱਥ ਵਿਚ ਬਰਛੀ, ਸੀਰੀ ਜਿਊਣੇ ਦੇ ਹੱਥ ਵਿਚ ਸੰਮਾਂ ਵਾਲੀ ਡਾਂਗ, ਗੱਜੇ ਚੌਂਕੀਦਾਰ ਦੇ ਹੱਥ ਵਿਚ ਬੇਰੀ ਦਾ ਮਜ਼ਬੂਤ ਭਾਰਾ ਗੁਰਜ ਵਰਗਾ ਸੋਟਾ ਸੀ ਅਤੇ ਮੀਰਾਂਕੋਟ ਦੇ ਤਿੰਨ ਹੋਰ ਧਰਮੀ ਯੋਧੇ ਹੱਥਾਂ ਵਿਚ ਤਲਵਾਰਾਂ ਲੈ ਕੇ ਨੱਥੇ ਨੰਬਰਦਾਰ ਦੇ ਨਾਲ ਲੜਦੇ ਹੋਏ ਲਾਹੌਰੀ ਫ਼ੌਜ ਤੇ ਰੰਘੜਾਂ ਦੇ ਸੱਥਰ ਵਿਛਾ ਰਹੇ ਸਨ।

ਨੱਥੇ ਨੰਬਰਦਾਰ ਅਤੇ ਸਾਥੀਆਂ ਨੇ ਲਾਹੌਰੀ ਫ਼ੌਜ ਦੇ 60 ਜਵਾਨ ਜੰਗ ਵਿਚ ਮਾਰ ਦਿੱਤੇ ਅਤੇ 20 ਰੰਘੜ ਇਸ ਲੜਾਈ ਵਿਚ ਮਾਰੇ ਗਏ। ਆਖ਼ਰ ਸੂਰਮੇ ਨੱਥੇ ਨੰਬਰਦਾਰ ਦੀ ਕਮਾਨ ਦੀ ਤੰਦੀ ਟੁੱਟ ਗਈ। ਸੂਰਮਾ ਨੱਥਾ ਨੰਬਰਦਾਰ ਹੱਥ ਵਿਚ ਤਲਵਾਰ ਲੈ ਕੇ ਫ਼ੌਜ ਵਿਚ ਧਸ ਗਿਆ। ਉਹ ਸਰਦਾਰ ਮਹਿਤਾਬ ਸਿੰਘ ਸੂਰਮੇ ਨਾਲ ਵਟਾਈ ਪੱਗ ਦੀ ਲਾਜ ਪਾਲਦਾ ਹੋਇਆ, ਰਾਏ ਸਿੰਘ ਦੀ ਫੜੀ ਬਾਂਹ ਦੀ ਲਾਜ ਪਾਲਦਾ ਹੋਇਆ ਸੂਰਮਗਤੀ ਦੀ ਮਿਸਾਲ ਪੈਦਾ ਕਰ ਕੇ ਦੁਸ਼ਮਣਾਂ ਨਾਲ ਮਰਦਾਨਗੀ, ਬਹਾਦਰੀ ਨਾਲ ਲੜਦਾ ਹੋਇਆ ਪੁਰਜ਼ਾ-ਪੁਰਜ਼ਾ ਕੱਟ-ਕਟਾ ਕੇ ਸਾਥੀਆਂ ਸਮੇਤ ਸ਼ਹੀਦ ਹੋ ਕੇ ਸਿੱਖ ਇਤਿਹਾਸ ਵਿਚ ਅਮਰ ਹੋ ਗਿਆ।

ਨੱਥੇ ਨੰਬਰਦਾਰ ਨੇ ਰਾਏ ਸਿੰਘ ਨੂੰ ਬੇਰੀ-ਮਲ੍ਹਾ ਦੇ ਝਾੜ ਵਿਚ ਲੁਕਾਇਆ ਹੋਇਆ ਸੀ। ਜਦੋਂ ਰਾਏ ਸਿੰਘ ਨੇ ਨੰਬਰਦਾਰ ਨੂੰ ਦੁਸ਼ਮਣਾਂ ਨਾਲ ਗੁੱਥਮ-ਗੁੱਥਾ ਹੁੰਦੇ ਵੇਖਿਆ ਤਾਂ ਝਾੜ-ਮਲ੍ਹੇ ਵਿਚੋਂ ਨਿਕਲ ਆਇਆ ਅਤੇ ਨੰਬਰਦਾਰ ਨੱਥੇ ਖਹਿਰੇ ਦੀਆਂ ਲੱਤਾਂ ਨੂੰ ਚੰਬੜ ਗਿਆ। ਰਾਏ ਸਿੰਘ ਦੀ ਉਮਰ ਸੱਤ ਸਾਲ ਦੀ ਸੀ, ਬੱਚਾ ਸੀ, ਕਹਿ ਰਿਹਾ ਸੀ, "ਨਾ ਮਾਰੋ ਮੇਰੇ ਬਾਪੂ ਨੂੰ ਨਾ ਮਾਰੋ।" ਪਰ ਜ਼ਾਲਮ ਸੁਭਾਅ, ਪੱਥਰ ਦਿਲ ਫ਼ੌਜਦਾਰ ਨੂਰਦੀਨ ਨੇ ਬੱਚੇ ਰਾਏ ਸਿੰਘ ਉੱਤੇ ਰਤੀ ਤਰਸ ਨਾ ਕੀਤਾ, ਸੱਤ ਸਾਲ ਦੇ ਬੱਚੇ ਰਾਏ ਸਿੰਘ ਉੱਤੇ ਤਲਾਵਰ ਦੇ ਤਿੰਨ ਵਾਰ ਕੀਤੇ। ਇਕ ਵਾਰ

ਰਾਏ ਸਿੰਘ ਦੀ ਧੌਣ ਉੱਤੇ ਕੀਤਾ, ਜਿਸ ਨਾਲ ਰਾਏ ਸਿੰਘ ਦੀ ਧੌਣ ਦਾ ਪਿਛਲਾ ਹਿੱਸਾ ਵੱਢਿਆ ਗਿਆ। ਦੂਜਾ ਵਾਰ ਲੱਕ ਵਿਚ ਕੀਤਾ, ਤੀਜਾ ਵਾਰ ਬਾਂਹ ਤੇ ਪਿੱਠ ਉੱਤੇ ਹੋਇਆ। ਪਹਿਲੇ ਵਾਰ ਨਾਲ ਰਾਏ ਸਿੰਘ ਦੀ ਧੌਣ ਦਾ ਪਿਛਲਾ ਹਿੱਸਾ ਵੱਢਿਆ ਗਿਆ ਪਰ ਸ਼ਾਹ ਰਗ ਬਚ ਗਈ।

ਫ਼ੌਜਦਾਰ ਨੂਰਦੀਨ ਰਾਏ ਸਿੰਘ ਨੂੰ ਮਰ ਗਿਆ ਸਮਝ ਕੇ ਜਿੱਤ ਦੇ ਨਗਾਰੇ ਵਜਾਉਂਦਾ ਹੋਇਆ ਦੋ ਸੌ ਸਿਪਾਹੀਆਂ ਵਿਚੋਂ 60 ਮਰਵਾ ਕੇ ਮੰਡਿਆਲੇ ਦੇ 20 ਰੰਘੜ ਮਰਵਾ ਕੇ 60 ਸਿਪਾਹੀਆਂ ਦੀਆਂ ਲਾਸ਼ਾਂ ਗੱਡਿਆਂ ਉੱਤੇ ਲਦਾ ਕੇ ਲਾਹੌਰ ਨੂੰ ਚਲਾ ਗਿਆ।

ਹਾੜ ਦੇ ਦਿਨਾਂ ਵਿਚ ਪਿਛਲੇ ਪਹਿਰ ਸ਼ਾਮ ਨੂੰ ਦਿਨ ਢਲਦੇ ਪਿੰਡ ਕੰਮੋਆਂ ਦੀ ਇਕ ਮੁਸਲਮਾਨ ਬੀਬੀ ਅਰਾਇਣ ਨਾਂ ਦੀ ਮਾਲਣ ਅੰਮ੍ਰਿਤਸਰ ਤੋਂ ਫੁੱਲ ਵੇਚ ਕੇ ਵਾਪਸ ਆ ਰਹੀ ਸੀ। ਉਸ ਨੂੰ ਨੱਥੇ ਨੰਬਰਦਾਰ ਦੇ ਸ਼ਹੀਦੀ ਸਾਕੇ ਦਾ ਪਤਾ ਲੱਗਿਆ ਤਾਂ ਸ਼ਹੀਦਾਂ ਦਾ ਦਰਸ਼ਨ ਕਰਨ ਲਈ ਉਧਰ ਨੂੰ ਹੋ ਤੁਰੀ। ਬੀਬੀ ਅਰਾਇਣ ਮਾਲਣ ਵੇਖਦੀ ਹੈ, ਥਾਂ-ਥਾਂ ਉੱਤੇ ਖ਼ੂਨ ਦੀਆਂ ਛੱਪੜੀਆਂ ਜੰਮੀਆਂ ਹੋਈਆਂ ਹਨ। ਰੰਘੜਾਂ ਦੀਆਂ ਲਾਸ਼ਾਂ ਗੱਡਿਆਂ ਉੱਤੇ ਲੱਦ ਕੇ ਮੰਡਿਆਲੇ ਪਹੁੰਚ ਗਈਆਂ ਹਨ। ਫ਼ੌਜਦਾਰ ਨੂਰਦੀਨ ਸਿਪਾਹੀਆਂ ਦੀਆਂ ਲਾਸ਼ਾਂ ਗੱਡਿਆਂ ਉੱਤੇ ਲੱਦ ਕੇ ਲਾਹੌਰ ਨੂੰ ਤੁਰ ਗਿਆ ਸੀ। ਇਸ ਥਾਂ ਉੱਤੇ ਨੱਥਾ ਨੰਬਰਦਾਰ ਤੇ ਸੱਤ ਸਾਥੀਆਂ ਦੀਆਂ ਲਾਸ਼ਾਂ ਪੁਰਜ਼ਾ-ਪੁਰਜ਼ਾ ਹੋਈਆਂ ਪਈਆਂ ਸਨ। ਸ਼ਹੀਦ ਹੋਏ ਨੰਬਰਦਾਰ ਨੱਥੇ ਦੀਆਂ ਲੱਤਾਂ ਨਾਲ ਚੰਬੜਿਆ ਹੋਇਆ ਬੱਚਾ ਰਾਏ ਸਿੰਘ ਸਹਿਕ ਰਿਹਾ ਸੀ। ਮਾਲਣ ਨੇ ਆਸਾ-ਪਾਸਾ ਵੇਖ ਕੇ ਸਹਿਕਦੇ ਬੱਚੇ ਨੂੰ ਚੁੱਕ ਕੇ ਫੁੱਲਾਂ ਵਾਲੀ ਟੋਕਰੀ ਵਿਚ ਰੱਖ ਕੇ ਸਿਰ ਉੱਤੇ ਚੁੱਕ ਕੇ ਆਪਣੇ ਪਿੰਡ ਕੰਮੋਆਂ ਲੈ ਗਈ। ਅਰਾਇਣ ਮਾਲਣ ਨੇ ਹਕੀਮ ਸੱਦ ਕੇ ਰਾਏ ਸਿੰਘ ਦੇ ਜ਼ਖ਼ਮ ਸਿਊਂ ਦਿੱਤੇ। ਹਕੀਮ ਤੋਂ ਇਲਾਜ ਕਰਵਾਇਆ, ਰਾਏ ਸਿੰਘ ਬਚ ਗਿਆ। ਫ਼ੌਜਦਾਰ ਨੂਰਦੀਨ ਅਤੇ ਚੁਗ਼ਲ ਚੌਧਰੀ ਹਰਭਗਤ ਨਿਰੰਜਨੀ ਆਪਣੇ ਵੱਲੋਂ ਤਾਂ ਰਾਏ ਸਿੰਘ ਨੂੰ ਮਾਰ ਗਏ ਸੀ। ਜਿਸ ਨੂੰ ਅਕਾਲ ਪੁਰਖ ਰੱਖੇ, ਉਸ ਨੂੰ ਕੋਈ ਮਾਰ ਨਹੀਂ ਸਕਦਾ। 'ਜਿਸ ਕੋ ਰਾਖੇ ਸਾਈਆਂ ਮਾਰ ਨ ਸਕੇ ਕੋਇ।'

ਅਰਾਇਣ ਮਾਲਣ ਦੀ ਸੇਵਾ ਨਾਲ ਰਾਏ ਸਿੰਘ ਹੋਸ਼ ਵਿਚ ਆ ਗਿਆ ਪਰ ਬੱਚਾ ਸੀ, ਓਦਰਿਆ ਹੋਇਆ ਸੀ। ਨੱਥਾ ਨੰਬਰਦਾਰ ਪਿਤਾ ਨਾਲੋਂ ਵੱਧ ਪਿਆਰ ਕਰਦਾ ਸੀ। ਵੇਖੋ, ਸਿੱਖੀ ਉੱਤੇ ਕਿੰਨੀਆਂ-ਕਿੰਨੀਆਂ ਮੁਸੀਬਤਾਂ ਆਈਆਂ ਹਨ। ਸੱਤ ਸਾਲ ਦਾ ਬੱਚਾ ਮਾਤਾ-ਪਿਤਾ ਬਿਨਾਂ ਘੜੀ ਨਹੀਂ ਰਹਿ ਸਕਦਾ। ਵੇਖੋ ਕੁਦਰਤ ਦੇ ਰੰਗ ਹਨ, ਪਹਿਲਾਂ ਪਿਤਾ ਪ੍ਰਦੇਸਾਂ ਵਿਚ ਨਿਕਲਿਆ ਹੋਇਆ ਹੈ। ਹੁਣ ਪਾਲਣ-ਪੋਸਣ ਵਾਲਾ (ਨੱਥਾ ਨੰਬਰਦਾਰ) ਜਿਸ ਦੇ ਸਿਰ 'ਤੇ ਪਿਤਾ ਦਾ ਵਿਛੋੜਾ ਯਾਦ ਨਹੀਂ, ਉਹ ਵੱਡਾ ਭਰਾ ਵਰਿਆਮ, ਜਿਹੜਾ ਭਰਾਵਾਂ ਨਾਲੋਂ ਵੱਧ ਕੇ ਪਿਆਰ

ਕਰਦਾ ਸੀ, ਉਹ ਵੀ ਅੱਖਾਂ ਸਾਹਮਣੇ ਜ਼ਾਲਮਾਂ ਨੇ ਮਾਰ ਦਿੱਤੇ ਹਨ।

ਸੱਤ ਸਾਲ ਦੇ ਬੱਚੇ ਨੂੰ ਕੰਡੇ ਦੀ ਪੀੜ ਸਹਿਣ ਨਹੀਂ ਹੁੰਦੀ। ਰਾਏ ਸਿੰਘ ਨੂੰ ਤਲਵਾਰ ਦੇ ਤਿੰਨ ਗਹਿਰੇ ਫੱਟ ਲੱਗੇ ਹਨ। ਜ਼ਾਲਮ ਨੂਰਦੀਨ ਫ਼ੌਜਦਾਰ ਨੇ ਆਪਣੇ ਵੱਲੋਂ ਰਾਏ ਸਿੰਘ ਨੂੰ ਮਾਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਅਕਾਲ ਪੁਰਖ ਵਾਹਿਗੁਰੂ ਬੜਾ ਦਿਆਲੂ ਹੈ। ਸਹਿਕਦੇ ਬੱਚੇ ਸੱਤ ਸਾਲ ਦੇ ਰਾਏ ਸਿੰਘ ਦੀ ਰੱਖਿਆ ਕਰਨੀ ਹੈ। ਇਕ ਪਾਸੇ ਮੁਸਲਮਾਨ ਹਾਕਮ ਤੇ ਹਕੂਮਤ ਸਿੱਖਾਂ ਦੀ ਨਸਲਕੁਸ਼ੀ ਕਰਨ ਉੱਤੇ ਤੁਲੇ ਹੋਈ ਹੈ। ਕਿਸੇ ਵੀ ਧਰਮ ਵਿਚ ਸਾਰੇ ਲੋਕ ਇਕੋ ਜਿਹੇ ਨਹੀਂ ਹੁੰਦੇ। ਜੇ ਮੁਸਲਮਾਨ ਈਰਖਾ ਵੱਸ ਸਿੱਖਾਂ ਉੱਤੇ ਜ਼ੁਲਮ ਕਰ ਰਹੇ ਹਨ ਤਾਂ ਦੂਜੇ ਪਾਸੇ ਪਿੰਡ ਕੰਮੋਆਂ ਦੀ ਮੁਸਲਮਾਨ ਬੀਬੀ ਅਰਾਇਣ ਨਾਂ ਦੀ ਮਾਲਣ, ਸੂਰਬੀਰ ਬਹਾਦਰ ਮਹਿਤਾਬ ਸਿੰਘ ਮੀਰਾਂਕੋਟ ਦੇ ਪੁੱਤਰ ਰਾਏ ਸਿੰਘ ਦੀ ਰੱਖਿਆ ਕਰਨ ਲਈ ਫ਼ਰਿਸ਼ਤਾ ਹੋ ਕੇ ਆ ਪੁੱਜੀ ਹੈ। ਅਰਾਇਣ ਮਾਲਣ ਰਾਏ ਸਿੰਘ ਨੂੰ ਪੁੱਤਾਂ ਤੋਂ ਵੱਧ ਪਿਆਰ ਨਾਲ ਸਾਂਭ ਰਹੀ ਹੈ। ਅਰਾਇਣ ਮਾਲਣ ਦਾ ਆਪਣਾ ਕੋਈ ਬੱਚਾ ਨਹੀਂ ਸੀ। ਉਸ ਨੇ ਸੂਹ ਕੱਢੀ ਹੈ ਕਿ ਰਾਏ ਸਿੰਘ ਦੀ ਤਾਈ ਬਸੰਤ ਕੌਰ ਪਿੰਡ ਰੁਟਾਲੇ ਆਪਣੇ ਪੇਕੇ ਰਹਿ ਰਹੀ ਹੈ।

ਮੁਸਲਮਾਨ ਬੀਬੀ ਅਰਾਇਣ ਮਾਲਣ ਬਸੰਤ ਕੌਰ ਕੋਲ ਪਿੰਡ ਰੁਟਾਲੇ ਗਈ ਤੇ ਘਰ ਪੁੱਛਦੀ-ਪੁਛਾਉਂਦੀ ਬਸੰਤ ਕੌਰ ਕੋਲ ਪੁੱਜ ਗਈ।

ਅਰਾਇਣ ਮਾਲਣ, "ਭੈਣ ਜੀ (ਬਸੰਤ ਕੌਰ ਜੀ), ਸਤਿ ਸ੍ਰੀ ਅਕਾਲ।"

"ਸਤਿ ਸ੍ਰੀ ਅਕਾਲ! ਆਓ ਭੈਣ ਜੀ, ਜੀ ਆਇਆਂ ਨੂੰ।" ਅੱਗੋਂ ਰਸਮੀ ਸਵਾਗਤ ਕਰਦਿਆਂ ਬਸੰਤ ਕੌਰ ਨੇ ਪ੍ਰੇਮ ਨਾਲ ਆਖਿਆ।

ਅਰਾਇਣ ਮਾਲਣ, "ਭੈਣ ਬਸੰਤ ਕੌਰ ਜੀ, ਵਧਾਈਆਂ ਹੋਣ। ਲੱਖ-ਲੱਖ ਵਧਾਈਆਂ ਹੋਣ। ਖ਼ੁਦਾ ਨੇ ਤੁਹਾਡੀ ਰੱਖ ਵਿਖਾਈ ਹੈ। ਖ਼ੁਦਾ ਪਰਵਦਗਾਰ ਬੜਾ ਰਹਿਮਤਾਂ ਵਾਲਾ ਹੈ।" ਅਰਾਇਣ ਮਾਲਣ ਨੇ ਆਪਣੇ ਮਨ ਦੀਆਂ ਭਾਵਨਾਵਾਂ ਦਾ ਖ਼ਾਸ ਪ੍ਰਗਟਾਵਾ ਗੁੱਝੇ ਢੰਗ ਨਾਲ ਕਰਦਿਆਂ ਕਿਹਾ।

ਬਸੰਤ ਕੌਰ, "ਭੈਣ ਜੀ, ਮੈਂ ਸਮਝ ਨਹੀਂ ਸਕੀ। ਕਿਸ ਗੱਲ ਦੀਆਂ ਵਧਾਈਆਂ ਦੇ ਰਹੇ ਹੋ। ਤੁਸੀਂ ਕਿਸ ਥਾਂ ਤੋਂ ਆਏ ਹੋ ?" ਬੜੀ ਉਤਸੁਕਤਾ ਨਾਲ ਬਸੰਤ ਕੌਰ ਨੇ ਪੁੱਛਿਆ।

ਅਰਾਇਣ ਮਾਲਣ, "ਮੈਂ ਪਿੰਡ ਕੰਮੋਆਂ ਦੀ ਮਾਲਣ ਹਾਂ। ਤੁਹਾਡੇ ਪੁੱਤਰ ਰਾਏ ਸਿੰਘ ਦੀ ਵਧਾਈ ਦੇਣ ਆਈ ਹਾਂ।"

ਬਸੰਤ ਕੌਰ ਨੇ ਗਲਾ ਭਰ ਕੇ ਕਿਹਾ, "ਭੈਣੇ, ਕਾਹਦੀ ਵਧਾਈ ? ਉਹ ਤਾਂ ਮਾਸੂਮ ਹਕੂਮਤ ਦੇ ਜ਼ੁਲਮ ਦਾ ਸ਼ਿਕਾਰ ਹੋ ਗਿਆ। ਮੀਰਾਂਕੋਟ ਦੇ ਨੰਬਰਦਾਰ ਨੱਥੇ ਖਹਿਰੇ ਦੇ ਪਰਿਵਾਰ ਨਾਲ ਹੀ ਫ਼ੌਜ ਨੇ ਮਾਰ ਦਿੱਤਾ। ਸਾਡੀ ਤਾਂ ਪੀੜ੍ਹੀ ਦਾ ਦੀਵਾ ਉਹਦੇ ਨਾਲ ਹੀ ਜਗਦਾ ਸੀ।"

ਅਰਾਇਣ ਮਾਲਣ, "ਨਾ ਭੈਣ ਬਸੰਤ ਕੁਰੇ, ਨਹੀਂ, ਰਾਏ ਸਿੰਘ ਮਰਿਆ ਨਹੀਂ। ਜ਼ਖ਼ਮੀ ਜ਼ਰੂਰ ਹੋਇਆ ਸੀ ਪਰ ਰਾਏ ਸਿੰਘ ਜਿਉਂਦਾ ਹੈ।"

ਬਸੰਤ ਕੌਰ ਨੇ ਮਾਲਣ ਨੂੰ ਜੱਫੀ ਪਾ ਕੇ ਕਿਹਾ, "ਕੀ ਮੇਰਾ ਪੁੱਤਰ ਰਾਏ ਸਿੰਘ ਜੀਉਂਦਾ ਹੈ? ਮੈਂ ਤੇਰਾ ਮੱਥਾ ਚੁੰਮ ਲਵਾਂ।"

ਜਦੋਂ ਮਾਲਣ ਦੇ ਮੂੰਹੋਂ ਰਾਏ ਸਿੰਘ ਦੇ ਜਿੰਦਾ ਹੋਣ ਬਾਰੇ ਸੁਣਿਆ ਤਾਂ ਬਸੰਤ ਕੌਰ ਦੇ ਤਾਈ ਹੋਣ ਦੇ ਬਾਵਜੂਦ ਵੀ ਮਮਤਾ ਜਾਗ ਪਈ। ਬਸੰਤ ਕੌਰ ਦੇ ਹਿਰਦੇ ਵਿਚ ਮਾਂ ਦੀ ਮਮਤਾ ਤੋਂ ਵੱਧ ਮਮਤਾ ਠਾਠਾਂ ਮਾਰ ਰਹੀ ਸੀ। ਉਸ ਦੀ ਛਾਤੀ ਵਿਚੋਂ ਦੁੱਧ ਸਿਮ ਆਇਆ। ਬਸੰਤ ਕੌਰ ਖ਼ੁਸ਼ੀ ਵਿਚ ਬਿਹਬਲ ਹੋ ਉਠੀ। ਉਹ ਮਾਲਣ ਤੋਂ ਰਾਏ ਸਿੰਘ ਦੇ ਜ਼ਿੰਦਾ ਬਚ ਜਾਣ ਦਾ ਕ੍ਰਿਸ਼ਮਾ ਸੁਣਨ ਲਈ ਕਾਹਲੀ ਸੀ।

ਬਸੰਤ ਕੌਰ ਨੇ ਮੀਰਾਂਕੋਟ ਦੇ ਜੰਗ ਤੋਂ ਬਾਅਦ ਮੀਰਾਂਕੋਟ ਪਿੰਡ ਜਾ ਕੇ ਪਤਾ ਕੀਤਾ ਸੀ ਅਤੇ ਸੁਣਿਆ ਸੀ ਕਿ ਮੀਰਾਂਕੋਟ ਦੇ ਜੰਗ ਵਿਚ ਨੱਥੇ ਨੰਬਰਦਾਰ ਨੇ ਸਾਥੀਆਂ ਸਮੇਤ ਬੜੀ ਬਹਾਦਰੀ ਨਾਲ ਜ਼ਕਰੀਆ ਖ਼ਾਨ ਦੀਆਂ ਲਾਹੌਰੀ ਫ਼ੌਜਾਂ ਅਤੇ ਮੰਡਿਆਲੇ ਦੇ ਰੰਘੜਾਂ ਦਾ ਮੁਕਾਬਲਾ ਕੀਤਾ ਹੈ। ਨੱਥਾ ਨੰਬਰਦਾਰ ਸੈਂਕੜੇ ਦੁਸ਼ਮਣਾਂ ਨੂੰ ਮਾਰ ਕੇ ਲੜਾਈ ਵਿਚ ਸ਼ਹੀਦ ਹੋਇਆ ਹੈ। ਜਿਉਂਦੇ ਜੀਅ ਨੱਥੇ ਨੰਬਰਦਾਰ ਨੇ ਰਾਏ ਸਿੰਘ ਨੂੰ ਫ਼ੌਜਦਾਰ ਦੇ ਹਵਾਲੇ ਨਹੀਂ ਕੀਤਾ। ਨੱਥਾ ਨੰਬਰਦਾਰ ਮੀਰਾਂਕੋਟ ਮਰਦਾਂ ਵਾਂਗ ਰਾਏ ਸਿੰਘ ਦੀ ਫੜੀ ਬਾਂਹ ਅਤੇ ਸੂਰਬੀਰ ਮਹਿਤਾਬ ਸਿੰਘ ਨਾਲ ਵਟਾਈ ਪੱਗ ਦੀ ਲਾਜ ਪਾਲ ਗਿਆ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੌਵੇਂ ਪਾਤਸ਼ਾਹ ਨੇ ਹਿੰਦੂ ਧਰਮ ਨੂੰ ਔਰੰਗਜ਼ੇਬ ਦੇ ਜ਼ੁਲਮ ਤੋਂ ਬਚਾਉਣ ਲਈ ਹਿੰਦੂ ਧਰਮ ਦੀ ਬਾਂਹ ਫੜੀ ਤੇ ਫ਼ੁਰਮਾਇਆ, 'ਬਾਂਹ ਜਿਨਾ ਦੀ ਪਕੜੀਐ ਸਿਰ ਦੀਜੈ ਬਾਂਹ ਨ ਛੋਡੀਐ।'

ਜਿਵੇਂ ਬਚਿੱਤਰ ਨਾਨਕ ਵਿਚ ਪਾਤਸ਼ਾਹੀ ਦਸਵੀਂ ਦਾ ਫ਼ੁਰਮਾਨ ਹੈ, "ਧਰਮ ਹੇਤ ਸਾਕਾ ਜਿਨ ਕੀਆ॥ ਸੀਸ ਦੀਆ ਪਰ ਸਿਰਰੁ ਨ ਦੀਆ॥' ਨੱਥਾ ਖਹਿਰਾ ਜਨਮ ਮਰਨ ਸਫ਼ਲ ਕਰ ਗਿਆ। ਜਿਥੇ ਨੱਥੇ ਖਹਿਰੇ ਨੰਬਰਦਾਰ ਦੇ ਜਿਉਂਦੇ ਦੇ ਲੋਕ ਗੁਣ ਗਾਉਂਦੇ ਸਨ, ਉਥੇ ਹੁਣ ਵੀ ਉਸ ਦੀ ਬਹਾਦਰੀ, ਅਣਖ, ਗ਼ੈਰਤ ਦੀ ਮੌਤ (ਸ਼ਹਾਦਤ) ਦੇ ਗੁਣ ਗਾਉਂਦੇ ਹਨ।

ਬਸੰਤ ਕੌਰ ਨੂੰ ਮੀਰਾਂਕੋਟ ਦੇ ਵਾਸੀਆਂ ਨੇ ਦੱਸਿਆ ਸੀ ਕਿ ਰੰਘੜਾਂ ਦੀਆਂ ਲਾਸ਼ਾਂ ਗੱਡਿਆਂ ਉੱਤੇ ਲੱਦ ਕੇ ਰੰਘੜ ਮੰਡਿਆਲੇ ਲੈ ਗਏ ਸਨ ਤੇ ਸਿਪਾਹੀਆਂ ਦੀਆਂ ਲਾਸ਼ਾਂ ਗੱਡਿਆਂ ਉੱਤੇ ਲੱਦ ਕੇ ਫ਼ੌਜਦਾਰ ਨੂਰਦੀਨ ਲਾਹੌਰ ਲੈ ਗਿਆ ਸੀ।

ਨੱਥਾ ਨੰਬਰਦਾਰ, ਉਸ ਦਾ ਪੁੱਤਰ ਵਰਿਆਮ, ਸੀਰੀ ਜੀਊਣਾ, ਚੌਕੀਦਾਰ ਗੱਜਾ ਤੇ ਹੋਰ ਸਾਥੀਆਂ ਦੇ ਅੰਤਮ ਸਸਕਾਰ ਅਸੀਂ ਕਰ ਦਿੱਤੇ ਹਨ। ਰਾਏ ਸਿੰਘ ਅਤੇ ਨੱਥੇ ਨੰਬਰਦਾਰ ਦੇ ਭਣੇਵੇਂ ਬਾਰੇ ਕੋਈ ਪਤਾ ਨਹੀਂ ਲੱਗਿਆ। ਰੱਬ ਜਾਣੇ

ਰਾਏ ਸਿੰਘ ਤੇ ਨੱਥੇ ਨੰਬਰਦਾਰ ਦੇ ਭਣੇਵੇਂ ਨੂੰ ਫੌਜਦਾਰ ਨੂਰਦੀਨ ਫੜ ਕੇ ਲਾਹੌਰ ਲੈ ਗਿਆ ਹੋਵੇ। ਲਾਹੌਰ ਲਿਜਾ ਕੇ ਸ਼ਹੀਦ ਕਰ ਦਿੱਤਾ ਹੋਵੇ। ਬਸੰਤ ਕੌਰ, ਪਿੰਡ ਮੀਰਾਂਕੋਟ ਅਤੇ ਇਲਾਕੇ ਵਿਚ ਇਹੋ ਮੰਨ ਲਿਆ ਗਿਆ ਸੀ ਕਿ ਨੱਥਾ ਨੰਬਰਦਾਰ ਤੇ ਸਾਥੀਆਂ ਨਾਲ ਰਾਏ ਸਿੰਘ ਵੀ ਸ਼ਹੀਦ ਹੋ ਗਿਆ ਹੈ।

ਅਰਾਇਣ ਮਾਲਣ, "ਭੈਣ ਬਸੰਤ ਕੌਰ ਜੀ, ਮੇਰਾ ਪਤੀ ਗੁਜ਼ਰ ਗਿਆ ਹੈ। ਧੀ-ਪੁੱਤਰ ਕੋਈ ਨਹੀਂ। ਮੇਰਾ ਜੇਠ-ਜਿਠਾਣੀ ਸੁਭਾਅ ਦੇ ਬੜੇ ਚੰਗੇ ਹਨ। ਮੈਂ ਉਹਨਾਂ ਦੇ ਆਸਰੇ ਵਕਤ ਲੰਘਾ ਰਹੀ ਹਾਂ। ਅਸੀਂ ਆਪਣੇ ਖੇਤਾਂ ਵਿਚ ਫਲ, ਫੁੱਲ, ਸਬਜ਼ੀਆਂ ਬੀਜਦੇ ਹਾਂ। ਮੈਂ ਰੋਜ਼ ਦੀ ਤਰ੍ਹਾਂ ਫਲ ਤੇ ਸਾਗ ਅੰਮ੍ਰਿਤਸਰ ਵੇਚ ਕੇ ਸ਼ਾਮ ਨੂੰ ਵਾਪਸ ਆ ਰਹੀ ਸੀ। ਰਾਹ ਡੰਡੀ ਦੇ ਲਾਗੇ ਹੀ ਛੋਟੇ ਮੀਰਾਂਕੋਟ ਦੇ ਨਾਲ ਜੰਗ ਲੜਾਈ ਦਾ ਦ੍ਰਿਸ਼ ਸਾਹਮਣੇ ਆਇਆ। ਥਾਂ-ਥਾਂ ਤੋਂ ਧਰਤੀ ਲਹੂ ਨਾਲ ਭਿੱਜੀ ਹੋਈ ਸੀ। ਉਥੇ ਕੋਈ ਨਹੀਂ ਸੀ। ਬੱਸ ਸੱਤ ਲਾਸ਼ਾਂ ਪੁਰਜ਼ਾ-ਪੁਰਜ਼ਾ ਹੋਈਆਂ ਪਈਆਂ ਸਨ। ਮੈਂ ਨੰਬਰਦਾਰ ਨੱਥੇ ਚੌਧਰੀ ਦੀ ਲਾਸ਼ ਸਿਆਣ ਲਈ। ਇਹ ਮਾਸੂਮ ਬੱਚਾ ਰਾਏ ਸਿੰਘ ਨੱਥੇ ਚੌਧਰੀ ਦੀਆਂ ਲੱਤਾਂ ਨਾਲ ਚੰਬੜਿਆ ਹੋਇਆ ਸਹਿਕ ਰਿਹਾ ਸੀ। ਖ਼ੂਨ ਨਾਲ ਲਥਪਥ ਹੋਇਆ ਸੀ। ਬੁਰੀ ਹਾਲਤ ਵੇਖ ਕੇ ਮੈਨੂੰ ਤਰਸ ਆ ਗਿਆ। ਮੈਂ ਸੋਚਿਆ ਇਹ ਵੀ ਕਿਸੇ ਮਾਂ ਦੀ ਗੋਦੀ ਦਾ ਲਾਲ ਹੈ। ਮੈਨੂੰ ਤਾਂ ਖ਼ੁਦਾ ਨੇ ਦਿੱਤਾ ਨਹੀਂ, ਮੈਂ ਝੂਰਦੀ ਹਾਂ। ਜੇ ਇਸ ਬੱਚੇ ਦੀ ਮਾਂ ਹੁਣ ਇਸ ਨੂੰ ਵੇਖੇ ਤਾਂ ਉਸ ਦੇ ਦਿਲ ਉੱਤੇ ਕੀ ਬੀਤੇ? ਭੈਣ ਜੀ, ਮੈਨੂੰ ਵੈਰਾਗ ਆ ਗਿਆ। ਮੈਂ ਅੱਲ੍ਹਾ ਤਾਅਲਾ ਨੂੰ ਯਾਦ ਕਰ ਕੇ ਬੱਚੇ ਰਾਏ ਸਿੰਘ ਨੂੰ ਟੋਕਰੀ ਵਿਚ ਰੱਖ ਲਿਆ। ਜਿਹੜੇ ਫੁੱਲ ਵਧੇ ਸੀ, ਕੁਝ ਹੇਠਾਂ ਕੁਝ ਉੱਤੇ ਪਾ ਲਏ ਕਿ ਕਿਸੇ ਨੂੰ ਪਤਾ ਨਾ ਲੱਗੇ। ਖ਼ੁਦਾ ਨੂੰ ਯਾਦ ਕਰਦੀ ਹੋਈ ਸਿਰ ਉੱਤੇ ਟੋਕਰੀ ਚੁੱਕ ਕੇ ਤੁਰ ਪਈ। ਦੋਹਾਂ ਮੀਰਾਂਕੋਟ ਪਿੰਡਾਂ ਦੇ ਲੋਕ ਇਕੱਠੇ ਹੋ ਕੇ ਲੜਾਈ ਵਾਲੇ ਪਾਸੇ ਜਾਣ ਨੂੰ ਤਿਆਰ ਹੋ ਰਹੇ ਸਨ। ਮੈਂ ਲੋਕਾਂ ਕੋਲੋਂ ਦੀ ਚੁੱਪ ਕਰ ਕੇ ਲੰਘ ਗਈ। ਮੈਂ ਆਪਣੇ ਘਰ ਪਿੰਡ ਕੰਮੋਆਂ ਪਹੁੰਚ ਕੇ ਹਕੀਮ ਸੱਦ ਦੇ ਰਾਏ ਸਿੰਘ ਦੇ ਜ਼ਖ਼ਮ ਸਿਊਂ ਦਿੱਤੇ। ਹਕੀਮ ਨੇ ਇਲਾਜ ਕੀਤਾ, ਹੁਣ ਰਾਏ ਸਿੰਘ ਤੁਰਨ-ਫਿਰਨ ਲੱਗ ਪਿਆ ਹੈ। ਰੋਟੀ-ਪਾਣੀ ਖਾ ਲੈਂਦਾ ਹੈ। ਪਰ ਨਿਆਣਾ ਬੱਚਾ ਉਦਰ ਗਿਆ ਹੈ। ਮੈਂ ਸੋਚਿਆ ਰਾਏ ਸਿੰਘ ਨੂੰ ਕੋਈ ਰਿਸ਼ਤੇਦਾਰ ਮਿਲ ਜਾਵੇ ਤਾਂ ਉਸ ਨੂੰ ਕੋਈ ਹੌਸਲਾ ਹੋਵੇ। ਮੈਂ ਹੌਲੀ-ਹੌਲੀ ਸੂਹ ਕੱਢ ਕੇ ਤੁਹਾਡੇ ਤਕ ਪੁੱਜੀ ਹਾਂ।"

ਬਸੰਤ ਕੌਰ, "ਭੈਣ ਜੀ, ਤੁਸੀਂ ਧੰਨ ਹੋ। ਅਸੀਂ ਤੇਰਾ ਅਹਿਸਾਨ ਕਿਵੇਂ ਭੁਲਾਵਾਂਗੇ। ਤੂੰ ਮੈਨੂੰ ਮੇਰੇ ਪੁੱਤ ਨਾਲ ਮਿਲਾ। ਹੁਣ ਮੈਂ ਰਾਏ ਸਿੰਘ ਨੂੰ ਮਿਲਣ ਤੋਂ ਬਿਨਾਂ ਰਹਿ ਨਹੀਂ ਸਕਦੀ।"

ਅਰਾਇਣ ਮਾਲਣ, "ਬਸੰਤ ਕੌਰ ਜੀ, ਮੈਂ ਰਾਏ ਸਿੰਘ ਨੂੰ ਪੁੱਤਾਂ ਤੋਂ ਵੱਧ ਪਿਆਰ ਕਰਦੀ ਹਾਂ। ਠੀਕ ਹੈ ਭੈਣ ਜੀ, ਅਸੀਂ ਮੁਸਲਮਾਨ ਹਾਂ। ਸਾਨੂੰ ਜ਼ਾਲਮ

ਹਾਕਮਾਂ ਨੇ ਬਦਨਾਮ ਕਰ ਛੱਡਿਆ ਹੈ। ਸਾਡੇ ਮੁਸਲਮਾਨ ਵਡੇਰਿਆਂ ਦੇ ਸਿੱਖ ਗੁਰੂਆਂ ਨਾਲ ਬੜੇ ਗੂੜ੍ਹੇ ਸੰਬੰਧ ਰਹੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਦੇ ਪਿਆਰ ਨੂੰ ਕੌਣ ਨਹੀਂ ਜਾਣਦਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਸੂਫ਼ੀ ਸੰਤ ਸਾਈਂ ਮੀਆਂ ਮੀਰ ਜੀ ਤੋਂ ਰਖਵਾਈ ਹੈ। ਪਰ ਬੜੇ ਦੁੱਖ ਦੀ ਗੱਲ ਹੈ ਕਿ ਅੱਜ ਮੁਸਲਮਾਨ ਹਾਕਮ ਸਿੱਖਾਂ ਨਾਲ ਈਰਖਾ ਵੱਸ ਉਸੇ ਹਰਿਮੰਦਰ ਸਾਹਿਬ ਦੀ ਬੇਅਦਬੀ ਕਰ ਰਹੇ ਹਨ। ਸਿੱਖਾਂ ਨਾਲ ਵੈਰ ਵਧਾ ਰਹੇ ਹਨ। ਅੱਜ ਦੇ ਹਾਕਮਾਂ ਨੇ ਕਦੀ ਵੀ ਸਾਈਂ ਭੀਖਣ ਸ਼ਾਹ, ਪੀਰ ਬੁੱਧੂ ਸ਼ਾਹ, ਗ਼ਨੀ ਖ਼ਾਂ, ਨਬੀ ਖ਼ਾਂ, ਨਵਾਬ ਸ਼ੇਰ ਮੁਹੰਮਦ ਖ਼ਾਂ ਮਲੇਰ ਕੋਟਲਾ ਦੇ ਇਤਿਹਾਸ ਤੋਂ ਸਬਕ ਨਹੀਂ ਸਿੱਖਿਆ। ਭੈਣ ਜੀ, ਕੀ ਹੋਇਆ ਜੇ ਮੁਸਲਮਾਨ ਹਾਕਮ ਸਿੱਖਾਂ ਨਾਲ ਦੁਸ਼ਮਣੀ ਦੇ ਸਾਰੇ ਹੱਦ-ਬੰਨੇ ਟੱਪ ਗਏ ਹਨ? ਸਾਈਂ ਭੀਖਣ ਸ਼ਾਹ, ਪੀਰ ਬੁੱਧੂ ਸ਼ਾਹ, ਗ਼ਨੀ ਖ਼ਾਂ, ਨਬੀ ਖ਼ਾਂ, ਸ਼ੇਰ ਮੁਹੰਮਦ ਖ਼ਾਨ ਮਲੇਰਕੋਟਲਾ ਅੱਜ ਵੀ ਮੁਸਲਮਾਨਾਂ ਵਿਚ ਜਿਉਂਦੇ ਹਨ। ਸਾਰੀ ਕੌਮ ਕੋਈ ਇਕੋ ਜਿਹੀ ਨਹੀਂ ਹੋਇਆ ਕਰਦੀ।"

ਬਸੰਤ ਕੌਰ, "ਚੰਗਾ ਭੈਣ ਜੀ, ਮੈਂ ਤੁਹਾਡੇ ਵਾਸਤੇ ਰੋਟੀ ਦਾ ਪ੍ਰਬੰਧ ਕਰਦੀ ਹਾਂ। ਆ ਜਾਓ, ਚੌਂਕੇ ਵਿਚ ਬੈਠ ਕੇ ਗੱਲਾਂ ਕਰਾਂਗੀਆਂ, ਨਾਲੇ ਰੋਟੀ ਪੱਕ ਜਾਵੇਗੀ।"

ਅਰਾਇਣ ਮਾਲਣ, "ਭੈਣ ਬਸੰਤ ਕੌਰ ਜੀ, ਰੋਟੀ ਦੀ ਲੋੜ ਨਹੀਂ, ਮੈਂ ਰੋਟੀ ਖਾ ਕੇ ਆਈ ਹਾਂ। ਮੈਂ ਛੇਤੀ ਜਾਣਾ ਹੈ, ਮੇਰਾ ਪੁੱਤ ਰਾਏ ਸਿੰਘ ਉਡੀਕਦਾ ਹੋਵੇਗਾ। ਮੈਂ ਉਸ ਦੀ ਚਾਚੀ ਨੂੰ ਆਖ ਕੇ ਆਈ ਹਾਂ ਕਿ ਮੈਂ ਛੇਤੀ ਆ ਜਾਵਾਂਗੀ। ਤੂੰ ਰਾਏ ਸਿੰਘ ਨੂੰ ਵਰਚਾ ਕੇ ਰੱਖੀਂ।"

ਅਰਾਇਣ ਮਾਲਣ ਨੇ ਅਪਣੱਤ ਤੇ ਬੜੇ ਮਾਣ ਨਾਲ ਆਖਿਆ, "ਭੈਣ ਜੀ, ਹੁਣ ਮੈਂ ਚੱਲੀ ਹਾਂ।"

ਬਸੰਤ ਕੌਰ, "ਭੈਣ ਜੀ, ਜੇ ਤੁਸੀਂ ਰੋਟੀ ਖਾਧੀ ਹੈ ਤਾਂ ਠੀਕ ਹੈ। ਲਉ ਫਿਰ ਦੁੱਧ ਪੀ ਲਉ।" ਬਸੰਤ ਕੌਰ ਨੇ ਅਰਾਇਣ ਮਾਲਣ ਦੇ ਹੱਥ ਦੁੱਧ ਦਾ ਛੰਨਾ ਫੜਾ ਦਿੱਤਾ। ਅਰਾਇਣ ਮਾਲਣ ਦੁੱਧ ਪੀਣ ਲੱਗੀ।

ਬਸੰਤ ਕੌਰ ਅੰਦਰੋਂ ਸੰਦੂਕ ਵਿਚੋਂ ਬੜਾ ਹੀ ਵਧੀਆ ਪੱਟ ਦੇ ਧਾਗੇ ਦੀ ਕਢਾਈ ਵਾਲਾ ਬਾਗ਼, ਫੁਲਕਾਰੀ ਤੇ ਗੁੜ ਦੀ ਰੋੜੀ ਲੈ ਆਈ ਤੇ ਨਾਲੇ ਰਾਏ ਸਿੰਘ ਵਾਸਤੇ ਸੋਹਣੇ-ਸੋਹਣੇ ਕੱਪੜੇ ਪਾਉਣ ਲਈ ਕੱਢ ਲਿਆਈ। ਬਸੰਤ ਕੌਰ ਦਾ ਤਾਂ ਰਾਏ ਸਿੰਘ ਜਿਉਂਦਾ ਸੁਣ ਕੇ ਉਜੜਿਆ ਸੰਸਾਰ ਦੁਬਾਰਾ ਵੱਸ ਗਿਆ ਸੀ। ਬਸੰਤ ਕੌਰ ਖ਼ੁਸ਼ੀ ਵਿਚ ਫੁੱਲੀ ਨਹੀਂ ਸੀ ਸਮਾਉਂਦੀ।

ਬਸੰਤ ਕੌਰ ਦੀ ਮਾਤਾ ਜੀ ਬਾਹਰੋਂ ਖੇਤੋਂ ਆਈ ਤਾਂ ਉਸ ਨੇ ਦੱਸਿਆ, "ਮਾਂ, ਇਹ ਭੈਣ ਜੀ ਕੰਮੋਆਂ ਪਿੰਡ ਤੋਂ ਹਨ। ਮੈਂ ਇਹਨਾਂ ਦੇ ਨਾਲ ਜਾਣਾ ਹੈ। ਸਾਡਾ

ਪੁੱਤਰ ਰਾਏ ਸਿੰਘ ਇਹਨਾਂ ਦੇ ਕੋਲ ਹੈ। ਮੈਂ ਉਸ ਨੂੰ ਮਿਲਣ ਜਾਣਾ ਹੈ। ਮਾਤਾ ਜੀ ਤੁਸੀਂ ਫ਼ਿਕਰ ਨਾ ਕਰਿਓ।"

ਮਾਤਾ, "ਕੀ ਧੀਏ, ਰਾਏ ਸਿੰਘ ਜਿਉਂਦਾ ਹੈ?"

ਅਰਾਇਣ ਮਾਲਣ, "ਹਾਂ ਮਾਤਾ ਜੀ, ਰਾਏ ਸਿੰਘ ਜਿਉਂਦਾ ਹੈ। ਜਿੱਦਣ ਦਾ ਰਾਏ ਸਿੰਘ ਤੁਰਨ-ਫਿਰਨ ਲੱਗ ਪਿਆ ਹੈ, ਰੋਟੀ-ਪਾਣੀ, ਦੁੱਧ ਪੀ-ਖਾ ਲੈਂਦਾ ਹੈ, ਮੇਰੇ ਤਾਂ ਜ਼ਿੰਦਗੀ ਦੇ ਸਾਰੇ ਦੁੱਖ ਭੁੱਲ ਗਏ ਹਨ। ਮੈਂ ਤਾਂ ਖ਼ੁਦਾ ਦਾ ਸ਼ੁਕਰ ਕਰਦੀ ਨਹੀਂ ਥੱਕਦੀ। ਪਰਵਦਗਾਰ ਦਾ ਕਿਸੇ ਵੀ ਅੰਤ ਨਹੀਂ ਪਾਇਆ। ਖ਼ੁਦਾ ਪਰਮਾਤਮਾ ਬੇਅੰਤ ਹੈ।"

ਬਸੰਤ ਕੌਰ, "ਆਓ ਭੈਣ ਜੀ, ਆਹ ਆਪਣੀ ਭੈਣ ਵੱਲੋਂ ਵਧਾਈ ਕਬੂਲ ਕਰੋ।" ਬਸੰਤ ਕੌਰ ਨੇ ਬਾਗ-ਫੁਲਕਾਰੀ ਉੱਤੇ ਗੁੜ ਦੀ ਭੇਲੀ ਤੇ ਕੁਝ ਰੁਪਏ ਅਰਾਇਣ ਮਾਲਣ ਨੂੰ ਫੜਾਉਂਦਿਆਂ ਆਖਿਆ।

ਅਰਾਇਣ ਮਾਲਣ, "ਭੈਣ ਬਸੰਤ ਕੌਰ ਜੀ, ਕਦੀ ਕਿਸੇ ਨੇ ਆਪਣਿਆਂ ਤੋਂ ਵੀ ਇਸ ਤਰ੍ਹਾਂ ਲਾਗ ਲਿਆ ਹੈ?"

ਬਸੰਤ ਕੌਰ, "ਭੈਣ ਜੀ, ਇਹ ਤੁਹਾਨੂੰ ਲਾਗ ਨਹੀਂ ਦੇ ਰਹੀ। ਇਹ ਤਾਂ ਮੈਂ ਤੁਹਾਡੀ ਕੁਰਬਾਨੀ ਨੂੰ ਸਨਮਾਨਿਤ ਕਰ ਰਹੀ ਹਾਂ। ਸਿੱਖ ਧਰਮ ਵਿਚ ਖ਼ੁਸ਼ੀ ਨਾਲ ਕੀਤੇ ਤਿਲ-ਫੁੱਲ ਦੇ ਸਨਮਾਨ ਨੂੰ ਸਭ ਤੋਂ ਉੱਤਮ ਸਤਿਕਾਰ ਮੰਨਿਆ ਜਾਂਦਾ ਹੈ। ਸਿੱਖੀ ਵਿਚ ਕੀਤਾ ਸਨਮਾਨ ਸਤਿਕਾਰ ਮੋੜੀਦਾ ਨਹੀਂ ਹੁੰਦਾ ਸਗੋਂ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕਰ ਲਈਦਾ ਹੈ।

ਅਰਾਇਣ ਮਾਲਣ ਅਤੇ ਬਸੰਤ ਕੌਰ ਰੁਟਾਲੇ ਪਿੰਡ ਤੋਂ ਕੰਮੋਆਂ ਵੱਲ ਨੂੰ ਤੁਰ ਪਈਆਂ। ਪਿੰਡ ਕੰਮੋਆਂ ਪੁੱਜ ਕੇ ਬਸੰਤ ਕੌਰ ਨੇ ਰਾਏ ਸਿੰਘ ਨੂੰ ਗਲ ਨਾਲ ਲਾਇਆ, ਮੱਥਾ ਚੁੰਮਿਆ, ਘੁੱਟ ਕੇ ਪਿਆਰ ਕੀਤਾ। ਰਾਏ ਸਿੰਘ ਨੇ ਆਪਣੀ ਤਾਈ ਬਸੰਤ ਕੌਰ ਨੂੰ ਪਛਾਣ ਲਿਆ। ਬਸੰਤ ਕੌਰ ਰਾਤ ਅਰਾਇਣ ਮਾਲਣ ਦੇ ਘਰ ਰਹੀ। ਅਗਲੇ ਦਿਨ ਬਸੰਤ ਕੌਰ ਨੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ ਕਿ ਭੈਣ ਜੀ, ਤੁਸੀਂ ਧੰਨ ਹੋ, ਤੁਹਾਡੀ ਕੁਰਬਾਨੀ ਧੰਨ ਹੈ, ਜਿਨ੍ਹਾਂ ਨੇ ਰਾਏ ਸਿੰਘ ਦੀ ਜਾਨ ਬਚਾਈ ਹੈ। ਮੈਂ ਚਾਹੁੰਦੀ ਹਾਂ ਕਿ ਹੁਣ ਰਾਏ ਸਿੰਘ ਮੈਨੂੰ ਦੇ ਦਿਉ। ਭੈਣ ਜੀ, ਤੁਹਾਡੀ ਬੜੀ ਮਿਹਰਬਾਨੀ ਹੋਵੇਗੀ। ਅਰਾਇਣ ਮਾਲਣ ਦਾ ਵੀ ਗੂੜ੍ਹਾ ਪਿਆਰ ਰਾਏ ਸਿੰਘ ਨਾਲ ਪੈ ਚੁੱਕਾ ਸੀ। ਪਰ ਬਸੰਤ ਕੌਰ ਦੀ ਹਾਲਤ ਵੇਖ ਕੇ ਉਹ ਉਸ ਨੂੰ ਮੋੜਦੀ ਕਿਵੇਂ?

ਬਸੰਤ ਕੌਰ, "ਭੈਣ ਜੀ, ਰਾਏ ਸਿੰਘ ਮੇਰੇ ਕੋਲ ਰਹਿੰਦਾ ਹੋਇਆ ਵੀ ਤੁਹਾਡਾ ਹੀ ਪੁੱਤਰ ਰਹੇਗਾ। ਅਸੀਂ ਤੁਹਾਨੂੰ ਭੁਲਾਵਾਂਗੇ ਨਹੀਂ।" ਬਸੰਤ ਕੌਰ ਨੇ ਬੜੀ ਅਧੀਨਗੀ ਨਾਲ ਰਾਏ ਸਿੰਘ ਨੂੰ ਅਰਾਇਣ ਮਾਲਣ ਕੋਲੋਂ ਲਿਆ ਅਤੇ ਕੰਮੋਆਂ ਪਿੰਡ ਤੋਂ ਰੁਟਾਲੇ ਪਿੰਡ ਲੈ ਆਈ।

ਰਾਏ ਸਿੰਘ ਦੀ ਮਾਂ ਬਲਵੰਤ ਕੌਰ ਨੂੰ ਵੀ ਰੁਟਾਲੇ ਪਿੰਡ ਸੱਦ ਲਿਆ। ਜਦੋਂ ਰਾਏ ਸਿੰਘ ਦੇ ਜ਼ਿੰਦਾ ਹੋਣ ਦਾ ਪਤਾ ਰਾਏ ਸਿੰਘ ਦੀ ਮਾਤਾ ਬਲਵੰਤ ਕੌਰ ਨੂੰ ਲੱਗਾ ਤਾਂ ਉਸ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਉਹ ਵੀ ਪਿੰਡ ਰੁਟਾਲੇ ਪਹੁੰਚ ਗਈ। ਰਾਏ ਸਿੰਘ ਦੀ ਤਾਈ ਬਸੰਤ ਕੌਰ ਅਤੇ ਮਾਤਾ ਬਲਵੰਤ ਕੌਰ ਨੇ ਬੜੀਆਂ ਰੀਝਾਂ ਨਾਲ ਰਾਏ ਸਿੰਘ ਦਾ ਪਾਲਣ-ਪੋਸਣ ਕੀਤਾ। ਅਰਾਇਣ ਮਾਲਣ ਵੀ ਦਸ-ਵੀਹ ਦਿਨਾਂ ਪਿੱਛੋਂ ਰੁਟਾਲੇ ਪਿੰਡ ਰਾਏ ਸਿੰਘ ਨੂੰ ਜ਼ਰੂਰ ਮਿਲ ਜਾਂਦੀ। ਰਾਏ ਸਿੰਘ ਵੀ ਅੱਗੋਂ ਭੱਜ ਕੇ ਮਿਲਦਾ, ਜੱਫੀ ਪਾ ਲੈਂਦਾ, 'ਮੇਰੀ ਬੀਬੀ ਆ ਗਈ, ਮੇਰੀ ਬੀਬੀ ਆ ਗਈ' ਆਖਦਾ ਤਾਂ ਅਰਾਇਣ ਮਾਲਣ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹਿੰਦੀ। ਜਦੋਂ ਰਾਏ ਸਿੰਘ ਅਰਾਇਣ ਮਾਲਣ ਦੇ ਗਲ ਨਾਲ ਲੱਗ ਕੇ, ਛਾਤੀ ਨਾਲ ਲੱਗ ਕੇ 'ਬੀਬੀ, ਬੀਬੀ' ਕਰਦਾ ਲਾਡ-ਪਿਆਰ ਕਰਦਾ ਤਾਂ ਉਸ ਨੂੰ ਇਕ ਅਗੰਮੀ ਸਰੂਰ ਵਿਚੋਂ ਪਿਆਰ ਨਾਲ ਅੱਖਾਂ ਵਿਚ ਹੰਝੂ ਆ ਜਾਂਦੇ। ਅਰਾਇਣ ਮਾਲਣ ਨੂੰ ਰਾਏ ਸਿੰਘ ਦੀ ਤਾਈ ਬਸੰਤ ਕੌਰ ਤੇ ਮਾਤਾ ਬਲਵੰਤ ਕੌਰ ਹੱਥਾਂ ਉੱਤੇ ਚੁੱਕ ਲੈਂਦੀਆਂ। ਮਾਲਣ ਦੀ ਬੜੀ ਸੇਵਾ ਕਰਦੀਆਂ। ਅਰਾਇਣ ਮਾਲਣ ਅਤੇ ਬਸੰਤ ਕੌਰ, ਬਲਵੰਤ ਕੌਰ ਦਾ ਸਕੀਆਂ ਭੈਣਾਂ ਨਾਲੋਂ ਵੱਧ ਪਿਆਰ ਹੋ ਗਿਆ। ਅਰਾਇਣ ਮਾਲਣ ਰਾਤ ਰੁਟਾਲੇ ਰਹਿੰਦੀ, ਜਦੋਂ ਜਾਣ ਲੱਗਦੀ ਤਾਂ ਰਾਏ ਸਿੰਘ ਆਖਦਾ, "ਬੀਬੀ, ਤੂੰ ਇਥੇ ਰਹੁ।" ਅਰਾਇਣ ਮਾਲਣ ਆਖਦੀ, "ਪੁੱਤਰ ਰਾਏ ਸਿੰਘ, ਮੈਂ ਫਿਰ ਆਵਾਂਗੀ ਤੇ ਤੇਰੇ ਵਾਸਤੇ ਸੋਹਣੇ ਕੱਪੜੇ ਲੈ ਕੇ ਆਵਾਂਗੀ। ਤੇਰੇ ਖਾਣ ਲਈ ਚੀਜ਼ ਅਤੇ ਖੇਡਣ ਲਈ ਬਾਜੀਆਂ ਲੈ ਕੇ ਆਵਾਂਗੀ। ਪੁੱਤਰ, ਤੂੰ ਮੇਰਾ ਸੋਹਣਾ ਰਾਏ ਸਿੰਘ ਪੁੱਤਰ, ਜਿਤਨਾ ਚਿਰ ਮੈਂ ਜਿਉਂਦੀ ਹਾਂ, ਪੁੱਤਰ ਨੂੰ ਮਿਲਿਆਂ ਬਿਨਾਂ ਨਹੀਂ ਰਹਿ ਸਕਦੀ।"

ਰਾਏ ਸਿੰਘ ਹੁਣ ਇਕ ਨਹੀਂ, ਤਿੰਨ ਮਾਵਾਂ (ਤਾਈ ਬਸੰਤ ਕੌਰ, ਅਰਾਇਣ ਮਾਲਣ, ਮਾਤਾ ਬਲਵੰਤ ਕੌਰ) ਦਾ ਪੁੱਤਰ ਸੀ। ਅਰਾਇਣ ਮਾਲਣ ਜਿੰਨਾ ਚਿਰ ਜਿਉਂਦੀ ਰਹੀ, ਰਾਏ ਸਿੰਘ ਨੂੰ ਪੁੱਤਾਂ ਨਾਲੋਂ ਵੱਧ ਪਿਆਰ ਕਰਦੀ ਰਹੀ ਤੇ ਰਾਏ ਸਿੰਘ ਵੀ ਅਰਾਇਣ ਮਾਲਣ ਨੂੰ ਮਾਵਾਂ ਨਾਲੋਂ ਵੱਧ ਸਮਝ ਕੇ ਪਿਆਰ ਕਰਦਾ ਰਿਹਾ।

ਕਾਂਡ 16

ਚੌਧਰੀ ਮੱਸੇ ਰੰਘੜ ਦੇ ਕਤਲ ਤੋਂ ਬਾਅਦ ਹਿੰਦੂ ਮੁਸਲਮਾਨ ਚੁਗ਼ਲ ਚੌਧਰੀਆਂ ਨੇ ਸਿੰਘਾਂ ਦੇ ਪਰਿਵਾਰਾਂ, ਬਾਲ-ਬੱਚਿਆਂ, ਸਿੰਘਣੀਆਂ ਉੱਤੇ ਬੜੇ ਜ਼ੁਲਮ ਕੀਤੇ। ਚੌਧਰੀ ਕਰਮਾ ਤੇ ਧਰਮਾ ਛੀਨਾ ਪਿੰਡ ਵਾਲਿਆਂ ਨੇ ਗਸ਼ਤੀ ਫ਼ੌਜਾਂ ਨਾਲ ਮੋਹਰੀ ਹੋ ਕੇ ਪਿੰਡਾਂ ਵਿਚੋਂ ਸਿੱਖਾਂ ਨੂੰ ਚੁਣ-ਚੁਣ ਕੇ ਕਤਲ ਕੀਤਾ। ਹਰਭਗਤ ਨਿਰੰਜਨੀ ਤੇ ਮਹੰਤ ਆਕਲ ਦਾਸ ਜੰਡਿਆਲਾ ਗੁਰੂ ਸਿੱਖ ਪਰਿਵਾਰਾਂ ਨੂੰ ਕਤਲ ਕਰਨ ਵਿਚ ਮੋਹਰੀ ਰਹੇ। ਚੌਧਰੀ ਰਾਮ ਰੰਧਾਵਾ ਘਣੀਏ ਵਾਲਾ, ਚੌਧਰੀ ਸਾਹਿਬ ਰਾਏ ਨੁਸ਼ਹਿਰੇ ਵਾਲਾ ਨੇ ਗਸ਼ਤੀ ਫ਼ੌਜਾਂ ਲੈ ਕੇ ਆਪਣੇ ਪਿੰਡਾਂ ਵਿਚ ਸਿੱਖ ਪਰਿਵਾਰਾਂ ਦੀ ਕਤਲੇਆਮ ਕੀਤੀ। ਅਨੇਕਾਂ ਹਿੰਦੂ ਤੇ ਮੁਸਲਮਾਨ ਚੁਗ਼ਲ ਚੌਧਰੀਆਂ ਨੇ ਸਿੱਖ ਪਰਿਵਾਰਾਂ ਦੀ ਕਤਲੇਆਮ ਕਰ ਕੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਦੀ ਵਫ਼ਾਦਾਰੀ ਦਾ ਸਬੂਤ ਦਿੱਤਾ।

ਭਾਈ ਲੱਖਾ ਸਿੰਘ ਜੀ ਕੰਬੋਕੀ ਮਾੜੀ (ਭਾਈ ਸੁੱਖਾ ਸਿੰਘ ਦਾ ਵੱਡਾ ਭਰਾ) ਵਾਲਾ ਰਾਤ-ਬਰਾਤੇ ਪਰਿਵਾਰ ਸਮੇਤ ਮਾਲਵੇ ਨੂੰ ਚਲਾ ਗਿਆ। ਸ. ਲੱਖਾ ਸਿੰਘ ਕੰਬੋਕੀ ਮਾੜੀ ਪਰਿਵਾਰ ਨੂੰ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਛੱਡ ਕੇ ਆਪ ਬੀਕਾਨੇਰ, ਬੁੱਢਾ ਜੋਹੜ ਜਥੇਦਾਰ ਬਾਬਾ ਬੁੱਢਾ ਸਿੰਘ ਜੀ, ਜਥੇਦਾਰ ਸ਼ਾਮ ਸਿੰਘ ਜੀ ਨਾਰਲਾ ਨੂੰ ਜਾ ਮਿਲਿਆ। ਇਹਨਾਂ ਦਿਨਾਂ ਵਿਚ ਨਵਾਬ ਕਪੂਰ ਸਿੰਘ ਜੀ ਵੀ ਜਥੇ ਸਮੇਤ ਇਥੇ ਪਹੁੰਚੇ ਹੋਏ ਸਨ ਤੇ ਗੁਰਮਤਾ ਕੀਤਾ ਜਾ ਰਿਹਾ ਸੀ ਕਿ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੂੰ ਕਰਾਰੇ ਹੱਥੀਂ ਨਿੱਬੜਿਆ ਜਾਵੇ। ਜਥੇਦਾਰਾਂ ਨੇ ਨਵਾਬ ਕਪੂਰ ਸਿੰਘ ਜੀ, ਜਥੇਦਾਰ ਬਾਬਾ ਬੁੱਢਾ ਸਿੰਘ ਜੀ ਤੇ ਜਥੇਦਾਰ ਸ਼ਾਮ ਸਿੰਘ ਜੀ ਨਾਰਲਾ ਨੇ ਭਾਈ ਲੱਖਾ ਸਿੰਘ ਮਾੜੀ ਕੰਬੋਕੀ ਤੋਂ ਪੰਜਾਬ ਦਾ ਹਾਲ ਪੁੱਛਿਆ। ਭਾਈ ਲੱਖਾ ਸਿੰਘ ਜੀ ਨੇ ਚੌਧਰੀ ਮੱਸੇ ਦੇ ਕਤਲ ਤੋਂ ਬਾਅਦ ਲਾਹੌਰੀ ਫ਼ੌਜ ਅਤੇ ਚੁਗ਼ਲ ਚੌਧਰੀਆਂ ਵੱਲੋਂ ਬੁਰਛਾ-ਗਰਦੀ ਤੇ ਸਿੱਖ ਪਰਿਵਾਰਾਂ ਦੀ ਕਤਲੇਆਮ ਦੀ ਵਿਥਿਆ ਸੁਣਾਈ।

ਜਿਵੇਂ ਹਰਭਗਤ ਨਿਰੰਜਨੀ, ਫ਼ੌਜਦਾਰ ਨੂਰਦੀਨ ਅਤੇ ਮੰਡਿਆਲੇ ਦੇ ਰੰਘੜਾਂ ਵੱਲੋਂ ਮੀਰਾਂਕੋਟ 'ਤੇ ਹਮਲਾ, ਨੱਥੇ ਨੰਬਰਦਾਰ ਦੀ ਸ਼ਹੀਦੀ, ਬਹਾਦਰੀ ਅਤੇ ਮੀਰਾਂਕੋਟ ਦੀ ਲੁੱਟ ਬਾਰੇ ਦੱਸਿਆ।

ਨੱਥੇ ਖਹਿਰੇ ਨੰਬਰਦਾਰ ਮੀਰਾਂਕੋਟ ਦੀ ਬਹਾਦਰੀ ਤੇ ਸ਼ਹੀਦੀ ਦੀ ਖ਼ਬਰ ਸੁਣ ਕੇ ਸਿੰਘਾਂ ਨੂੰ ਜੋਸ਼ ਚੜ੍ਹ ਗਿਆ। ਨਵਾਬ ਕਪੂਰ ਸਿੰਘ, ਜਥੇਦਾਰ ਸ਼ਾਮ ਸਿੰਘ ਨਾਰਲਾ, ਜਥੇਦਾਰ ਬੁੱਢਾ ਸਿੰਘ ਨੇ ਸਿੰਘਾਂ ਨੂੰ ਹੁਕਮ ਦਿੱਤਾ ਕਿ ਸਿੱਖਾਂ ਉੱਤੇ ਜ਼ੁਲਮ ਕਰਨ ਵਾਲੇ ਸਰਕਾਰੀ ਪਿੱਠੂਆਂ ਦੀ ਸੋਧ-ਸੁਧਾਈ ਕੀਤੀ ਜਾਵੇ। ਦੋ ਸੌ ਸਿੰਘਾਂ ਦਾ ਜੱਥਾ ਬੁੱਢਾ ਜੌਹੜ ਤੋਂ ਗੁਰੀਲਾ ਹਮਲਿਆਂ ਨਾਲ ਸਿੱਖ ਵਿਰੋਧੀ ਚੁਗਲਾਂ, ਚੌਧਰੀਆਂ, ਫ਼ੌਜਦਾਰਾਂ ਦੀ ਸੁਧਾਈ ਕਰਨ ਲਈ ਪੰਜਾਬ ਨੂੰ ਚੜ੍ਹਾਈ ਕਰ ਆਇਆ। ਜਥੇਦਾਰਾਂ ਨੇ ਦੂਰ-ਦੁਰਾਡੇ ਜਥਿਆਂ ਨੂੰ ਸੁਨੇਹੇ ਭੇਜ ਦਿੱਤੇ ਕਿ ਕਾਹਨੂੰਵਾਨ ਦੇ ਛੰਬ (ਜ਼ਿਲਾ ਗੁਰਦਾਸਪੁਰ) ਵਿਚ ਇਕੱਠੇ ਹੋ ਕੇ ਅਗਲੀ ਰਣਨੀਤੀ ਸੋਚੀ ਜਾਵੇ।

ਭਾਈ ਮਹਿਤਾਬ ਸਿੰਘ, ਭਾਈ ਸੁੱਖਾ ਸਿੰਘ, ਭਾਈ ਬਲਵੰਤ ਸਿੰਘ ਅਤੇ ਭਾਈ ਥਰਾਜ ਸਿੰਘ ਦੀ ਅਗਵਾਈ ਹੇਠ ਦੋ ਸੌ ਸਿੰਘਾਂ ਦਾ ਜੱਥਾ ਬੁੱਢਾ ਜੌਹੜ ਬੀਕਾਨੇਰ ਤੋਂ ਚੱਲ ਕੇ ਮਾਝੇ ਦੀ ਧਰਤੀ 'ਤੇ ਪਹੁੰਚ ਕੇ ਰਾਤ ਵੇਲੇ ਇਕ ਜੰਗਲ ਤੋਂ ਦੂਜੇ ਜੰਗਲ ਤਕ ਪਹੁੰਚ ਜਾਂਦਾ। ਸਿੰਘਾਂ ਦਾ ਜੱਥਾ ਮੰਜ਼ਲੋ-ਮੰਜ਼ਲੀ ਅੰਮ੍ਰਿਤਸਰ ਨੇੜੇ ਮੀਰਾਂਕੋਟ ਦੇ ਜੰਗਲ ਵਿਚ ਪਹੁੰਚ ਗਿਆ। ਸਿੰਘਾਂ ਨੇ ਸਭ ਤੋਂ ਪਹਿਲਾਂ ਮੀਰਾਂਕੋਟ ਦੇ ਵਾਸੀਆਂ ਕੋਲੋਂ ਨੱਥੇ ਖਹਿਰੇ ਨੰਬਰਦਾਰ ਤੇ ਸਾਥੀਆਂ ਦੀ, ਬੱਚੇ ਰਾਏ ਸਿੰਘ ਨੂੰ ਬਚਾਉਂਦਿਆਂ ਹੋਈ ਸ਼ਹਾਦਤ ਅਤੇ ਮੰਡਿਆਲੇ ਦੇ ਰੰਘੜਾਂ ਵੱਲੋਂ ਮੀਰਾਂਕੋਟ ਵਿਚ ਕੀਤੀ ਗਈ ਬੁਰਛਾ-ਗਰਦੀ, ਲੁੱਟ-ਮਾਰ ਦਾ ਹਾਲ ਪੁੱਛਿਆ। ਨੱਥੇ ਚੌਧਰੀ ਤੇ ਸਾਥੀਆਂ ਦੀ ਬਹਾਦਰੀ ਭਰੀ ਸ਼ਹੀਦੀ ਨੇ ਸਿੰਘਾਂ ਨੂੰ ਰੋਹ ਚੜ੍ਹਾ ਦਿੱਤਾ। ਸਿੰਘਾਂ ਨੇ ਜ਼ੁਲਮ ਕਰਨ ਵਾਲੇ ਸਰਕਾਰੀ ਪਿੱਠੂਆਂ ਨੂੰ ਸੋਧਣ ਦੀ ਪੱਕੀ ਧਾਰੀ ਹੋਈ ਸੀ। ਸਿੰਘਾਂ ਨੇ ਸਭ ਤੋਂ ਪਹਿਲਾਂ ਨੱਥੇ ਨੰਬਰਦਾਰ ਤੇ ਸਾਥੀਆਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਮੰਡਿਆਲੇ ਦੇ ਰੰਘੜਾਂ ਵੱਲੋਂ ਮੀਰਾਂਕੋਟ ਵਿਚ ਕੀਤੀ ਗਈ ਬੁਰਛਾ-ਗਰਦੀ ਲਈ ਜ਼ਿੰਮੇਵਾਰ ਰੰਘੜਾਂ ਨੂੰ ਸੋਧਣ ਦੀ ਸਕੀਮ ਬਣਾਈ। ਮੀਰਾਂਕੋਟ ਦੇ ਵਾਸੀਆਂ ਨੇ ਸਿੰਘਾਂ ਲਈ ਲੰਗਰ ਪਕਾ ਕੇ ਪਹੁੰਚਾ ਦਿੱਤਾ। ਸਿੰਘਾਂ ਨੇ ਲੰਗਰ ਛਕ ਕੇ ਨਵੇਂ ਦਮ ਹੋ ਕੇ ਦਿਨ ਛਿਪਦੇ ਨਾਲ ਮੀਰਾਂਕੋਟ ਦੀ ਬੀੜ ਜੰਗਲ ਵਿਚੋਂ ਚੌਧਰੀ ਮੱਸੇ ਰੰਘੜ ਦੇ ਪਿੰਡ ਮੰਡਿਆਲੇ ਦੇ ਰੰਘੜਾਂ ਨੂੰ ਸੋਧਣ ਲਈ ਚੜ੍ਹਾਈ ਕਰ ਦਿੱਤੀ।

ਇਹਨਾਂ ਦਿਨਾਂ ਵਿਚ ਅਹਿਮਦ ਸ਼ਾਹ ਅਬਦਾਲੀ ਦੀ ਈਰਾਨ ਤੋਂ ਹਿੰਦੁਸਤਾਨ ਉੱਤੇ ਚੜ੍ਹਾਈ ਦੀਆਂ ਖ਼ਬਰਾਂ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੂੰ ਮਿਲ ਰਹੀਆਂ ਸਨ। ਸਭ ਤੋਂ ਪਹਿਲਾਂ ਸੂਬਾ ਲਾਹੌਰ, ਜ਼ਕਰੀਆ ਖ਼ਾਨ ਨੂੰ ਹੀ ਅਹਿਮਦ ਸ਼ਾਹ ਅਬਦਾਲੀ ਦੀ ਲੁੱਟ ਦਾ ਸ਼ਿਕਾਰ ਹੋਣਾ ਪੈਣਾ ਸੀ। ਜ਼ਕਰੀਆ ਖ਼ਾਨ ਨੇ ਅਬਦਾਲੀ ਦੇ ਟਾਕਰੇ ਲਈ ਗਸ਼ਤੀ ਫ਼ੌਜਾਂ ਲਾਹੌਰ ਵਿਚ ਇਕੱਠੀਆਂ ਕਰ ਲਈਆਂ। ਇਹਨੀਂ ਦਿਨੀਂ ਸਿੱਖਾਂ ਉੱਤੇ ਜ਼ੁਲਮ ਕਰਨ-ਕਰਵਾਉਣ ਵਾਲੇ

ਚੁਗਲਾਂ, ਚੌਧਰੀਆਂ, ਸਰਕਾਰੀ ਪਿੱਠੂਆਂ ਨੂੰ ਸੋਧਣ ਲਈ ਸਿੰਘਾਂ ਨੂੰ ਚੰਗਾ ਮੌਕਾ ਮਿਲ ਗਿਆ ਸੀ।

ਅਜੇ ਥੋੜ੍ਹਾ ਹੀ ਹਨੇਰਾ ਹੋਇਆ ਸੀ ਕਿ ਸਿੰਘਾਂ ਨੇ ਮੰਡਿਆਲੇ ਪਿੰਡ ਨੂੰ ਘੇਰ ਲਿਆ। ਲੋਕ ਰੋਟੀ-ਪਾਣੀ ਖਾ-ਪੀ ਰਹੇ ਸਨ। ਗਰਮੀਆਂ ਦੇ ਦਿਨ ਸਨ। ਭਾਈ ਸੁੱਖਾ ਸਿੰਘ ਨੇ 50 ਸਿੰਘਾਂ ਨਾਲ ਮੰਡਿਆਲੇ ਦੇ ਚੌਧਰੀ ਰਾਏ ਹਸਨੇ ਦੀ ਹਵੇਲੀ ਨੂੰ ਘੇਰ ਲਿਆ। ਸਿੰਘਾਂ ਨੇ ਚੁੱਪ-ਚੁਪੀਤੇ ਹੀ ਚੌਧਰੀ ਰਾਏ ਹਸਨੇ ਦੀ ਹਵੇਲੀ ਦੇ ਪਹਿਰੇਦਾਰਾਂ ਨੂੰ ਪਹਿਲੇ ਹੱਲੇ ਮਾਰ ਦਿੱਤਾ। ਸਿੰਘ ਰਾਏ ਹਸਨੇ ਦੀ ਹਵੇਲੀ ਅੰਦਰ ਦਾਖ਼ਲ ਹੋ ਗਏ। ਸਿੰਘਾਂ ਦੇ ਅਜਿਹੇ ਹਮਲੇ ਦਾ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਸਿੰਘ ਅਸਮਾਨੀ ਬਿਜਲੀ ਵਾਂਗ ਸਾਡੇ 'ਤੇ ਵੀ ਕੜਕ ਸਕਦੇ ਹਨ। ਸਿੰਘਾਂ ਨੇ ਰਾਏ ਹਸਨੇ ਚੌਧਰੀ ਨੂੰ ਜਿਉਂਦੇ ਨੂੰ ਕਾਬੂ ਕਰ ਲਿਆ। ਭਾਈ ਸੁੱਖਾ ਸਿੰਘ ਜੀ ਨੇ ਆਖਿਆ, "ਚੌਧਰੀ ਰਾਏ ਹਸਨਾ, ਚੁੱਪ ਕਰ ਕੇ ਸਾਡੇ ਨਾਲ ਤੁਰ ਪੈ। ਮੀਰਾਂਕੋਟ ਵਿਚ ਜਾ ਕੇ ਚੌਧਰੀ ਨੱਥੇ ਨੰਬਰਦਾਰ ਦੀ ਸ਼ਹੀਦੀ ਅਤੇ ਮੀਰਾਂਕੋਟ ਨੂੰ ਲੁੱਟਣ ਵਾਲੇ ਜ਼ਿਮੀਂਦਾਰਾਂ ਬਾਰੇ ਸਾਨੂੰ ਦੱਸ ਦੇ। ਜਿਹੜੇ ਮੱਸੇ ਦੇ ਭਰਾ, ਭਤੀਜੇ, ਸਾਲੇ, ਚੌਧਰੀ ਮੱਸੇ ਦੀ ਮੌਤ ਦਾ ਬਦਲਾ ਪਿੰਡਾਂ ਵਿਚ ਸਿੱਖ ਪਰਿਵਾਰਾਂ ਉੱਤੇ ਜ਼ੁਲਮ ਕਰ ਕੇ ਲੈ ਰਹੇ ਹਨ, ਨਿਰਦੋਸ਼ਾਂ ਉੱਤੇ ਜ਼ੁਲਮ ਕਰਨਾ ਕਿਧਰ ਦੀ ਬਹਾਦਰੀ ਹੈ। ਜੇ ਉਹਨਾਂ ਦੇ ਦਿਲਾਂ ਅੰਦਰ ਬਦਲੇ ਦੇ ਇਤਨੇ ਹੀ ਭਾਂਬੜ ਬਲ ਰਹੇ ਹਨ ਤਾਂ ਬਦਲਾ ਸਾਡੇ ਤੋਂ ਲੈਣ। ਅਸੀਂ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਚੌਧਰੀ ਮੱਸੇ ਰੰਘੜ ਦਾ ਸਿਰ ਵੱਢ ਕੇ ਦਿਨੇ 12 ਵਜੇ ਲੈ ਕੇ ਗਏ ਹਾਂ। ਚੌਧਰੀ ਮੱਸੇ ਰੰਘੜ ਵੱਲੋਂ ਸ੍ਰੀ ਹਰਿਮੰਦਿਰ ਸਾਹਿਬ ਦੀ ਕੀਤੀ ਬੇਅਦਬੀ ਦੀ ਕਿਸੇ ਨੂੰ ਕੋਈ ਭੁੱਲ ਨਹੀਂ। ਅੱਜ ਅਸੀਂ ਆਏ ਹਾਂ, ਸਾਡੇ ਨਾਲ ਦੋ ਹੱਥ ਕਰ ਕੇ ਵੇਖ ਲੈਣ।"

ਚੌਧਰੀ ਰਾਏ ਹਸਨਾ ਕੰਬ ਰਿਹਾ ਸੀ ਕਿਉਂ ਜੁ ਉਸ ਨੇ ਤਾਂ ਆਪ ਰੰਘੜਾਂ ਦੀ ਵਾਹਰ ਦੀ ਅਗਵਾਈ ਕੀਤੀ ਸੀ। ਉਹ ਤਾਂ ਆਪ ਸਿੱਖਾਂ ਦੇ ਪਰਿਵਾਰਾਂ ਨੂੰ ਪਿੰਡਾਂ ਵਿਚੋਂ ਫੜਾ ਕੇ ਇਨਾਮ ਹਾਸਲ ਕਰਦਾ ਸੀ। ਰਾਏ ਹਸਨੇ ਚੌਧਰੀ ਨੂੰ ਆਪਣੇ ਸਿਰ ਉੱਤੇ ਮੌਤ ਕੂਕਦੀ ਦਿੱਸਦੀ ਸੀ। ਉਹ ਸਿੰਘਾਂ ਦੇ ਨਾਲ ਤੁਰ ਪਿਆ।

ਭਾਈ ਸੁੱਖਾ ਸਿੰਘ ਨੇ ਆਖਿਆ, "ਰਾਏ ਹਸਨਾ, ਕਿਸੇ ਨਿਰਦੋਸ਼ ਬਾਰੇ ਸਾਨੂੰ ਗ਼ਲਤ ਨਾ ਦੱਸੀਂ। ਸਾਨੂੰ ਮੀਰਾਂਕੋਟ ਵਿਚ ਫ਼ੌਜਦਾਰ ਨੂਰਦੀਨ ਦਾ ਸਾਥ ਦੇਣ ਵਾਲਿਆਂ ਬਾਰੇ ਦੱਸੀਂ। ਦੁਸ਼ਟ ਰੰਘੜਾਂ ਦੇ ਨਾਵਾਂ ਦੀ ਜਾਣਕਾਰੀ ਪਹਿਲਾਂ ਹੀ ਹੈ। ਦੋਸ਼ੀ ਅਸੀਂ ਛੱਡਣੇ ਨਹੀਂ। ਕਿਸੇ ਨਿਰਦੋਸ਼ ਨੂੰ ਮਾਰਨਾ ਨਹੀਂ।"

ਚੌਧਰੀ ਰਾਏ ਹਸਨੇ ਨੇ ਰੰਘੜਾਂ ਦੇ ਘਰ ਸਿੰਘਾਂ ਨੂੰ ਵਿਖਾਏ। ਸਿੰਘਾਂ ਨੇ ਵੈਰੀ ਰੰਘੜਾਂ ਨੂੰ ਚੁਣ-ਚੁਣ ਕੇ ਮਾਰਿਆ, ਵੈਰੀਆਂ ਦੇ ਘਰ ਲੁੱਟੇ।

ਨੱਥੇ ਨੰਬਰਦਾਰ ਤੇ ਸਾਥੀਆਂ ਦੀ ਸ਼ਹੀਦੀ ਅਤੇ ਰੰਘੜਾਂ ਹੱਥੋਂ ਮੀਰਾਂਕੋਟ ਦੀ ਲੁੱਟ ਦਾ ਬਦਲਾ ਹੱਥ-ਹੱਥੀ ਲੈ ਲਿਆ।

ਮੰਡਿਆਲੇ ਦੇ ਕਈ ਰੰਘੜਾਂ ਨੇ ਭੱਜ ਕੇ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ। ਸਿੰਘਾਂ ਨੇ ਵੀ ਪੱਕੀ ਘੇਰਾਬੰਦੀ ਕੀਤੀ ਹੋਈ ਸੀ। ਸਿੰਘਾਂ ਨੇ ਰੰਘੜ ਘੇਰ-ਘੇਰ ਮਾਰੇ। ਮੰਡਿਆਏ ਦੇ ਰੰਘੜ ਰਾਏ ਹਸਨੇ ਚੌਧਰੀ ਨੂੰ ਕਹਿ ਰਹਿ ਸਨ ਕਿ ਬੇਸ਼ਰਮ ਚੌਧਰੀਆ, ਪਹਿਲਾਂ ਸਿੱਖਾਂ ਨੂੰ ਮਰਵਾਉਣ ਲਈ ਸਾਨੂੰ ਭੜਕਾਉਂਦਾ ਸੀ, ਆਖਦਾ ਸੀ, ਸਿੱਖ ਮਾਰਨਾ ਸਵਾਬ (ਪੁੰਨ) ਹੁੰਦਾ ਹੈ। ਗ਼ੱਦਾਰਾ, ਹੁਣ ਤੂੰ ਸਾਨੂੰ ਮਰਵਾ ਕੇ ਪੁੰਨ ਖੱਟ ਰਿਹਾ ਹੈਂ। ਸਾਨੂੰ ਤਾਂ ਸਿੰਘੋ, ਤੁਸੀਂ ਮਾਰ ਹੀ ਦੇਣਾ ਹੈ, ਛੱਡਿਓ ਇਸ ਨੂੰ ਵੀ ਨਾ। ਇਸ ਦੁਸ਼ਟ ਨੇ ਵੀ ਸਿੱਖਾਂ ਨੂੰ ਫੜਾ-ਫੜਾ ਕੇ ਬੜੇ ਇਨਾਮ ਲਏ ਹਨ। ਚੌਧਰੀ ਰਾਏ ਹਸਨਾ (ਮੰਡਿਆਲਾ) ਆਪਣੀ ਸਫ਼ਾਈ ਲਈ ਇਕ ਵੀ ਸ਼ਬਦ ਮੂੰਹੋਂ ਨਾ ਬੋਲ ਸਕਿਆ। ਪਾਪੀ ਦੁਸ਼ਟ ਸਫ਼ਾਈ ਤਾਂ ਹੀ ਦੇਂਦਾ ਜੇ ਜ਼ਿੰਦਗੀ ਵਿਚ ਕੋਈ ਚੰਗਾ ਕੰਮ ਕੀਤਾ ਹੁੰਦਾ। ਚੌਧਰੀ ਰਾਏ ਹਸਨੇ ਦੀ ਜ਼ੁਬਾਨ ਤਾਲੂ ਨਾਲ ਲੱਗੀ ਹੋਈ ਸੀ। ਉਹ ਮਨ ਵਿਚ ਖ਼ੁਦਾ ਨੂੰ ਯਾਦ ਕਰ ਰਿਹਾ ਸੀ। ਖ਼ੁਦਾ ਅੱਜ ਬਚਾ ਲੈ, ਹੇ ਅੱਲ੍ਹਾ ਤਾਅਲਾ, ਮੇਰੀ ਰੱਖਿਆ ਕਰ।

ਖ਼ੁਦਾ, ਅੱਲ੍ਹਾ ਤਾਅਲਾ, ਅਕਾਲ ਪੁਰਖ ਆਪਣੇ ਭਗਤਾਂ ਦੀ ਸਹਾਈ ਹੋ ਕੇ ਰੱਖਿਆ ਕਰਦਾ ਹੈ ਤੇ ਨਿੰਦਕਾਂ ਦੁਸ਼ਟਾਂ ਨੂੰ ਆਪ ਮਾਰਦਾ ਹੈ। ਗੁਰਬਾਣੀ ਦਾ ਫ਼ੁਰਮਾਨ ਹੈ:

ਹਰਿ ਜੁਗੁ ਜੁਗੁ ਭਗਤਿ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥
ਹਰਨਾਖਸ ਦੁਸਟ ਹਰਿ ਮਾਰਿਆ ਪ੍ਰਹਲਾਦ ਤਰਾਇਆ ॥
ਅਹੰਕਾਰੀਆ ਨਿੰਦਕਾ ਪਿਠ ਦੇਇ ਨਾਮਦੇਉ ਮੁਖਿ ਲਾਇਆ ॥
ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥

ਸਿੰਘਾਂ ਨੇ ਚੌਧਰੀ ਰਾਏ ਹਸਨੇ ਦੀਆਂ ਮੁਸ਼ਕਾਂ ਬਾਹਵਾਂ ਕੱਸੀਆਂ ਹੋਈਆਂ ਸਨ। ਭਾਈ ਸੁੱਖਾ ਸਿੰਘ ਨੇ ਆਖਿਆ, "ਚੌਧਰੀ ਰਾਏ ਹਸਨਾ, ਆਪਾਂ ਵੀ ਸਿੱਖਾਂ ਦੇ ਸਿਰਾਂ ਦੇ ਲਏ ਇਨਾਮਾਂ ਦਾ ਹਿਸਾਬ-ਕਿਤਾਬ ਕਰ ਲਈਏ।"

ਸਿੰਘਾਂ ਨੇ ਮੰਡਿਆਲੇ ਦੇ ਚੌਧਰੀ ਰਾਏ ਹਸਨੇ ਨੂੰ ਘੋੜਿਆਂ ਮਗਰ ਬੰਨ੍ਹ ਕੇ ਧੂਹ-ਧੂਹ ਮਾਰਿਆ। ਲਾਹੌਰ ਸਰਕਾਰ ਤੋਂ ਲਏ ਇਨਾਮਾਂ ਅਤੇ ਸਿੱਖਾਂ ਉੱਤੇ ਕੀਤੇ ਜ਼ੁਲਮਾਂ ਦਾ ਮਜ਼ਾ ਚਖਾਇਆ। ਸਿੰਘਾਂ ਨੇ ਮੰਡਿਆਲੇ ਦੇ ਰੰਘੜਾਂ ਨੂੰ ਸੋਧ ਕੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦਿਆਂ, ਅੱਧੀ ਰਾਤ ਨੂੰ ਮੰਡਿਆਲੇ ਪਿੰਡ ਤੋਂ ਛੀਨੇ ਨੂੰ ਚਾਲੇ ਪਾ ਦਿੱਤੇ।

ਛੀਨੇ ਪਿੰਡ ਦੇ ਕਰਮਾ ਅਤੇ ਧਰਮਾ ਸਿੱਖਾਂ ਦੇ ਪੱਕੇ ਵੈਰੀ, ਮਸ਼ਹੂਰ ਚੁਗਲ, ਜ਼ਕਰੀਆ ਖ਼ਾਨ ਦੇ ਜੁੰਡੀ ਦੇ ਯਾਰ ਸਨ। ਕਰਮਾ ਤੇ ਧਰਮਾ ਦੋਵਾਂ ਹਿੰਦੂ ਚੁਗਲ

ਚੌਧਰੀਆਂ ਨੇ ਫ਼ੌਜ ਨੂੰ ਨਾਲ ਲੈ ਕੇ ਸਿੱਖ ਪਰਿਵਾਰਾਂ ਦੀ ਕਤਲੇਆਮ ਵਿਚ ਮੋਹਰੀ ਹੋ ਕੇ ਹਿੱਸਾ ਲਿਆ ਸੀ। ਇਹਨਾਂ ਦੁਸ਼ਟਾਂ ਨੇ ਅਨੇਕ ਸਿੰਘਾਂ ਨੂੰ ਆਪਣੇ ਹੱਥੀਂ ਕਤਲ ਕੀਤਾ ਸੀ ਅਤੇ ਬੜੇ-ਬੜੇ ਇਨਾਮ ਸਿੰਘਾਂ ਨੂੰ ਫੜਾ ਕੇ ਲਾਹੌਰ ਸਰਕਾਰ ਤੋਂ ਲੈਂਦੇ ਰਹੇ ਸਨ। ਇਹ ਦੁਸ਼ਟ ਚੌਧਰੀ ਕਰਮਾ ਤੇ ਧਰਮਾ ਇਸੇ ਕਰਕੇ ਸਿੰਘਾਂ ਦੇ ਦਿਲਾਂ ਵਿਚ ਰੜਕਦੇ ਸਨ।

ਸਿੰਘਾਂ ਨੇ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ, ਭਾਈ ਬਲਵੰਤ ਸਿੰਘ ਅਤੇ ਭਾਈ ਥਰਾਜ ਸਿੰਘ ਦੀ ਅਗਵਾਈ ਹੇਠ ਮੂੰਹ-ਹਨੇਰੇ, ਤੜਕੇ ਹੀ ਛੀਨੇ ਪਿੰਡ ਵਿਚ ਕਰਮੇ ਤੇ ਧਰਮੇ ਚੌਧਰੀਆਂ ਦੀ ਹਵੇਲੀ ਨੂੰ ਘੇਰ ਲਿਆ। ਕਰਮੇ ਤੇ ਧਰਮੇ ਨੇ ਸਰਕਾਰ ਤੋਂ ਇਨਾਮ ਹਾਸਲ ਕਰ ਕੇ ਬੜੀ ਵੱਡੀ ਪੱਕੀ ਹਵੇਲੀ ਅਤੇ ਮਹਿਲ ਬਣਾਏ ਹੋਏ ਸਨ। ਸਿੰਘਾਂ ਨੇ ਵੀ ਪੱਕੀ ਧਾਰੀ ਹੋਈ ਸੀ ਕਿ ਇਕ ਨਾ ਇਕ ਦਿਨ ਇਸ ਹਵੇਲੀ ਤੇ ਮਹਿਲਾਂ ਦੀ ਇੱਟ ਨਾਲ ਇੱਟ ਖੜਕਾ ਕੇ ਛੱਡਣੀ ਹੈ। ਸਿੰਘਾਂ ਨੇ ਪਿੰਡ ਛੀਨੇ ਨੂੰ ਘੇਰਾ ਪਾਇਆ ਹੋਇਆ ਸੀ। ਅੱਗੋਂ ਕਰਮਾ ਚੌਧਰੀ ਵੀ ਘੱਟ ਨਹੀਂ ਸੀ। ਉਸ ਨੇ ਆਪਣੇ ਭਰਾ ਧਰਮੇ ਨੂੰ ਫ਼ੌਜ ਦੇ ਕੇ ਪਿੰਡੋਂ ਬਾਹਰ ਸਿੰਘਾਂ ਦਾ ਟਾਕਰਾ ਕਰਨ ਲਈ ਭੇਜਿਆ। ਸਿੰਘਾਂ ਨੇ ਕਦੋਂ ਛੱਡਣਾ ਸੀ ਮੈਦਾਨ ਵਿਚ ਆਏ ਸ਼ਿਕਾਰ ਨੂੰ। ਕਰਮੇ ਧਰਮੇ ਦੀ ਫ਼ੌਜ ਸਿੰਘਾਂ ਦਾ ਮੁਕਾਬਲਾ ਨਾ ਕਰ ਸਕੀ। ਸਿੰਘਾਂ ਨੇ ਪਹਿਲੇ ਹੱਲੇ ਧਰਮੇ ਛੀਨੇ ਨੂੰ ਫੜ ਲਿਆ ਅਤੇ ਫ਼ੌਜ ਦੇ ਸਿਪਾਹੀਆਂ ਨੂੰ ਵੀ ਸਿੰਘਾਂ ਦੀ ਬੰਦੂਕ, ਗੋਲੀ, ਤਲਵਾਰ ਦੀ ਭੇਟਾ ਚੜ੍ਹਨਾ ਪਿਆ। ਸਿੰਘਾਂ ਨੇ ਧਰਮੇ ਚੌਧਰੀ ਦੇ ਸਾਹਮਣੇ ਉਸ ਦਾ ਬਾਲ-ਬੱਚਾ ਕਤਲ ਕਰ ਕੇ ਸਿੰਘਾਂ ਦੇ ਬਾਲ-ਬੱਚੇ ਕਤਲ ਕਰਨ-ਕਰਵਾਉਣ ਦਾ ਨਜ਼ਾਰਾ ਵਿਖਾਇਆ। ਸਿੰਘਾਂ ਨੇ ਧਰਮੇ ਚੌਧਰੀ ਦਾ ਸਿਰ ਵੱਢ ਕੇ ਸਿੱਖਾਂ ਉੱਤੇ ਕੀਤੇ ਅੱਤਿਆਚਾਰਾਂ, ਮਨਮਾਨੀਆਂ ਦਾ ਮਜ਼ਾ ਚਖਾਇਆ, ਫਲ ਭੁਗਤਾਇਆ।

ਕਰਮਾ ਚੌਧਰੀ ਆਪਣੇ ਮਹਿਲਾਂ ਵਿਚ ਉੱਚੀ ਅਟਾਰੀ ਵਿਚ ਆਕੀ ਹੋ ਬੈਠਾ। ਕਰਮੇ ਚੌਧਰੀ ਨੇ ਗੋਲੀ ਸਿੱਕਾ ਦੇ ਕੇ ਫ਼ੌਜ ਨੂੰ ਤਾਂ ਪਹਿਲਾਂ ਹੀ ਸਿੰਘਾਂ ਦੇ ਟਾਕਰੇ 'ਤੇ ਭੇਜ ਦਿੱਤਾ ਸੀ। ਕਰਮੇ ਚੌਧਰੀ ਨੇ ਸੋਚਿਆ ਸੀ ਕਿ ਸਿੰਘ ਜੰਮ ਕੇ ਲੜਾਈ ਨਹੀਂ ਕਰਨਗੇ, ਸਿੰਘ ਭੱਜ ਜਾਣਗੇ, ਟਾਲਾ ਕਰ ਜਾਣਗੇ, ਪਰ ਹੋਇਆ ਇਸ ਦੇ ਉਲਟ। ਸਿੰਘਾਂ ਨੇ ਧਰਮੇ ਚੌਧਰੀ ਤੇ ਉਸ ਦੇ ਪਰਿਵਾਰ ਨੂੰ ਵੀ ਮਾਰ ਦਿੱਤਾ। ਫ਼ੌਜ ਦਾ ਇਕ ਵੀ ਜਵਾਨ ਸਿੰਘਾਂ ਦੀ ਮਾਰ ਤੋਂ ਨਾ ਬਚ ਸਕਿਆ। ਸਿੰਘਾਂ ਨੇ ਹਵੇਲੀ ਅੰਦਰ ਦਾਖ਼ਲ ਹੋ ਕੇ ਮਹਿਲਾਂ ਨੂੰ ਘੇਰਾ ਪਾ ਲਿਆ। ਕਰਮਾ ਬੜਾ ਜਵਾਨ ਸੀ, ਸਾਰੀ ਉਮਰ ਲਾਹੌਰ ਦਰਬਾਰ ਦੇ ਸਿਰ ਮਨਮਾਨੀਆਂ ਕੀਤੀਆਂ ਸਨ। ਹੁਣ ਕਰਮਾ ਚੌਧਰੀ ਸਮਝ ਗਿਆ ਕਿ ਸਿੰਘਾਂ ਨੇ ਮੈਨੂੰ ਛੱਡਣਾ ਨਹੀਂ। ਕਰਮਾ ਚੌਧਰੀ ਉੱਚੀ ਅਟਾਰੀ ਤੋਂ ਸਿੰਘਾਂ ਨੂੰ ਮੰਦਾ-ਚੰਗਾ

ਬੋਲਣ ਲੱਗਾ।

ਭਾਈ ਮਹਿਤਾਬ ਸਿੰਘ ਜੀ ਭੰਗੂ ਮੀਰਾਂਕੋਟ ਨੇ ਆਖਿਆ, "ਬੱਚੂ, ਹੁਣ ਤੈਨੂੰ ਛੱਡਣਾ ਨਹੀਂ। ਤੈਨੂੰ ਤੇਰੇ ਭਰਾ ਧਰਮੇ ਦੇ ਨਾਲ ਹੀ ਤੋਰਨਾ ਹੈ। ਉਸ ਦਾ ਅਗਲੇ ਜਹਾਨ ਇਕੱਲੇ ਦਾ ਜੀਅ ਨਹੀਂ ਲੱਗਣਾ, ਤੇਰਾ ਇਥੇ ਜੀਅ ਨਹੀਂ ਲੱਗਣਾ। ਅਸੀਂ ਤੇਰੀ ਸਿੱਖਾਂ ਨਾਲ ਦੁਸ਼ਮਣੀ ਕਮਾਉਣ ਦਾ ਹਿਸਾਬ-ਕਿਤਾਬ ਨਿਬੇੜ ਕੇ ਹੀ ਛੱਡਣਾ ਹੈ। ਖ਼ਾਲਸਾ ਪੰਥ ਕਿਸੇ ਦੀ ਭਾਜੀ ਨਹੀਂ ਰੱਖਦਾ, ਕਾਇਮ ਹੋ ਜਾ।"

ਚੌਧਰੀ ਕਰਮਾ ਛੀਨਾ ਵੱਡਾ ਦੁਰਾਚਾਰੀ ਸੀ। ਇਹਨੇ ਕਈ ਗ਼ਰੀਬਾਂ ਦੀਆਂ ਸੁੰਦਰ ਲੜਕੀਆਂ ਜ਼ਬਰਦਸਤੀ ਆਪਣੇ ਮਹਿਲਾਂ ਅੰਦਰ ਰੱਖੀਆਂ ਹੋਈਆਂ ਸਨ, ਜੋ ਹੁਣ ਉਸ ਦੀਆਂ ਵਹੁਟੀਆਂ ਸਨ। ਕਰਮਾ ਚੌਧਰੀ ਸਿੰਘਾਂ ਦਾ ਪੱਕਾ ਘੇਰਾ ਵੇਖ ਕੇ ਉੱਚੀ ਅਟਾਰੀ ਤੋਂ ਹੇਠਾਂ ਮਹਿਲਾਂ ਵਿਚ ਉਤਰ ਆਇਆ ਅਤੇ ਆਪਣੇ ਹੱਥੀਂ ਤਲਵਾਰ ਨਾਲ ਆਪਣੀਆਂ 13 ਵਹੁਟੀਆਂ ਕਤਲ ਕਰ ਦਿੱਤੀਆਂ। ਸਿੰਘ ਮੌਕਾ ਤਾੜ ਕੇ ਉੱਚੀ ਅਟਾਰੀ ਉਪਰ ਚੜ੍ਹ ਗਏ। ਸਿੰਘਾਂ ਨੇ ਉਪਰੋਂ ਛੱਤ ਪੁੱਟ ਕੇ ਹੇਠਾਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਕਰਮਾ ਚੌਧਰੀ ਸਮਝ ਗਿਆ ਕਿ ਹੁਣ ਮੇਰੀ ਮੌਤ ਸਿਰ 'ਤੇ ਆਣ ਪੁੱਜੀ ਹੈ।

ਕਰਮੇ ਨੇ ਸਿੰਘਾਂ ਨੂੰ ਲਲਕਾਰਦਿਆਂ ਕਿਹਾ, "ਤੁਸੀਂ ਸਿੰਘ (ਸ਼ੇਰ) ਸਦਾਉਂਦੇ ਹੋ। ਜੇ ਇੰਨੇ ਹੀ ਬਹਾਦਰ ਹੋ ਤਾਂ ਮੇਰੇ ਨਾਲ 'ਕੱਲੇ ਨਾਲ 'ਕੱਲਾ ਮੁਕਾਬਲਾ ਕਰ ਕੇ ਵੇਖੋ।"

ਕਰਮੇ ਛੀਨਾ ਚੌਧਰੀ ਨੂੰ ਆਪਣੀ ਜਵਾਨੀ ਦੀ ਤਾਕਤ ਉੱਤੇ ਮਾਣ ਸੀ ਕਿ ਮੈਂ ਰੋਜ਼ਾਨਾ ਦੋ-ਦੋ ਕੁੱਕੜ ਖਾ ਜਾਂਦਾ ਹਾਂ। ਸਿੰਘ ਭੁੱਖਣ-ਭਾਣੇ ਜੰਗਲ ਵਿਚ ਸਾਗ, ਗਾਜਰ-ਮੂਲੀ, ਗੰਨਾ, ਘਾਹ ਆਦਿ ਖਾ ਕੇ ਗੁਜ਼ਾਰਾ ਕਰਨ ਵਾਲੇ ਮੇਰਾ ਕੀ ਮੁਕਾਬਲਾ ਕਰ ਸਕਣਗੇ। ਉਸ ਦੇ ਮਨ ਵਿਚੋਂ ਹੰਕਾਰ ਨਹੀਂ ਸੀ ਗਿਆ। ਉਹ ਅਜੇ ਵੀ ਆਪਣੇ ਆਪ ਨੂੰ ਸਿੰਘਾਂ 'ਤੇ ਭਾਰੂ ਸਮਝਦਾ ਸੀ।

ਭਾਈ ਸੁੱਖਾ ਸਿੰਘ ਜੀ ਕੰਬੋਕੀ ਮਾੜੀ ਵਾਲੇ ਨੇ ਆਖਿਆ, "ਆ ਜਾ ਕਰਮਿਆ, ਤੈਨੂੰ ਅਸੀਂ ਛੱਡਣਾ ਨਹੀਂ। ਤੂੰ ਸਿੰਘਾਂ ਨਾਲ 'ਕੱਲੇ ਲੜਨ ਵਾਲੀ ਰੀਝ ਵੀ ਲਾਹ ਲੈ। ਕਿਤੇ ਤੇਰੇ ਮਨ ਦੀ ਮਨ ਵਿਚ ਨਾ ਰਹਿ ਜਾਵੇ। ਮਹਿਲਾਂ ਵਿਚੋਂ ਬਾਹਰ ਨਿਕਲ, ਮੈਦਾਨ ਵਿਚ ਆ। ਖ਼ਾਲਸਾ ਹਰ ਤਰ੍ਹਾਂ ਤੇਰਾ ਮੁਕਾਬਲਾ ਕਰਨ ਲਈ ਤਿਆਰ-ਬਰ-ਤਿਆਰ ਹੈ। ਕਰਮਿਆ, ਜੇ ਤੂੰ ਬੰਦੂਕ ਨਾਲ ਲੜਨਾ ਹੈ ਤਾਂ ਉਹ ਲੈ ਆ, ਜੇ ਤਲਵਾਰ, ਬਰਛੀ ਨਾਲ ਲੜਨਾ ਹੈ ਤਾਂ ਉਹ ਲੈ ਆ। ਜੇ ਧੱਕੇ-ਮੁੱਕੀ ਨਾਲ ਲੜਨਾ-ਘੁਲਣਾ ਹੈ ਤਾਂ ਵੀ ਆ ਜਾ। ਜੇ ਇੱਟਾਂ-ਢੀਮਾਂ ਨਾਲ ਲੜਨਾ ਹੈ ਤਾਂ ਵੀ ਆ ਜਾ, ਖ਼ਾਲਸਾ ਤਿਆਰ-ਬਰ-ਤਿਆਰ ਹੈ।"

ਕਰਮਾ ਛੀਨਾ ਹੱਥ ਵਿਚ ਬਰਛੀ ਲੈ ਕੇ ਮਹਿਲਾਂ ਵਿਚੋਂ ਬਾਹਰ ਆ ਗਿਆ।

ਸਿੰਘਾਂ ਵੱਲੋਂ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਚੌਧਰੀ ਕਰਮੇ ਛੀਨੇ ਦੇ ਮੁਕਾਬਲੇ 'ਤੇ ਆਣ ਡਟੇ। ਸ. ਸੁੱਖਾ ਸਿੰਘ ਨੇ ਆਖਿਆ, "ਕਰਮਿਆ ਦੁਸ਼ਟਾ, ਤੈਨੂੰ ਮੈਂ ਜਿਉਂਦਾ ਨਹੀਂ ਛੱਡਣਾ। ਪਹਿਲਾਂ ਆਪਣਾ ਵਾਰ ਕਰ ਲੈ।"

ਕਰਮੇ ਚੌਧਰੀ ਨੇ ਹੱਥ ਵਿਚ ਬਰਛੀ ਫੜੀ ਹੋਈ ਸੀ। ਸ. ਸੁੱਖਾ ਸਿੰਘ ਉਤੇ ਬਰਛੀ ਦਾ ਵਾਰ ਕਰਮੇ ਛੀਨੇ ਨੇ ਸ਼ੇਰ ਵਾਂਗ ਭਬਕ ਕੇ ਕੀਤਾ। ਕਰਮੇ ਦੀ ਬਰਛੀ ਦਾ ਵਾਰ ਸ. ਸੁੱਖਾ ਸਿੰਘ ਨੇ ਢਾਲ ਉੱਤੇ ਰੋਕ ਲਿਆ। ਹੁਣ ਸ. ਸੁੱਖਾ ਸਿੰਘ ਨੇ ਤਲਵਾਰ ਦਾ ਐਸਾ ਜਵਾਬੀ ਵਾਰ ਕੀਤਾ ਕਿ ਉਸ ਦੀ ਤਲਵਾਰ ਨਾਲ ਕਰਮੇ ਚੌਧਰੀ ਨੂੰ ਮੋਢੇ ਤੋਂ ਲੈ ਕੇ ਕਮਰ ਤਕ ਚੀਰ ਤੇ ਦੂਸਰੇ ਪਾਸੇ ਲੰਘ ਗਈ। ਸ. ਸੁੱਖਾ ਸਿੰਘ ਦੀ ਤਲਵਾਰ ਦੇ ਵਾਰ ਨਾਲ ਇਕ ਕਰਮੇ ਦੇ ਦੋ ਟੁਕੜੇ ਬਣਾ ਦਿੱਤੇ। ਕਰਮੇ ਚੌਧਰੀ ਦੀ ਮੌਤ ਲਾਸ਼ ਦੇ ਦੋ ਟੁਕੜਿਆਂ ਵਿਚ ਵੇਖ ਕੇ ਸਿੰਘਾਂ ਨੇ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਦਿੱਤੇ। ਸਿੰਘਾਂ ਨੇ ਕਰਮੇ ਚੌਧਰੀ ਦਾ ਘਰ ਲੁੱਟਿਆ, ਘੋੜੇ, ਸ਼ਸਤਰ ਕਾਬੂ ਕੀਤੇ। ਮਹਿਲਾਂ ਨੂੰ ਅੱਗ ਲਾ ਦਿੱਤੀ। ਸਿੰਘਾਂ ਨੇ ਪਿੰਡ ਛੀਨੇ ਵਿਚ ਹੋਰ ਕਿਸੇ ਨੂੰ ਕੁਝ ਨਾ ਆਖਿਆ। ਪਿੰਡ ਵਾਸੀਆਂ ਨੂੰ ਤੰਗ ਨਾ ਕੀਤਾ। ਪਿੰਡ ਵਾਸੀ ਖ਼ਾਸ ਕਰਕੇ ਸਾਰਾ ਇਲਾਕਾ ਹੀ ਕਰਮੇ ਧਰਮੇ ਹੱਥੋਂ ਦੁਖੀ ਸੀ। ਸਿੰਘਾਂ ਨੇ ਕਰਮੇ ਤੇ ਧਰਮੇ ਚੌਧਰੀ ਦੇ ਮਹਿਲਾਂ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਘਰ ਅੱਗ ਲਾ ਕੇ ਸਾੜ ਦਿੱਤਾ।

ਸਿੰਘ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਕੇ ਹੋਰਨਾਂ ਚੁਗਲ ਚੌਧਰੀਆਂ ਦੀ ਸੁਧਾਈ ਲਈ ਅੱਗੇ ਤੁਰ ਪਏ।

ਜਾਨਯੋ ਅਬ ਯਿਹ ਛਡਤੇ ਨਾਹੀ, ਖੋਟੇ ਕਰਮ ਕੀਏ ਥੇ ਨਾਹੀ।
ਤਬ ਸਿੰਘਨ ਸੋਂ ਕਹੀ ਬਾਤ, ਹਮ ਸੰਗ ਕਰੋ ਅਕੱਲੇ ਹਾਥ।੯।
ਤਬ ਸੁੱਖਾ ਸਿੰਘ ਹੁਤੋ ਤਖਾਣ, ਕੰਬੋ ਮਾੜੀ ਵਾਲੇ ਪਰਗਟ ਜਹਾਨ।
ਜਿਨ ਥੇ ਕੀਏ ਕਈ ਅਖਾਰੇ, ਸੋ ਆਖੋਂਗੇ ਫੇਰ ਸੁਧਾਰੇ।੧੦।
ਉਨ ਕਹਯੋ ਕਰਮੇ ਆਉ ਮੁਹਿ ਪਾਹੀ, ਔਰ ਕਿਸੀ ਦਾ ਤੁਹਿ ਭਉ ਨਾਹੀ।
ਕਹੇ ਸੁ ਲੜ ਤੂੰ ਹਾਥਨ ਨਾਲ, ਮੁੱਕਣ ਢੀਮਣ ਸੋਟਨ ਨਾਲ।੧੧।
ਤੀਰ ਬੰਦੂਕਨ ਹੋਰ ਭਉ ਨਾਹੀ, ਕਹੇ ਮੈਂ ਆਵਾ ਤੂੰ ਆਹੀਂ।
ਤਬ ਕਰਮੇ ਨੇ ਪਕੜੀ ਢਾਲ, ਆਯੋ ਸ਼ੇਰ ਜਿਉਂ ਕਰਕੇ ਛਾਲ।੧੨।
ਸੁੱਖਾ ਸਿੰਘ ਕਹਯੋ ਅਬ ਵਾਰ ਤੇਰਾ, ਵਾਰ ਦੂਸਰਾ ਹੋਗਾ ਮੇਰਾ।
ਤਬ ਕਰਮੇ ਨੇ ਬਰਛੀ ਮਾਰੀ, ਸੁੱਖਾ ਸਿੰਘ ਪਰ ਢਾਲ ਸੰਭਾਲੀ।੧੩।
ਫਿਰ ਸੁੱਖਾ ਸਿੰਘ ਤਲਵਾਰ ਚਲਾਹੀ, ਕਰਮਾ ਦੋ ਥਾ ਕੀਨੋ ਸਾਈ।
ਇਸੀ ਭਾਂਤ ਸੋ ਕਰਮਾ ਮਾਰਾ, ਔਰ ਸੁੱਖਾ ਸਿੰਘ ਸੁਨੋ ਅਖਾੜਾ।੧੪।

(ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੩੩੧-੩੨)

(ਰਾਏ ਸਿੰਘ ਬਾਰੇ ਨੋਟ: ਮੀਰਾਂਕੋਟ ਦੇ ਜੰਗ ਵਿਚ ਨੱਥੇ ਨੰਬਰਦਾਰ ਤੇ ਸਾਥੀਆਂ ਦੀ ਸ਼ਹੀਦੀ ਵੇਲੇ ਰਾਏ ਸਿੰਘ ਵੀ ਸ਼ਹੀਦ ਹੋਇਆ ਹੀ ਸਮਝਿਆ ਗਿਆ ਸੀ। ਕੁਝ ਚਿਰ ਬਾਅਦ ਪਿੰਡ ਕੰਮੋਆਂ ਦੀ ਅਰਾਇਣ ਮਾਲਣ ਦੇ ਘਰ ਜ਼ਿੰਦਾ ਹੋਣ ਦਾ ਪਤਾ ਲੱਗਾ ਸੀ। ਸਿੰਘਾਂ ਨੇ ਨੱਥੇ ਨੰਬਰਦਾਰ ਤੇ ਸਾਥੀਆਂ ਦੀ ਸ਼ਹੀਦੀ ਦਾ ਬਦਲਾ ਅਤੇ ਮੀਰਾਂਕੋਟ ਦੀ ਲੁੱਟ ਦਾ ਬਦਲਾ ਮੰਡਿਆਲੇ ਦੇ ਰੰਘੜਾਂ ਨੂੰ ਸੋਧ ਕੇ ਛੇਤੀ ਹੀ ਲੈ ਲਿਆ ਸੀ ਅਤੇ ਛੀਨੇ ਪਿੰਡ ਦੇ ਚੌਧਰੀ ਕਰਮਾ ਅਤੇ ਧਰਮਾ ਨਾਲ ਹੀ ਲੱਗਦੇ ਹੱਥ ਸੋਧ ਦਿੱਤੇ ਸਨ।)

ਕਾਂਡ 17

ਜ਼ਕਰੀਆ ਖ਼ਾਨ ਦੀ ਸਖ਼ਤੀ ਨਾਲ ਸਿੰਘਾਂ ਦਾ ਪਿੰਡਾਂ ਵਿਚ ਰਹਿਣਾ ਮੁਸ਼ਕਲ ਹੋ ਗਿਆ ਸੀ। ਸਿੰਘ ਪਰਦੇਸਾਂ ਵਿਚ ਹੀ ਵਕਤ ਲੰਘਾਉਂਦੇ ਰਹੇ। ਸਮਾਂ ਆਉਣ 'ਤੇ ਰਾਜਧਾਨੀ ਲਾਹੌਰ ਸ਼ਹਿਰ ਦੇ ਬਾਜ਼ਾਰਾਂ ਵਿਚ ਵੀ ਦਰਸ਼ਨ ਦਿੰਦੇ ਰਹੇ ਸਨ। ਪਿੰਡਾਂ ਵਿਚ ਸਿੰਘਾਂ ਦੇ ਵੈਰੀਆਂ ਦੀ ਭਰਮਾਰ ਸੀ ਤਾਂ ਹਮਦਰਦੀ ਰੱਖਣ ਵਾਲਿਆਂ ਦੀ ਵੀ ਕੋਈ ਘਾਟ ਨਹੀਂ ਸੀ। ਜਦੋਂ ਸਿੰਘ ਮਾਝੇ ਦਿਆਂ ਜੰਗਲ-ਬੇਲਿਆਂ, ਖੇਤਾਂ, ਕਮਾਦਾਂ ਵਿਚ ਟਿਕਦੇ ਸਨ ਤਾਂ ਪਿੰਡਾਂ ਵਿਚ ਵੱਸਣ ਵਾਲੇ ਸਿੰਘਾਂ ਦੇ ਹਮਦਰਦ, ਸਨੇਹੀ, ਮਿੱਤਰ ਹਿੰਦੂ-ਮੁਸਲਮਾਨ ਜਾਂ ਖੇਤੀ ਕਰਨ ਵਾਲੇ ਸਿੱਖ ਪਰਿਵਾਰ ਸਿੰਘਾਂ ਦੀਆਂ ਲੋੜਾਂ ਜੰਗਲ ਵਿਚ ਹੀ ਪੂਰੀਆਂ ਕਰ ਦਿੰਦੇ ਸਨ। ਸਿੰਘਾਂ ਨੂੰ ਲੰਗਰ ਛਕਾਉਣਾ, ਰਸਦਾਂ ਪਹੁੰਚਾਉਣੀਆਂ, ਕੱਪੜੇ-ਬਸਤਰ ਸਿਉਂ ਕੇ ਭੇਟ ਕਰਨੇ, ਸਿੰਘਾਂ ਨਾਲ ਵੈਰ ਕਮਾਉਣ ਵਾਲੇ ਚੁਗਲਾਂ, ਮੁਖ਼ਬਰਾਂ ਦੀਆਂ ਰਿਪੋਰਟਾਂ ਦੇਣੀਆਂ, ਗ਼ਰੀਬ ਹਿੰਦੂ-ਮੁਸਲਮਾਨ ਪਰਜਾ ਨੂੰ ਦੁੱਖ ਦੇਣ ਵਾਲਿਆਂ ਦੇ ਭੇਤ ਸਿੰਘਾਂ ਤਕ ਪਹੁੰਚਾਉਣੇ। ਇਹਨਾਂ ਸਹੂਲਤਾਂ ਤੇ ਸਹਿਯੋਗ ਸਦਕਾ ਸਿੰਘ ਵੈਰੀਆਂ ਦੀ ਸੁਧਾਈ ਸੌਖੀ ਕਰ ਲੈਂਦੇ ਸਨ।

ਖ਼ਾਲਸਾ ਦਲਾਂ, ਸਿੰਘਾਂ ਵਿਚ ਭਾਈ ਤਾਰੂ ਸਿੰਘ ਜੀ ਦਾ ਨਾਮ ਬੜੇ ਮਾਣ ਨਾਲ ਲਿਆ ਜਾਂਦਾ ਹੈ। ਭਾਈ ਤਾਰੂ ਸਿੰਘ ਜੀ ਪੂਹਲੇ ਪਿੰਡ (ਜ਼ਿਲ੍ਹਾ ਅੰਮ੍ਰਿਤਸਰ) ਦੇ ਵਾਸੀ ਸਨ। ਭਾਈ ਤਾਰੂ ਸਿੰਘ ਜੀ ਬੀੜ ਬਾਬਾ ਬੁੱਢਾ ਸਾਹਿਬ ਦੇ ਜੰਗਲ ਵਿਚ ਸਿੰਘਾਂ ਨੂੰ ਲੰਗਰ ਪ੍ਰਸ਼ਾਦੇ ਛਕਾਉਂਦੇ ਸਨ ਤੇ ਸਿੰਘਾਂ ਵਾਸਤੇ ਕੱਪੜੇ ਬਸਤਰਾਂ ਦਾ ਪ੍ਰਬੰਧ ਕਰ ਕੇ ਪਹੁੰਚਾਉਂਦੇ ਸਨ। ਆਪ ਹੱਥੀਂ ਕਿਰਤ, ਖੇਤੀ-ਬਾੜੀ ਕਰਦੇ ਸਨ। ਅਕਾਲ ਪੁਰਖ ਵਾਹਿਗੁਰੂ 'ਤੇ ਪੂਰਨ ਭਰੋਸਾ ਰੱਖਦੇ ਸਨ। ਖ਼ਾਲਸਾ ਪੰਥ ਸਿੰਘਾਂ ਦੀ ਸੇਵਾ ਕਰ ਕੇ ਪ੍ਰਸੰਨ ਚਿੱਤ ਰਹਿੰਦੇ ਸਨ। ਆਪ ਜੀ ਦੀ ਮਾਤਾ ਜੀ ਤੇ ਭੈਣ ਜੀ ਵੀ ਹਮੇਸ਼ਾਂ ਸਿੰਘਾਂ ਵਾਸਤੇ ਲੰਗਰ ਪਕਾਉਣ ਦੀ ਸੇਵਾ ਕਰ ਕੇ ਗੁਰੂ ਰੂਪ ਖ਼ਾਲਸਾ ਪੰਥ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੀਆਂ। ਸਿੰਘਾਂ ਦੀ ਸੇਵਾ ਕਰਨੀ ਭਾਈ ਤਾਰੂ ਸਿੰਘ ਜੀ, ਮਾਤਾ ਜੀ, ਭੈਣ ਜੀ ਦਾ ਧਰਮ ਸੀ। ਭਾਈ ਤਾਰੂ ਸਿੰਘ ਜੀ ਸਿੱਖੀ ਸਰੂਪ ਵਿਚ ਪ੍ਰਪੱਕ ਸਨ। ਸਿਰ 'ਤੇ ਚਿੱਟੀ ਦਸਤਾਰ ਸਜਾਉਂਦੇ, ਗਲ ਚਿੱਟਾ ਖੱਦਰ ਦਾ ਕੁੜਤਾ ਅਤੇ ਤੇੜ ਕਛਹਿਰਾ ਪਹਿਨਦੇ ਸਨ।

ਚੜ੍ਹਦੀ ਜਵਾਨੀ, ਗਹਿਰ ਗੰਭੀਰ, ਹੱਸੂ-ਹੱਸੂ ਕਰਦਾ ਚਿਹਰਾ, ਹਰ ਵੇਲੇ ਜਪੁ ਜੀ ਸਾਹਿਬ ਦਾ ਪਾਠ ਕਰਦੇ ਰਹਿਣਾ, ਹੱਕ-ਸੱਚ ਤੇ ਧਰਮ ਦੀ ਕਿਰਤ ਕਰਨੀ, ਸਿੰਘਾਂ ਦੀ ਸੇਵਾ ਕਰਨੀ ਤੇ ਲੋੜਵੰਦਾਂ ਦੀ ਸਹਾਇਤਾ ਕਰਨ ਵਾਸਤੇ ਹਰ ਵੇਲੇ ਤਿਆਰ-ਬਰ-ਤਿਆਰ ਰਹਿੰਦੇ ਸਨ। ਗੁਰਬਾਣੀ ਫ਼ੁਰਮਾਨ 'ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ' ਦੇ ਧਾਰਨੀ ਸਨ।

(ਮਾਝੇ ਦੇ ਸਿੱਖਾਂ ਵਿਚ ਇਤਿਹਾਸਕ ਦੰਦ-ਕਥਾ ਹੈ ਕਿ ਜੋ ਲੇਖਕ ਭਾਈ ਮਨਿੰਦਰ ਸਿੰਘ ਬਾਜਾ (ਹਿਸਟੋਰੀਅਨ) ਨੇ ਆਪਣੀ ਮਾਤਾ ਮੰਗੋ ਕੌਰ ਜੀ ਦੀ ਜ਼ੁਬਾਨੀ ਸੁਣੀ ਹੈ।)

ਭਾਈ ਤਾਰੂ ਸਿੰਘ ਜੀ (ਪੂਹਲੇ) ਦੇ ਪਰਉਪਕਾਰਾਂ ਨੂੰ ਮਾਝੇ ਦੇ ਇਲਾਕੇ ਵਿਚ ਕੌਣ ਨਹੀਂ ਸੀ ਜਾਣਦਾ। ਪੱਟੀ ਦਾ ਹਾਕਮ ਮਿਰਜ਼ਾ ਯਾਕੂਬ ਬੇਗ਼ ਖ਼ਾਨ ਫ਼ੌਜ ਸਮੇਤ ਸ਼ਿਕਾਰ ਨੂੰ ਚੜ੍ਹਿਆ ਸੀ। ਉਸ ਦੀ ਨਿਗਾਹ ਇਕ ਮੁਸਲਮਾਨ ਰਹੀਮ ਬਖ਼ਸ਼ ਦੀ ਲੜਕੀ 'ਤੇ ਪਈ। ਇਸ ਕੁਆਰੀ ਲੜਕੀ ਨੂੰ ਰੱਬ ਨੇ ਬੇਹੱਦ ਰੂਪ ਬਖ਼ਸ਼ਿਆ ਸੀ। ਪੱਟੀ ਦੇ ਹਾਕਮ ਮਿਰਜ਼ਾ ਯਾਕੂਬ ਬੇਗ਼ ਖ਼ਾਨ ਨੇ ਲੜਕੀ ਨੂੰ ਬਦੋਬਦੀ ਧੱਕੇ ਨਾਲ ਆਪਣੇ ਸਿਪਾਹੀਆਂ ਤੋਂ ਘੋੜੇ ਉਤੇ ਸੁਟਾ ਲਿਆ ਤੇ ਆਪਣੇ ਮਹਿਲਾਂ ਵਿਚ ਲੈ ਆਇਆ। ਲੜਕੀ ਦਾ ਪਿਤਾ ਗ਼ਰੀਬ ਸੀ। ਰਹੀਮ ਬਖ਼ਸ਼ ਮਾਛੀ ਨੇ ਪੱਟੀ ਦੇ ਹਾਕਮ ਦੇ ਬੜੇ ਤਰਲੇ ਕੀਤੇ, ਮਿੰਨਤਾਂ ਕੀਤੀਆਂ ਕਿ ਮੇਰੀ ਇਕਲੌਤੀ ਧੀ ਹੈ, ਤੁਸੀਂ ਹਾਕਮ ਸਾਡੇ ਰਾਖੇ ਹੋ, ਮਾਈ-ਬਾਪ ਹੋ ਕੇ ਸਾਡੇ ਗ਼ਰੀਬਾਂ ਉੱਤੇ ਜ਼ੁਲਮ ਨਾ ਕਰੋ। ਪਰ ਹੰਕਾਰੀ ਮਿਰਜ਼ੇ ਨੇ ਗ਼ਰੀਬ ਮੁਸਲਮਾਨ ਰਹੀਮ ਬਖ਼ਸ਼ ਦੀ ਇਕ ਨਾ ਸੁਣੀ। ਰਹੀਮ ਬਖ਼ਸ਼ ਨੂੰ ਦਬਾਇਆ ਗਿਆ, ਜੇ ਆਪਣੀ ਲੜਕੀ ਬਾਰੇ ਕਿਸੇ ਕੋਲ ਗੱਲ ਕੀਤੀ ਤਾਂ ਤੈਨੂੰ ਕਤਲ ਕਰ ਦਿੱਤਾ ਜਾਏਗਾ। ਰਹੀਮ ਬਖ਼ਸ਼ ਜਾਣਦਾ ਸੀ ਕਿ ਮੇਰੀ ਫ਼ਰਿਆਦ ਕਿਸੇ ਨੇ ਨਹੀਂ ਸੁਣਨੀ ਤੇ ਇਕੱਲਾ ਆਪ ਕਰ ਵੀ ਕੀ ਸਕਦਾ ਸੀ। ਰਹੀਮ ਬਖ਼ਸ਼ ਦੀ ਆਤਮਾ ਕਹਿ ਰਹੀ ਸੀ ਕਿ ਸਿੰਘ ਸੱਚੇ ਹਨ ਜੋ ਹੱਕ-ਸੱਚ ਤੇ ਇਨਸਾਫ਼ ਦਾ ਰਾਜ ਚਾਹੁੰਦੇ ਹਨ।

ਸਿੱਖ ਅਜਿਹੇ ਖ਼ਾਲਸਾ ਹਲੀਮੀ ਰਾਜ ਦੀ ਸਥਾਪਨਾ ਵਾਸਤੇ ਜ਼ਾਲਮ ਹਕੂਮਤਾਂ ਨਾਲ ਟੱਕਰ ਲੈ ਰਹੇ ਸਨ, ਜਿਸ ਵਿਚ ਕੋਈ ਕਿਸੇ ਦਾ ਹੱਕ ਨਾ ਮਾਰੇ, ਕਿਸੇ ਦਾ ਹੱਕ ਨਾ ਖੋਹੇ, ਕਿਸੇ ਗ਼ਰੀਬ ਉੱਤੇ ਜ਼ੁਲਮ ਨਾ ਹੋਵੇ, ਹਰ ਕਿਸੇ ਨੂੰ ਆਪਣਾ ਧਰਮ ਮੰਨਣ ਦੀ ਆਜ਼ਾਦੀ ਹੋਵੇ, ਹਰ ਕੋਈ ਆਪਣੀ ਇੱਜ਼ਤ ਤੇ ਸ੍ਵੈਮਾਣ, ਬਾਣੀ-ਬਾਣੇ ਨਾਲ ਸੁਖੀ ਵੱਸੇ। ਪਰ ਅੱਜ ਦੇ ਹਾਕਮ ਇਸ ਦੇ ਉਲਟ ਜ਼ੁਲਮ ਕਰ ਰਹੇ ਹਨ। ਸਿੰਘ ਕਿਸੇ ਧਰਮ ਜਾਂ ਫ਼ਿਰਕੇ ਨਾਲ ਵੈਰ ਨਹੀਂ ਰੱਖਦੇ। ਜ਼ਾਲਮ ਹਕੂਮਤ ਦੇ ਜ਼ੁਲਮਾਂ, ਧੱਕੇਸ਼ਾਹੀ ਵਿਰੁੱਧ ਸੰਘਰਸ਼ ਕਰ ਰਹੇ ਹਨ।

ਰਹੀਮ ਬਖ਼ਸ਼ ਮਾਛੀ ਦੁਖੀ ਹੋ ਕੇ ਸਿੰਘਾਂ ਦੀ ਭਾਲ ਵਿਚ ਨਿਕਲ ਤੁਰਿਆ। ਰਹੀਮ ਬਖ਼ਸ਼ ਨੇ ਫ਼ੈਸਲਾ ਕਰ ਲਿਆ ਕਿ ਜੇ ਜ਼ਾਲਮ ਮਿਰਜ਼ਾ ਯਾਕੂਬ ਬੇਗ

ਖ਼ਾਨ ਨਾਲ ਟੱਕਰ ਲੈਣੀ ਹੈ ਤਾਂ ਸਿੰਘਾਂ ਨਾਲ ਰਲ ਕੇ ਹੀ ਲਈ ਜਾ ਸਕਦੀ ਹੈ। ਰਹੀਮ ਬਖ਼ਸ਼ ਪੂਹਲੇ ਪਿੰਡ ਪਹੁੰਚ ਗਿਆ। ਅੱਗੋਂ ਭਾਈ ਤਾਰੂ ਸਿੰਘ ਜੀ ਸਿਰ 'ਤੇ ਪ੍ਰਸ਼ਾਦਿਆਂ ਦਾ ਟੋਕਰਾ ਚੁੱਕ ਕੇ ਜਾ ਰਹੇ ਸਨ। ਭਾਈ ਤਾਰੂ ਸਿੰਘ ਜੀ ਦਾ ਸਿੱਖੀ-ਸਰੂਪ ਵੇਖ ਕੇ ਰਹੀਮ ਬਖ਼ਸ਼ ਨੇ ਫ਼ਤਹਿ ਬੁਲਾਈ। ਅੱਗੋਂ ਪੂਰਨ ਗੁਰਸਿੱਖ ਨੇ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾ ਕੇ ਸੁੱਖ-ਸਾਂਦ ਪੁੱਛੀ।

ਰਹੀਮ ਬਖ਼ਸ਼, "ਭਾਈ ਸਾਹਿਬ, ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਕਿਤੇ ਸਿੰਘ ਮਿਲ ਸਕਦੇ ਹਨ। ਮੈਂ ਸਿੰਘਾਂ ਨਾਲ ਰਲਣਾ ਚਾਹੁੰਦਾ ਹਾਂ।"

ਭਾਈ ਤਾਰੂ ਸਿੰਘ ਜੀ, "ਦੱਸੋ ਭਾਈ ਤੁਹਾਨੂੰ ਕੀ ਦੁੱਖ ਹੈ? ਤੁਸੀਂ ਬਹੁਤ ਉਦਾਸ ਲੱਗਦੇ ਹੋ। ਤੁਹਾਨੂੰ ਸਿੰਘਾਂ ਨਾਲ ਰਲਣ ਦੀ ਕੀ ਲੋੜ ਪੈ ਗਈ। ਉਂਝ ਤੁਸੀਂ ਮੁਸਲਮਾਨ ਲੱਗਦੇ ਹੋ।"

ਰਹੀਮ ਬਖ਼ਸ਼, "ਸਿੰਘ ਜੀ, ਮੇਰਾ ਜਹਾਨ ਉੱਜੜ ਗਿਆ ਹੈ। ਘਰਵਾਲੀ ਪਹਿਲਾਂ ਹੀ ਅੱਲ੍ਹਾ ਨੂੰ ਪਿਆਰੀ ਹੋ ਗਈ ਹੈ। ਪੁੱਤਰ ਖ਼ੁਦਾ ਨੇ ਦਿੱਤਾ ਨਹੀਂ। ਮੈਂ ਪੱਟੀ ਦਾ ਗ਼ਰੀਬ ਮੁਸਲਮਾਨ ਰਹੀਮ ਬਖ਼ਸ਼ ਮਾਛੀ ਹਾਂ ਅਤੇ ਮਸ਼ਕ ਨਾਲ ਘਰਾਂ ਵਿਚ ਪਾਣੀ ਭਰ ਕੇ ਮਿਹਨਤ ਮਜ਼ਦੂਰੀ ਕਰ ਕੇ ਵਕਤ ਲੰਘਾ ਰਿਹਾ ਹਾਂ। ਪੱਟੀ ਸ਼ਹਿਰ ਦਾ ਹਾਕਮ ਮਿਰਜ਼ਾ ਯਾਕੂਬ ਬੇਗ ਖ਼ਾਨ ਮੇਰੀ ਧੀ ਰਜ਼ੀਆ ਨੂੰ ਜ਼ਬਰਦਸਤੀ ਚੁੱਕ ਕੇ ਲੈ ਗਿਆ ਹੈ। ਹੁਣ ਮੈਂ ਘਰ ਰਹਿ ਕੇ ਕਰਨਾ ਵੀ ਕੀ ਹੈ। ਹੁਣ ਮੈਂ ਆਪਣੇ ਘਰੋਂ ਸਿੰਘਾਂ ਨਾਲ ਰਲਣ ਲਈ ਫ਼ੈਸਲਾ ਕਰ ਕੇ ਨਿਕਲਿਆ ਹਾਂ। ਤੁਸੀਂ ਮੇਰੀ ਸਹਾਇਤਾ ਕਰੋ। ਮੇਰਾ ਨਾਂ ਰਹੀਮ ਬਖ਼ਸ਼ ਹੈ, ਪੱਟੀ ਸ਼ਹਿਰ ਦੇ ਬਾਹਰ ਮੇਰਾ ਘਰ ਹੈ।"

ਭਾਈ ਤਾਰੂ ਸਿੰਘ ਜੀ, "ਰਹੀਮ ਬਖ਼ਸ਼, ਹੌਸਲਾ ਕਰ। ਜੇ ਸਤਿਗੁਰੂ ਨੂੰ ਭਾਇਆ ਤਾਂ ਤੇਰੇ ਸਾਰੇ ਦੁੱਖ ਦੂਰ ਹੋ ਜਾਣਗੇ। ਤੂੰ ਮੇਰੇ ਨਾਲ ਚੱਲ, ਤੈਨੂੰ ਸਿੰਘਾਂ ਨਾਲ ਵੀ ਮਿਲਾ ਦੇਵਾਂਗਾ।"

ਭਾਈ ਤਾਰੂ ਸਿੰਘ ਜੀ ਅਤੇ ਰਹੀਮ ਬਖ਼ਸ਼ ਮਾਛੀ ਜੰਗਲ ਵਿਚ ਪਹੁੰਚ ਗਏ। ਬੀੜ ਬਾਬਾ ਬੁੱਢਾ ਸਾਹਿਬ ਦੇ ਜੰਗਲ ਵਿਚ ਭਾਈ ਮਹਿਤਾਬ ਸਿੰਘ, ਭਾਈ ਸੁੱਖਾ ਸਿੰਘ, ਭਾਈ ਬਲਵੰਤ ਸਿੰਘ, ਭਾਈ ਥਰਾਜ ਸਿੰਘ ਦਾ ਜਥਾ ਠਹਿਰਿਆ ਹੋਇਆ ਸੀ। ਭਾਈ ਤਾਰੂ ਸਿੰਘ ਜੀ ਨੇ ਪ੍ਰਸ਼ਾਦਿਆਂ ਦਾ ਟੋਕਰਾ ਸਿੰਘਾਂ ਅੱਗੇ ਰੱਖ ਦਿੱਤਾ। ਸਿੰਘਾਂ ਨੇ ਅਰਦਾਸ ਕਰ ਕੇ ਲੰਗਰ ਪ੍ਰਸ਼ਾਦੇ ਛਕ ਲਏ ਤੇ ਰਹੀਮ ਬਖ਼ਸ਼ ਨੂੰ ਵੀ ਛਕਾ ਦਿੱਤੇ। ਰਹੀਮ ਬਖ਼ਸ਼ ਵੇਖ ਰਿਹਾ ਸੀ ਕਿ ਸਿੰਘ ਚੜ੍ਹਦੀ ਕਲਾ ਵਿਚ ਹਨ ਤੇ ਚਿਹਰਿਆਂ ਉੱਤੇ ਲਾਲੀਆਂ ਭਖ ਰਹੀਆਂ ਹਨ। ਜੋ ਪ੍ਰਸ਼ਾਦੇ ਆਏ ਹਨ, ਸਭ ਨੇ ਵੰਡ ਕੇ ਛਕ ਲਏ ਹਨ। ਸਭ ਬਰਾਬਰ ਭਾਈ-ਭਾਈ ਹਨ। ਸਿੰਘਾਂ ਵਿਚ ਕੋਈ ਊਚ-ਨੀਚ ਨਹੀਂ। ਸਿੰਘ ਹਕੂਮਤ ਦੀਆਂ

ਸਖ਼ਤੀਆਂ ਦੇ ਬਾਵਜੂਦ ਪ੍ਰਸੰਨ-ਚਿੱਤ ਨਜ਼ਰ ਆ ਰਹੇ ਹਨ।

ਭਾਈ ਮਹਿਤਾਬ ਸਿੰਘ ਜੀ, "ਭਾਈ ਤਾਰੂ ਸਿੰਘ ਜੀ, ਇਸ ਗੁਰਮੁਖ ਦਾ ਇਥੇ ਕਿਸ ਤਰ੍ਹਾਂ ਆਉਣਾ ਹੋਇਆ। ਕੀ ਦੁੱਖ ਤਕਲੀਫ ਹੈ ਇਸ ਨੂੰ? ਜੇ ਕੋਈ ਖ਼ਾਲਸੇ ਦੇ ਯੋਗ ਸੇਵਾ ਹੈ ਤਾਂ ਦੱਸੋ? ਖ਼ਾਲਸਾ ਮਜ਼ਲੂਮਾਂ ਦੀ ਸਹਾਇਤਾ ਲਈ ਹੀ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਨੇ ਸਾਜਿਆ ਹੈ। ਖ਼ਾਲਸਾ ਹਾਜ਼ਰ ਹੈ।"

ਭਾਈ ਤਾਰੂ ਸਿੰਘ ਜੀ, "ਜਥੇਦਾਰ ਮਹਿਤਾਬ ਸਿੰਘ ਜੀ, ਇਹ ਪੱਟੀ ਦਾ ਰਹਿਣ ਵਾਲਾ ਰਹੀਮ ਬਖ਼ਸ਼ ਮਾਛੀ ਹੈ। ਇਸ ਨਾਲ ਬਹੁਤ ਧੱਕਾ ਹੋਇਆ ਹੈ। ਪੱਟੀ ਦਾ ਹਾਕਮ ਮਿਰਜ਼ਾ ਯਾਕੂਬ ਬੇਗ ਖ਼ਾਨ ਇਸ ਦੀ ਲੜਕੀ ਨੂੰ ਧੱਕੇ ਨਾਲ ਚੁੱਕ ਕੇ ਆਪਣੇ ਮਹਿਲਾਂ ਵਿਚ ਲੈ ਗਿਆ ਹੈ। ਰਹੀਮ ਬਖ਼ਸ਼ ਮੈਨੂੰ ਆਉਂਦਿਆਂ ਰਸਤੇ ਵਿਚ ਮਿਲਿਆ ਹੈ। ਇਸ ਨੇ ਸਿੰਘਾਂ ਨਾਲ ਰਲਣ ਦੀ ਬੇਨਤੀ ਕੀਤੀ ਹੈ। ਹੁਣ ਆਪ ਜੀ ਦੇ ਹਾਜ਼ਰ ਹੈ।"

ਭਾਈ ਮਹਿਤਾਬ ਸਿੰਘ ਜੀ, "ਰਹੀਮ ਬਖ਼ਸ਼, ਖ਼ਾਲਸੇ ਦਾ ਕਿਸੇ ਨਾਲ ਵੈਰ ਨਹੀਂ। ਜ਼ੁਲਮ ਕਰਨ ਵਾਲਿਆਂ ਨੂੰ ਸਹੀ ਰਸਤੇ 'ਤੇ ਲਿਆਉਣ ਲਈ ਅਸੀਂ ਤਲਵਾਰ ਉਠਾਈ ਹੈ। ਜਦੋਂ ਕੋਈ ਵੀ ਅਪੀਲ, ਦਲੀਲ, ਵਕੀਲ ਤੋਂ ਗੱਲ ਅੱਗੇ ਲੰਘ ਜਾਵੇ ਤਾਂ ਅਜਿਹੇ ਮਾਹੌਲ ਵਿਚ ਤਲਵਾਰ ਉਠਾਉਣੀ ਜਾਇਜ਼ ਹੈ।"

ਰਹੀਮ ਬਖ਼ਸ਼, "ਜਥੇਦਾਰ ਜੀ, ਖ਼ਾਲਸੇ ਦਾ ਅਜਿਹਾ ਪਰਉਪਕਾਰੀ ਜੀਵਨ ਹੋਣ ਕਰਕੇ ਹੀ ਆਪ ਜੀ ਦੀ ਸ਼ਰਨ ਆਇਆ ਹਾਂ। ਜਥੇਦਾਰ ਜੀ, ਤੁਸੀਂ ਮੈਨੂੰ ਆਪਣੇ ਨਾਲ ਰਲਾ ਲਉ। ਮੇਰੀ ਧੀ ਰਜ਼ੀਆ ਨੂੰ ਪੱਟੀ ਦਾ ਹਾਕਮ ਚੁੱਕ ਕੇ ਲੈ ਗਿਆ ਹੈ। ਹੁਣ ਮੇਰਾ ਘਰ ਵਿਚ ਤਾਂ ਰਹਿ ਕੋਈ ਨਹੀਂ ਗਿਆ। ਘਰ ਵਿਚ ਰਹਿਣ ਦਾ ਕੀ ਫ਼ਾਇਦਾ?"

ਭਾਈ ਤਾਰੂ ਸਿੰਘ ਜੀ, "ਜਥੇਦਾਰ ਜੀ, ਖ਼ਾਲਸੇ ਨੂੰ ਗ਼ਰੀਬ ਮਜ਼ਲੂਮ ਦੀ ਜ਼ਰੂਰ ਸਹਾਇਤਾ ਕਰਨੀ ਚਾਹੀਦੀ ਹੈ। ਖ਼ਾਲਸਾ ਪੰਥ ਸ਼ਰਨ ਆਏ ਨੂੰ ਜ਼ਰੂਰ ਕੰਠ ਲਾਉਂਦਾ ਹੈ।"

ਭਾਈ ਮਹਿਤਾਬ ਸਿੰਘ ਜੀ, "ਖ਼ਾਲਸਾ ਹਰ ਕੀਮਤ ਉੱਤੇ ਰਹੀਮ ਬਖ਼ਸ਼ ਦੀ ਲੜਕੀ ਵਾਪਸ ਕਰਾਵੇਗਾ। ਭਾਈ ਸੁੱਖਾ ਸਿੰਘ ਜੀ, ਜਥੇ ਨੂੰ ਕੂਚ ਕਰਨ ਦਾ ਹੁਕਮ ਦੇਵੋ। ਪੱਟੀ ਦੇ ਮਿਰਜ਼ੇ ਯਾਕੂਬ ਬੇਗ ਖ਼ਾਨ ਦੀ ਖ਼ਬਰ ਕਰਾਰੇ ਹੱਥੀਂ ਲੈਣੀ ਹੈ।"

ਭਾਈ ਸੁੱਖਾ ਸਿੰਘ ਜੀ ਨੇ ਸਾਰੇ ਜਥੇ ਨੂੰ ਕੂਚ ਦਾ ਹੁਕਮ ਦੇ ਦਿੱਤਾ। ਦੋ ਸੌ ਸਿੰਘਾਂ ਦਾ ਜੱਥਾ ਬੀੜ ਬਾਬਾ ਬੁੱਢਾ ਜੀ ਦੇ ਜੰਗਲ ਵਿਚੋਂ ਪੱਟੀ 'ਤੇ ਚੜ੍ਹਾਈ ਲਈ ਤਿਆਰ ਹੋ ਕੇ ਘੋੜਿਆਂ 'ਤੇ ਸਵਾਰ ਹੋ ਕੇ ਤੁਰ ਪਿਆ।

ਭਾਈ ਮਹਿਤਾਬ ਸਿੰਘ ਜੀ, "ਭਾਈ ਤਾਰੂ ਸਿੰਘ ਜੀ, ਰਹੀਮ ਬਖ਼ਸ਼ ਦੀ

ਲੜਕੀ ਵਾਪਸ ਕਰਾਉਣ ਦਾ ਸਿੰਘਾਂ ਨੇ ਫ਼ੈਸਲਾ ਕਰ ਲਿਆ ਹੈ। ਆਪ ਵੀ ਚੱਲੋਗੇ। ਤੁਹਾਨੂੰ ਵੀ ਪੱਟੀ ਸ਼ਹਿਰ ਦੇ ਦਰਸ਼ਨ ਕਰਵਾ ਲਿਆਈਏ।"

ਭਾਈ ਤਾਰੂ ਸਿੰਘ ਜੀ, "ਜਥੇਦਾਰ ਜੀ, ਇਹ ਸਰੀਰ ਗੁਰੂ ਪੰਥ ਦੀ ਅਮਾਨਤ ਹੈ। ਭਾਵੇਂ ਜੰਗ ਵਿਚ ਕੰਮ ਆ ਜਾਵੇ ਜਾਂ ਖ਼ਾਲਸਾ ਪੰਥ ਦੀ ਸੇਵਾ ਵਿਚ ਆ ਜਾਵੇ। ਤਾਰੂ ਸਿੰਘ ਤੁਹਾਡਾ ਹੈ, ਜਿਥੇ ਕਹੋਗੇ ਨਾਲ ਚੱਲੇਗਾ।"

ਭਾਈ ਮਹਿਤਾਬ ਸਿੰਘ ਜੀ, "ਭਾਈ ਤਾਰੂ ਸਿੰਘ ਜੀ, ਤੁਹਾਡੇ ਵਰਗੇ ਸਿੱਖੀ ਸਿਦਕ ਦੇ ਪਿਆਰੇ, ਪੂਰੇ-ਸੂਰੇ, ਬਹਾਦਰ ਸਿੱਖਾਂ ਦੀ ਸੇਵਾ-ਭਾਵਨਾ ਸਦਕਾ ਹੀ ਖ਼ਾਲਸਾ ਪੰਥ ਨੇ ਜ਼ਾਲਮ ਹਕੂਮਤ ਦੀਆਂ ਜੜ੍ਹਾਂ ਪੁੱਟਣ ਵਿਚ ਸਫ਼ਲ ਹੋਣਾ ਹੈ।"

ਭਾਈ ਤਾਰੂ ਸਿੰਘ ਜੀ, "ਜਥੇਦਾਰ ਜੀ, ਮੇਰੀ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿਚ ਇਹੋ ਅਰਦਾਸ ਹੈ ਕਿ ਦਸਮੇਸ਼ ਪਿਤਾ ਜੀ ਦੇ ਖੰਡੇ-ਬਾਟੇ ਦੀ ਛਕੀ ਪਾਹੁਲ, ਅੰਮ੍ਰਿਤ ਦੀ ਦਾਤ, ਸਿੱਖੀ ਕੇਸਾਂ ਸਵਾਸਾਂ ਸੰਗ ਨਿਭ ਜਾਵੇ। ਇਹ ਸਰੀਰ ਸੇਵਾ ਸਿਮਰਨ ਕਰਦਿਆਂ ਗੁਰੂ ਪੰਥ ਦੇ ਲੇਖੇ ਲੱਗ ਜਾਵੇ।"

ਭਾਈ ਮਹਿਤਾਬ ਸਿੰਘ ਜੀ, "ਭਾਈ ਸਾਹਿਬ ਜੀ, ਆਪਣੇ ਸਿੱਖਾਂ ਦੀ ਮੱਤ ਪੱਤ ਦਾ ਰਾਖਾ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਹੈ। ਸਿੱਖੀ ਦੀ ਲਾਜ ਦਸਮੇਸ਼ ਪਿਤਾ ਕਲਗੀਧਰ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਰੱਖਣੀ ਹੈ।"

ਸਿੰਘਾਂ ਦਾ ਜੱਥਾ ਤਿਆਰ ਹੋ ਗਿਆ। ਜਥੇਦਾਰ ਮਹਿਤਾਬ ਸਿੰਘ ਤੇ ਸਮੂੰਹ ਸਿੰਘਾਂ ਨੇ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿਚ ਖਲੋ ਕੇ ਅਰਦਾਸ ਬੇਨਤੀ ਕੀਤੀ, "ਹੇ ਸੱਚੇ ਪਾਤਸ਼ਾਹ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ ਅਕਾਲ ਪੁਰਖ ਵਾਹਿਗੁਰੂ ਜੀਓ, ਤੇਰਾ ਖ਼ਾਲਸਾ ਮਜ਼ਲੂਮਾਂ ਦੀ ਸਹਾਇਤਾ ਲਈ ਜਰਵਾਣੇ ਹਾਕਮਾਂ ਨਾਲ ਟੱਕਰ ਲੈਣ ਲਈ ਚੜ੍ਹਾਈ ਕਰ ਰਿਹਾ ਹੈ। ਆਪਣੇ ਖ਼ਾਲਸਾ ਪੰਥ ਦੇ ਸਹਾਈ ਹੋ ਕੇ ਜਰਵਾਣੇ ਹਾਕਮਾਂ ਨੂੰ ਸੋਧਣ ਦੀ ਹਿੰਮਤ ਬਲ ਬਖ਼ਸ਼ੋ।"

ਦੋਹਰਾ॥

ਬਲ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥

ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥

(ਆਦਿ ਗ੍ਰੰਥ, ਅੰਗ ੧੪੨੯)

ਸਿੰਘਾਂ ਦਾ ਜਥਾ ਜਥੇਦਾਰ ਮਹਿਤਾਬ ਸਿੰਘ ਮੀਰਾਂਕੋਟ ਦੀ ਅਗਵਾਈ ਹੇਠ ਬੀੜ ਬਾਬਾ ਬੁੱਢਾ ਸਾਹਿਬ ਜੀ ਦੇ ਜੰਗਲ ਵਿਚੋਂ ਪੱਟੀ ਦੇ ਰਹੀਮ ਬਖ਼ਸ਼ ਮਾਛੀ ਦੀ ਲੜਕੀ ਨੂੰ ਮਿਰਜ਼ਾ ਯਾਕੂਬ ਬੇਗ ਖ਼ਾਨ ਤੋਂ ਛੁਡਾਉਣ ਲਈ ਤੇ ਉਸ ਨੂੰ ਸੋਧਣ ਲਈ ਪੱਟੀ ਨੂੰ ਤੁਰ ਪਿਆ। ਜਥੇਦਾਰ ਮਹਿਤਾਬ ਸਿੰਘ ਦੀ

ਅਗਵਾਈ ਹੇਠ ਦੋ ਸੌ ਸਿੰਘਾਂ ਦੇ ਜਥੇ ਨਾਲ ਭਾਈ ਤਾਰੂ ਸਿੰਘ ਜੀ ਅਤੇ ਰਹੀਮ ਬਖ਼ਸ਼ ਮਾਛੀ ਵੀ ਨਾਲ ਸੀ। ਸਿੰਘਾਂ ਦਾ ਜਥਾ ਜੰਗਲੋ-ਜੰਗਲੀ ਹਨੇਰੇ ਹੋਏ, ਅਜੇ ਕੋਈ-ਕੋਈ ਤਾਰਾ ਆਕਾਸ਼ ਵਿਚ ਨਿਕਲਿਆ ਸੀ, ਪੱਟੀ ਸ਼ਹਿਰ ਦੇ ਬਾਹਰ ਇਕ ਬਾਗ ਵਿਚ ਪਹੁੰਚ ਗਿਆ ਅਤੇ ਕੁਝ ਹੋਰ ਹਨੇਰਾ ਹੋਣ ਜਾਣ 'ਤੇ ਪੱਟੀ ਦੇ ਕਿਲ੍ਹੇ 'ਤੇ ਹਮਲਾ ਕਰਨ ਲਈ ਵਿਉਂਤ ਬਣਾਉਣ ਲੱਗਾ।

ਕਾਂਡ 18

ਪੱਟੀ ਸ਼ਹਿਰ ਦੇ ਕਿਲ੍ਹੇ ਅੰਦਰ ਬੜੀ ਚਹਿਲ-ਪਹਿਲ ਸੀ। ਅੱਜ ਪੱਟੀ ਦਾ ਹਾਕਮ ਮਿਰਜ਼ਾ ਯਾਕੂਬ ਬੇਗ ਖ਼ਾਨ ਬਹੁਤ ਹੀ ਖ਼ੂਬਸੂਰਤ, ਸੁੰਦਰ, ਚੰਦ ਦੇ ਟੁਕੜੇ ਵਰਗੀ 20 ਕੁ ਵਰ੍ਹਿਆਂ ਦੀ ਸੁੰਦਰ ਲੜਕੀ, ਗਰੀਬ ਮੁਸਲਮਾਨ ਰਹੀਮ ਬਖ਼ਸ਼ ਮਾਛੀ ਦੀ ਧੀ ਰਜ਼ੀਆ ਨੂੰ ਜ਼ਬਰਦਸਤੀ ਚੁੱਕ ਲਿਆਇਆ ਸੀ। ਆਪ ਭਾਵੇਂ ਮਿਰਜ਼ਾ ਯਾਕੂਬ ਬੇਗ ਖ਼ਾਨ 50 ਵਰ੍ਹਿਆਂ ਤੋਂ ਉਪਰ ਸੀ ਪਰ ਉਸ ਨੇ 20 ਸਾਲ ਦੀ ਰਜ਼ੀਆ ਨੂੰ ਆਪਣੀ ਬੇਗਮ ਬਣਾਉਣ ਦਾ ਫ਼ੈਸਲਾ ਕਰ ਲਿਆ ਸੀ। ਭਾਵੇਂ ਪਹਿਲਾਂ ਵੀ ਮਿਰਜ਼ੇ ਦੀਆਂ ਦੋ ਬੇਗਮਾਂ ਉਸ ਦੀ ਖ਼ਿਦਮਤ ਵਿਚ ਹਾਜ਼ਰ ਹਨ, ਪਰ ਉਸ ਦੇ ਮਨ ਦੀ ਵਾਸਨਾ, ਚੰਚਲਤਾ ਸ਼ਾਂਤ ਨਹੀਂ। ਅੱਜ ਮਿਰਜ਼ੇ ਹਾਕਮ ਨੇ ਰਜ਼ੀਆ ਨੂੰ ਕਿਲ੍ਹੇ ਵਿਚਲੇ ਆਪਣੇ ਮਹਿਲਾਂ ਵਿਚ ਲਿਆਉਣ ਦੀ ਖ਼ੁਸ਼ੀ ਵਿਚ ਕਿਲ੍ਹੇ ਦੇ ਸਾਰੇ ਮੁਲਾਜ਼ਮਾਂ, ਫ਼ੌਜਦਾਰਾਂ ਨੂੰ ਸ਼ਰਾਬ ਦੇ ਖੁੱਲ੍ਹੇ ਗੱਫੇ ਵਰਤਾਏ ਹਨ। ਹਰ ਇਕ ਸਿਪਾਹੀ ਕਿਲ੍ਹੇ ਅੰਦਰ ਸ਼ਰਾਬ ਦੇ ਨਸ਼ੇ ਵਿਚ ਝੂਮ ਰਿਹਾ ਹੈ। ਕਿਸੇ ਨੂੰ ਬਾਹਰੋਂ ਕਿਸੇ ਵੀ ਹਮਲੇ ਦੇ ਖ਼ਤਰੇ ਦਾ ਡਰ ਨਹੀਂ, ਕਿਉਂਕਿ ਪਹਿਲਾਂ ਕਿਸੇ ਨੇ ਪੱਟੀ ਸ਼ਹਿਰ ਵਿਚ ਬਦਅਮਨੀ ਜਾਂ ਗੜਬੜ ਨਹੀਂ ਕੀਤੀ। ਸਭ ਸਰਕਾਰੀ ਅਹਿਲਕਾਰ ਨਸ਼ੇ ਵਿਚ ਮਸਤ ਹਨ।

ਰਜ਼ੀਆ ਨੂੰ ਕਿਲ੍ਹੇ ਅੰਦਰ, ਮਹਿਲਾਂ ਵਿਚਲੇ ਇਕ ਕਮਰੇ ਵਿਚ ਬੰਦ ਕੀਤਾ ਹੋਇਆ ਹੈ। ਰਜ਼ੀਆ ਰੋਂਦੀ ਹੈ, ਖ਼ੁਦਾ ਅੱਗੇ ਦੁਆ-ਬੇਨਤੀ ਕਰਦੀ ਹੈ, "ਹੇ ਅੱਲ੍ਹਾ ਤਾਅਲਾ, ਮੈਂ ਅਭਾਗੀ ਕਰਮਾਂ ਮਾਰੀ ਨੇ ਕੀ ਮੰਦੇ ਕੰਮ ਕੀਤੇ ਹਨ, ਮੈਨੂੰ ਜ਼ਾਲਮ ਹਾਕਮਾਂ ਦੀ ਕੈਦ ਵਿਚ ਪਾ ਦਿੱਤਾ ਹੈ। ਖ਼ੁਦਾ, ਮੇਰੀ ਮਦਦ ਕਰ, ਪਰਵਦਗਾਰ ਤੂੰ ਹਰ ਇਕ ਦੀ ਮਦਦ ਕਰਨ ਵਾਲਾ ਹੈਂ। ਖ਼ੁਦਾ, ਮੇਰੀ ਸਹਾਇਤਾ ਕਰ।"

ਰਜ਼ੀਆ ਪਰਮਾਤਮਾ ਨੂੰ ਯਾਦ ਕਰਦੀ ਹੈ। ਉਧਰ ਮਿਰਜ਼ਾ ਯਾਕੂਬ ਬੇਗ ਖ਼ਾਨ ਆਪਣੀ ਖਾਣ-ਪੀਣ ਵਾਲੀ ਬੈਠਕ ਵਿਚ ਆਪਣੀ ਇਕ ਰਖੈਲ ਸੇਵਾਦਾਰ ਨਾਲ ਡੂੰਘੀਆਂ ਗੱਲਾਂ ਵਿਚ ਰੁੱਝਾ ਹੋਇਆ ਹੈ। ਇਹ ਇਕ ਪੈਂਤੀ ਕੁ ਸਾਲ ਦੀ ਰਖੈਲ ਜ਼ੀਨਤ ਹੈ, ਜਿਹੜੀ ਚਲਿੱਤਰਾਂ ਦੀ ਬੜੀ ਮਾਹਿਰ ਹੈ।

ਮਿਰਜ਼ਾ ਯਾਕੂਬ ਬੇਗ ਖ਼ਾਨ, "ਜ਼ੀਨਤ, ਹੁਸਨ ਤਾਂ ਬੜੇ ਵੇਖੇ ਹਨ, ਪਰ ਜਿਹੜਾ ਹੁਸਨ ਰਜ਼ੀਆ 'ਤੇ ਹੈ, ਮੈਂ ਇਸ ਤੋਂ ਪਹਿਲਾਂ ਕਦੇ ਨਹੀਂ ਵੇਖਿਆ। ਇਹ

ਰਜ਼ੀਆ ਬਾਰੇ ਤੂੰ ਪਹਿਲਾਂ ਕਿਉਂ ਨਾ ਦੱਸਿਆ। ਇਹੋ ਜਿਹਾ ਹੁਸਨ ਤਾਂ ਮਹਿਲਾਂ ਵਿਚ ਹੀ ਸੋਭਦਾ ਹੈ। ਕੋਈ ਕੱਖਾਂ ਕਾਨਿਆਂ ਦੀਆਂ ਕੁੱਲੀਆਂ ਵਿਚ ਨਹੀਂ ਸੋਭਦਾ।"

ਜ਼ੀਨਤ, "ਖ਼ਾਨ ਸਾਹਿਬ, ਪਹਿਲਾਂ ਮੈਂ ਇਸ ਪਾਸੇ ਕਦੇ ਗਈ ਹੀ ਨਹੀਂ ਸੀ। ਕੱਲ੍ਹ ਹੀ ਮੈਨੂੰ ਪਤਾ ਲੱਗਾ। ਦਾਸੀ ਨੇ ਉਦੋਂ ਹੀ ਆਪ ਦੀ ਖ਼ਿਦਮਤ ਵਿਚ ਦੱਸ ਦਿੱਤਾ। ਖ਼ਾਨ ਸਾਹਿਬ, ਮੈਂ ਇਕ ਗੱਲ ਆਖਦੀ ਹਾਂ ਪਰ ਜੇ ਮੰਨੋਗੇ ਤਾਂ?"

ਮਿਰਜ਼ਾ, "ਜ਼ੀਨਤ, ਉਹ ਕਿਹੜੀ ਗੱਲ ਹੈ ਜਿਹੜੀ ਤੂੰ ਮੇਰੇ ਤੋਂ ਅਜੇ ਤਕ ਲੁਕਾ ਕੇ ਰੱਖੀ ਹੈ?"

ਜ਼ੀਨਤ, "ਖ਼ਾਨ ਸਾਹਿਬ, ਗੱਲ ਇਹ ਹੈ ਕਿ ਅਜੇ ਤਾਂ ਰਜ਼ੀਆ ਨੇ ਰੋ-ਰੋ ਕੇ ਅੱਖਾਂ ਸੁਜਾਈਆਂ ਹੋਈਆਂ ਹਨ। ਮੂੰਹ ਵਿਚ ਕੁਝ ਪਾਇਆ ਨਹੀਂ। ਫਿਰ ਮਾਂ-ਪਿਉ ਦੇ ਵਿਛੋੜੇ ਦਾ ਦੁੱਖ ਹੈ। ਮੈਂ ਰਜ਼ੀਆ ਨੂੰ ਪਿਆਰ ਨਾਲ ਸਮਝਾਵਾਂਗੀ। ਰੋਟੀ ਪਾਣੀ ਖਵਾਉਂਦੀ ਹਾਂ, ਸੋਹਣੇ ਕੱਪੜੇ, ਗਹਿਣੇ ਪੁਆ ਕੇ ਦੁਲਹਨ ਵਾਂਗ ਸਜਾ ਲੈਣ ਦਿਉ। ਫਿਰ ਰਜ਼ੀਆ ਸਵਰਗ ਵਰਗਾ ਸੁੱਖ ਵੇਖ ਕੇ ਆਪ ਹੀ ਤੁਹਾਨੂੰ ਮਿਲਣ ਲਈ ਕਾਹਲੀ ਹੋਵੇਗੀ। ਹੁਣ ਤਾਂ ਕੀ ਹੁਸਨ ਹੈ, ਫਿਰ ਵੇਖਣਾ ਰਜ਼ੀਆ ਦਾ ਹੁਸਨ ਜੋ ਅਰਸ਼ਾਂ ਦੀਆਂ ਪਰੀਆਂ ਨੂੰ ਵੀ ਮਾਤ ਪਾ ਦੇਵੇਗਾ। ਫਿਰ ਤਾਂ ਰਜ਼ੀਆ ਦਾ ਰੂਪ ਵੇਖ ਕੇ ਚੰਦ ਵੀ ਸ਼ਰਮਾਅ ਜਾਵੇਗਾ।"

ਮਿਰਜ਼ਾ ਯਾਕੂਬ ਬੇਗ਼ ਖ਼ਾਨ, "ਜ਼ੀਨਤ, ਰਜ਼ੀਆ ਦੇ ਹੁਸਨ ਦਾ ਅਨੰਦ ਮਾਣਨ ਲਈ ਮੈਂ ਬਹੁਤੀ ਉਡੀਕ ਨਹੀਂ ਕਰ ਸਕਦਾ। ਮੇਰੇ ਦਿਲ ਵਿਚ ਪਿਆਰ ਦੇ ਵਲਵਲੇ ਉੱਠ ਰਹੇ ਹਨ। ਤੈਨੂੰ ਹੁਣੇ ਹੀ ਇਹ ਕੰਮ ਕਰਨਾ ਪਵੇਗਾ। ਇਹ ਲੈ ਕੁੰਜੀ, ਜੋ ਚੀਜ਼ ਤੈਨੂੰ ਚਾਹੀਦੀ ਹੈ ਲੈ ਲੈ ਤੇ ਆਪਣੀ ਸਿਆਣਪ ਤੇ ਚਤੁਰਾਈ ਦਾ ਜਾਦੂ ਹੁਣੇ ਹੀ ਚਲਾ ਤੇ ਰਜ਼ੀਆ ਤੇ ਮੈਂ ਅੱਜ ਹੀ.....।"

ਜ਼ੀਨਤ, "ਅੱਛਾ ਜੀ ਖ਼ਾਨ ਸਾਹਿਬ, ਤੁਹਾਡੇ ਹੁਕਮ ਅੱਗੇ ਦਾਸੀ ਦੀ ਨਾਂਹ ਥੋੜ੍ਹਾ ਹੈ ਕੋਈ।"

ਜ਼ੀਨਤ ਨੇ ਇਕ ਅਲਮਾਰੀ ਵਿਚੋਂ ਗਹਿਣੇ ਲਏ, ਸੋਹਣੇ-ਸੋਹਣੇ ਕੀਮਤੀ ਕੱਪੜੇ ਲਏ ਅਤੇ ਕੁਝ ਖਾਣ-ਪੀਣ ਦੀਆਂ ਚੀਜ਼ਾਂ ਲਈਆਂ ਤੇ ਉਸ ਕਮਰੇ ਵਿਚ ਚਲੀ ਗਈ ਜਿਥੇ ਰਜ਼ੀਆ ਕੈਦ ਕੀਤੀ ਹੋਈ ਸੀ। ਜ਼ੀਨਤ ਬੂਹਾ ਖੋਲ੍ਹ ਕੇ ਰਜ਼ੀਆ ਕੋਲ ਜਾ ਬੈਠੀ। ਰਜ਼ੀਆ ਰੋ ਰਹੀ ਸੀ। ਪਰ ਹੋਰ ਕਰ ਵੀ ਕੀ ਸਕਦੀ ਸੀ।

ਜ਼ੀਨਤ, "ਉਠ ਰਜ਼ੀਆ, ਭੈਣ ਮੇਰੀ, ਰੋਈਦਾ ਨਹੀਂ ਹੁੰਦਾ। ਵੇਖ ਨਾ ਰੋ-ਰੋ ਕੇ ਕੀ ਹਾਲ ਬਣਾ ਛੱਡਿਆ ਹੈ। ਉੱਠ ਮੇਰੀ ਭੈਣ, ਆਹ ਲੀੜੇ ਲਾਹ ਦੇ ਅਤੇ ਆਹ ਸੋਹਣੇ ਕੱਪੜੇ ਪਾ ਕੇ ਗਹਿਣੇ ਸਜਾ। ਨਾਲੇ ਪਹਿਲਾਂ ਰੋਟੀ ਖਾ, ਪਾਣੀ ਦੀ ਘੁੱਟ ਪੀ, ਤੇਰਾ ਦਿਲ ਸ਼ਾਂਤ ਹੋ ਜਾਵੇ।"

ਜ਼ੀਨਤ ਨੇ ਫਿਰ ਕਿਹਾ, "ਰਜ਼ੀਆ, ਜਦੋਂ ਮੈਂ ਤੇਰੇ ਵਾਂਗ ਇਥੇ ਆਈ ਸੀ, ਮੈਂ ਵੀ ਰੋਂਦੀ ਸੀ।"

ਰਜ਼ੀਆ, "ਤੂੰ ਮੇਰੀਆਂ ਅੱਖਾਂ ਤੋਂ ਦੂਰ ਹੋ ਜਾ, ਸਭ ਤੇਰੇ ਹੀ ਬੇੜੀਆਂ ਵਿਚ ਵੱਟੇ ਪਾਏ ਹਨ। ਤੂੰ ਕੱਲ੍ਹ ਹੀ ਸਾਡੇ ਮੁਹੱਲੇ ਵਿਚ ਗਈ ਸੀ ਤੇ ਮੈਨੂੰ ਗ਼ਰੀਬਣੀ ਨੂੰ ਚੁੱਕਾ ਕੇ ਕੈਦ ਕਰਾ ਦਿੱਤਾ। ਮੈਨੂੰ ਗਹਿਣੇ ਕੱਪੜੇ, ਖਾਣ-ਪੀਣ ਦੀ ਕੋਈ ਨਹੀਂ।"

ਇਸ ਬੰਦ ਕਮਰੇ ਵਿਚ ਲੈਂਪ ਜਗ ਰਿਹਾ ਹੈ। ਰਾਤ ਦਾ ਵੇਲਾ ਹੈ, ਇਕ ਮਾਸੂਮ ਲੜਕੀ ਨੂੰ ਇਕ ਜ਼ਾਲਮ ਹਾਕਮ ਦੀ ਬਦਕਾਰ ਰਖੈਲ ਗੱਲਾਂ ਤੇ ਸੁੱਖਾਂ ਦੇ ਸਬਜ਼ਬਾਗ਼ ਦੇ ਸੁਪਨੇ ਵਿਖਾ ਕੇ ਵਰਗਲਾ ਰਹੀ ਹੈ। ਮਾਸੂਮ ਕੰਨਿਆ ਰਜ਼ੀਆ ਦੀਆਂ ਅੱਖਾਂ ਵਿਚ ਅੰਗਿਆਰ ਬਲ ਰਹੇ ਹਨ। ਰੋ-ਰੋ ਕੇ ਸੁੱਜੀਆਂ ਹੋਈਆਂ ਅੱਖਾਂ, ਖਿੱਲਰੇ ਹੋਏ ਵਾਲ, ਰਜ਼ੀਆ ਜਦੋਂ ਵੇਖਦੀ ਹੈ ਤਾਂ ਘਿਰਣਾ, ਨਫ਼ਰਤ ਨਾਲ ਤੱਕਦੀ ਹੈ। ਇਕ ਮਾਸੂਮ ਕੰਨਿਆ ਬੇਵੱਸ ਹੈ।

ਜ਼ੀਨਤ, "ਰਜ਼ੀਆ, ਜਦੋਂ ਮੈਂ ਇਥੇ ਆਈ ਸੀ ਤਾਂ ਮੈਂ ਵੀ ਤੇਰੇ ਵਾਂਗ ਰੋਂਦੀ ਸਾਂ। ਇੰਝ ਹੀ ਕਰਦੀ ਸਾਂ, ਜਿਵੇਂ ਤੂੰ। ਆਖ਼ਰ ਹਠ ਵੀ ਕਿੰਨਾ ਕੁ ਚਿਰ ਕਾਇਮ ਰਹਿ ਸਕਦਾ ਹੈ। ਕਿਸਮਤ ਨਾਲ ਸਮਝੌਤਾ ਕੀਤਾ। ਬੱਸ ਮਨ ਨੂੰ ਤਕੜਾ ਕਰ ਕੇ ਇਕ ਵਾਰ ਖ਼ਾਨ ਸਾਹਿਬ ਦੀ ਹਾਂ ਵਿਚ ਹਾਂ ਕਰ ਦਿੱਤੀ। ਬੱਸ ਫਿਰ ਕੀ ਸੀ ? ਸਵਰਗ ਦੇ ਸਾਰੇ ਸੁੱਖ ਮੇਰੇ ਅੱਗੇ ਪਿੱਛੇ। ਹੁਣ ਤਾਂ ਖ਼ਾਨ ਸਾਹਿਬ ਤੋਂ ਇਕ ਪਲ ਵੀ ਦੂਰ ਹੋਣ ਨੂੰ ਜੀਅ ਨਹੀਂ ਕਰਦਾ। ਨਾਲੇ ਖ਼ਾਨ ਸਾਹਿਬ ਕੋਈ ਮਾੜੀ ਮੋਟੀ ਚੀਜ਼ ਥੋੜ੍ਹੀ ਹੈ। ਪੱਟੀ ਦੇ ਸੂਬੇਦਾਰ ਹਨ। ਇਹਨਾਂ ਮਹਿਲਾਂ ਨੂੰ ਤਾਂ ਦੁਨੀਆਂ ਤਰਸਦੀ ਹੈ, ਤੂੰ ਤਾਂ ਭਾਗਾਂ ਵਾਲੀ ਹੈਂ, ਜਿਸ ਨੂੰ ਖ਼ਾਨ ਸਾਹਿਬ ਆਪ ਪਸੰਦ ਕਰ ਕੇ ਲਿਆਇਆ ਹੈ।"

ਰਜ਼ੀਆ, "ਮੈਨੂੰ ਤੇਰੀਆਂ ਬੇਹਯਾ ਗੱਲਾਂ ਚੰਗੀਆਂ ਨਹੀਂ ਲੱਗਦੀਆਂ, ਜੇ ਤੂੰ ਸੁੱਖਾਂ ਬਦਲੇ ਆਪਣਾ ਦੀਨ-ਈਮਾਨ ਗਵਾ ਲਿਆ ਹੈ ਤਾਂ ਤੈਨੂੰ ਕੋਈ ਹੱਕ ਨਹੀਂ ਕਿ ਤੂੰ ਦੂਜਿਆਂ ਦਾ ਸਤ-ਧਰਮ ਭ੍ਰਿਸ਼ਟ ਕਰਨ ਲਈ ਦੂਜਿਆਂ ਨੂੰ ਉਪਦੇਸ਼ ਦੇਵੇਂ। ਸੁੱਖਾਂ ਦੇ ਲਾਲਚ ਵਿਚ ਸਤ-ਧਰਮ ਗਵਾਉਣ ਵਾਲੇ ਨਰਕਾਂ ਦੀ ਅੱਗ ਵਿਚ ਸੜਦੇ ਹਨ। ਸਤ-ਧਰਮ ਨੇ ਨਾਲ ਜਾਣਾ ਹੈ, ਇਸ ਦੁਨੀਆਂ ਤੋਂ ਮਨੁੱਖ ਨਾਲ ਹੋਰ ਕੁਝ ਨਹੀਂ ਜਾਂਦਾ।"

ਜ਼ੀਨਤ, "ਸਤ-ਧਰਮ, ਦੋਜ਼ਖ਼ ਦੀ ਅੱਗ, ਇਹ ਅਨਪੜ੍ਹ ਲੋਕਾਂ ਦੀਆਂ ਗੱਲਾਂ ਹਨ। ਸੁੱਖ, ਸਵਰਗ ਸਭ ਇਸੇ ਦੁਨੀਆਂ ਵਿਚ ਹੈ। ਇਹ ਜੱਗ ਮਿੱਠਾ, ਅਗਲਾ ਕਿਸ ਡਿੱਠਾ।"

ਰਜ਼ੀਆ, "ਤੂੰ ਮੇਰੀ ਇਕ ਮੰਗ ਪੂਰੀ ਕਰ ਸਕਦੀ ਹੈਂ ?"

ਜ਼ੀਨਤ, "ਦੱਸ, ਉਹ ਕਿਹੜੀ ਮੰਗ ਹੈ ? ਜੇ ਮੈਂ ਪੂਰੀ ਕਰ ਸਕਦੀ ਹੋਈ, ਜ਼ਰੂਰ ਕਰਾਂਗੀ।"

ਰਜ਼ੀਆ, "ਤੂੰ ਮੈਨੂੰ ਇਥੋਂ ਕਿਲ੍ਹੇ ਵਿਚੋਂ ਬਾਹਰ ਕੱਢ ਦੇ, ਮੈਂ ਤੇਰਾ ਸਾਰੀ ਉਮਰ ਅਹਿਸਾਨ ਨਹੀਂ ਭੁਲਾਵਾਂਗੀ।"

ਜ਼ੀਨਤ, "ਰਜ਼ੀਆ, ਤੂੰ ਹੁਣ ਇਥੋਂ ਕਿਤੇ ਨਹੀਂ ਜਾ ਸਕਦੀ। ਖ਼ਾਨ ਸਾਹਿਬ ਨੇ ਤੈਨੂੰ ਆਪਣੇ ਦਿਲ ਦੀ ਰਾਣੀ ਬਣਾਉਣ ਦਾ ਫ਼ੈਸਲਾ ਕਰ ਲਿਆ ਹੈ। ਮੈਂ ਤੈਨੂੰ ਸਮਝਾਉਣ ਆਈ ਹਾਂ। ਨਹੀਂ ਮੰਨਦੀ ਤਾਂ ਤੇਰੀ ਮਰਜ਼ੀ।"

ਰਜ਼ੀਆ, "ਜੇ ਤੁਸੀਂ ਮੈਨੂੰ ਭੈਣ ਆਖਦੇ ਹੋ ਤੇ ਮੈਨੂੰ ਇਥੋਂ ਛੁਡਾ ਨਹੀਂ ਸਕਦੇ ਤਾਂ ਮੇਰੀ ਇਕ ਹੋਰ ਮੰਗ ਹੈ, ਉਹ ਪੂਰੀ ਕਰ ਦੇ, ਮੈਂ ਤੇਰੇ 'ਤੇ ਬਹੁਤ ਖ਼ੁਸ਼ ਹੋਵਾਂਗੀ।"

ਜ਼ੀਨਤ, "ਹਾਂ, ਤੂੰ ਦੱਸ, ਉਹ ਕਿਹੜੀ ਮੰਗ ਹੈ?"

ਰਜ਼ੀਆ, "ਤੂੰ ਮੈਨੂੰ ਇਕ ਕਟਾਰ ਲਿਆ ਦੇ। ਮੈਂ ਦੁੱਖਾਂ ਤੋਂ ਛੁਟਕਾਰਾ ਪਾ ਲਵਾਂ। ਮੈਂ ਆਪਣੇ ਸੀਨੇ ਵਿਚ ਕਟਾਰ ਮਾਰ ਕੇ ਪਵਿੱਤਰ ਆਤਮਾ ਨੂੰ ਲੈ ਕੇ ਖ਼ੁਦਾ ਦੀ ਕਚਹਿਰੀ ਵਿਚ ਜਾਵਾਂ। ਮੈਂ ਤੈਨੂੰ ਅਸੀਸਾਂ ਦਿਆਂਗੀ।"

ਜ਼ੀਨਤ ਨੇ ਮਜ਼ਾਕੀਆ ਲਹਿਜ਼ੇ ਵਿਚ ਕਿਹਾ, "ਇਹ ਕਿਵੇਂ ਹੋ ਸਕਦਾ ਹੈ ਕਿ ਮਹਿਲਾਂ ਦੀ ਰਾਣੀ ਵਾਸਤੇ ਇਕ ਦਾਸੀ ਕਤਲ ਦੀ ਭਾਗੀਦਾਰ ਬਣੇ।"

ਬਾਹਰੋਂ ਬੂਹਾ ਖੜਕਣ ਦੀ ਆਵਾਜ਼ ਆਈ, "ਠੱਕ, ਠੱਕ, ਠੱਕ।"

ਜ਼ੀਨਤ ਨੇ ਉੱਠ ਕੇ ਬੂਹਾ ਖੋਲ੍ਹਿਆ, ਮਿਰਜ਼ਾ ਯਾਕੂਬ ਬੇਗ ਖ਼ਾਨ ਅੰਦਰ ਲੰਘ ਆਇਆ। ਜ਼ੀਨਤ ਅੰਦਰੋਂ ਬਾਹਰ ਚਲੀ ਗਈ। ਮਿਰਜ਼ਾ ਯਾਕੂਬ ਬੇਗ ਖ਼ਾਨ ਨੇ ਅੰਦਰੋਂ ਦਰਵਾਜ਼ਾ ਬੰਦ ਕਰ ਲਿਆ ਤੇ ਰਜ਼ੀਆ ਦੇ ਪਲੰਘ 'ਤੇ ਬੈਠ ਗਿਆ।

ਰਜ਼ੀਆ, "ਖ਼ਾਨ ਸਾਹਿਬ, ਤੁਸੀਂ ਮੈਨੂੰ ਦੁੱਖ ਕਿਉਂ ਦੇਂਦੇ ਹੋ?"

ਮਿਰਜ਼ਾ ਯਾਕੂਬ ਬੇਗ ਖ਼ਾਨ, "ਰਜ਼ੀਆ, ਮੈਂ ਤੈਨੂੰ ਦੁੱਖ ਨਹੀਂ ਦੇ ਸਕਦਾ। ਤੈਨੂੰ ਦੁੱਖ ਦੇਣ ਵਾਸਤੇ ਥੋੜ੍ਹਾ ਇਥੇ ਲਿਆਂਦਾ ਹੈ। ਤੂੰ ਤਾਂ ਸੁੱਖ ਭੋਗੇਂਗੀ ਸੁੱਖ।"

ਰਜ਼ੀਆ, "ਖ਼ਾਨ ਸਾਹਿਬ, ਇਹ ਤੁਹਾਡਾ ਕੈਸਾ ਤਰੀਕਾ ਹੈ, ਗ਼ਰੀਬਾਂ ਨੂੰ ਸੁੱਖ ਦੇਣ ਦਾ?"

ਮਿਰਜ਼ਾ ਯਾਕੂਬ ਬੇਗ ਖ਼ਾਨ, "ਇਹੋ ਜਿਹੇ ਹੁਸਨ ਤਾਂ ਬਾਦਸ਼ਾਹਾਂ ਦੇ ਘਰ ਹੀ ਸੋਭਦੇ ਹਨ। ਕੋਈ ਕੱਖਾਂ ਕਾਨਿਆਂ ਦੀਆਂ ਕੁੱਲੀਆਂ ਵਿਚ ਥੋੜ੍ਹਾ ਸੋਭਦੇ ਹਨ ਇਹ ਹੁਸਨ। ਮੈਂ ਤੈਨੂੰ ਆਪਣੇ ਦਿਲ ਦੀ ਮਲਕਾ ਬਣਾ ਕੇ ਰੱਖਾਂਗਾ। ਰਜ਼ੀਆ, ਤੈਨੂੰ ਨਹੀਂ ਪਤਾ ਕਿ ਮੇਰੇ ਦਿਲ ਵਿਚ ਤੇਰੇ ਲਈ ਕਿੰਨਾ ਪਿਆਰ ਹੈ। ਤੂੰ ਆਪਣੇ ਪਿਆਰ ਦੀ ਗਲਵਕੜੀ, ਪਿਆਰ ਦੀਆਂ ਬਾਹਵਾਂ ਦੀ ਗਲਵਕੜੀ, ਮੇਰੇ ਗਲ ਵਿਚ ਪਾ ਦੇ, ਮੈਂ ਸਾਰੀ ਉਮਰ ਤੇਰਾ ਹੱਥ-ਬੰਨ੍ਹ ਗ਼ੁਲਾਮ ਰਹਾਂਗਾ।"

ਰਜ਼ੀਆ, "ਤੁਸੀਂ ਬਾਦਸ਼ਾਹ ਹੋ, ਬਾਦਸ਼ਾਹ ਪਰਜਾ ਦੇ ਮਾਈ-ਬਾਪ ਹੁੰਦੇ ਹਨ।"

ਮਿਰਜ਼ਾ, "ਕੀ ਬਾਦਸ਼ਾਹਾਂ ਦੀ ਛਾਤੀ ਵਿਚ ਦਿਲ ਨਹੀਂ ਹੁੰਦਾ? ਕੀ ਉਹ ਪਿਆਰ ਨਹੀਂ ਕਰ ਸਕਦੇ?"

ਰਜ਼ੀਆ, "ਖ਼ਾਨ ਸਾਹਿਬ! ਤੁਸੀਂ ਮੇਰੇ ਨਾਲ ਪਿਆਰ ਨਹੀਂ, ਜ਼ੁਲਮ ਕਰ ਰਹੇ ਹੋ। ਤੁਸੀਂ ਮੈਨੂੰ ਆਪਣੀ ਧੀ ਸਮਝੋ। ਮੇਰਾ ਪਿਆਰ ਸਦਾ ਤੁਹਾਡੇ ਨਾਲ

ਰਹੇਗਾ।"

ਮਿਰਜ਼ਾ ਯਾਕੂਬ ਬੇਗ ਖ਼ਾਨ, "ਖ਼ਬਰਦਾਰ, ਇਸ ਤੋਂ ਅੱਗੇ ਵੱਧ-ਘੱਟ ਬੋਲੀ। ਮੈਂ ਫ਼ੈਸਲਾ ਕਰ ਲਿਆ ਹੈ ਕਿ ਮੈਂ ਤੈਨੂੰ ਆਪਣੀ ਬਣਾ ਕੇ ਰਹਾਂਗਾ। ਮੇਰੇ ਕਬਜ਼ੇ ਵਿਚੋਂ ਤੈਨੂੰ ਦੁਨੀਆਂ ਦੀ ਕੋਈ ਤਾਕਤ ਨਹੀਂ ਛੁਡਾ ਸਕਦੀ।"

ਮਿਰਜ਼ਾ ਯਾਕੂਬ ਬੇਗ ਖ਼ਾਨ ਨੇ ਰਜ਼ੀਆ ਨੂੰ ਆਪਣੀਆਂ ਬਾਹਵਾਂ ਵਿਚ ਘੁੱਟਣ ਦੀ ਕੋਸ਼ਿਸ਼ ਕੀਤੀ।

ਰਜ਼ੀਆ ਨੇ ਆਪਣਾ ਸਤ-ਧਰਮ ਬਚਾਉਣ ਲਈ ਜ਼ੋਰ ਦੀ ਲੱਤ ਮਿਰਜ਼ਾ ਯਾਕੂਬ ਬੇਗ ਖ਼ਾਨ ਦੇ ਢਿੱਡ ਵਿਚ ਮਾਰੀ। ਮਿਰਜ਼ਾ ਯਾਕੂਬ ਬੇਗ ਖ਼ਾਨ ਪਿੱਛੇ ਡਿੱਗ ਪਿਆ। ਰਜ਼ੀਆ ਅਗਲੀ ਮੁਸੀਬਤ ਦਾ ਟਾਕਰਾ ਕਰਨ ਲਈ ਤਿਆਰ ਹੋ ਗਈ।

ਮਿਰਜ਼ਾ ਯਾਕੂਬ ਬੇਗ ਖ਼ਾਨ, "ਤੇਰੀ ਇਹ ਮਜਾਲ, ਤੂੰ ਸਮਝਿਆ ਕੀ ਮੈਨੂੰ ?"

ਗੁੱਸੇ ਤੇ ਕ੍ਰੋਧ ਵਿਚ ਆ ਕੇ ਮਾਸੂਮ ਰਜ਼ੀਆ ਨੂੰ ਜੱਫਾ ਭਰ ਕੇ ਪਲੰਘ ਉੱਤੇ ਸੁੱਟ ਲਿਆ। ਰਜ਼ੀਆ ਤੋਂ ਦਿਉ ਜਿੱਡੇ ਸੱਤ ਫੁੱਟੇ ਪਠਾਣ, ਹੱਟੇ-ਕੱਟੇ ਮਿਰਜ਼ਾ ਯਾਕੂਬ ਬੇਗ ਖ਼ਾਨ ਦੇ ਪੰਜੇ ਵਿਚੋਂ ਨਿਕਲਣਾ ਮੁਸ਼ਕਲ ਹੋ ਗਿਆ। ਮਿਰਜ਼ਾ ਯਾਕੂਬ ਬੇਗ ਖ਼ਾਨ ਆਪਣੇ ਪੂਰੇ ਜ਼ੋਰ ਨਾਲ ਰਜ਼ੀਆ ਨੂੰ ਆਪਣੀ ਵਹਿਸ਼ੀਆਨਾ ਕਾਮ-ਵਾਸਨਾ ਦਾ ਸ਼ਿਕਾਰ ਬਣਾਉਣਾ ਚਾਹੁੰਦਾ ਸੀ।

ਬੂਹੇ ਵਿਚੋਂ ਖੜੱਚ-ਖੜੱਚ ਦੀ ਆਵਾਜ਼ ਆਈ। ਦੋ ਵਾਰ ਬੂਹੇ ਨੂੰ ਜ਼ੋਰ ਦੀ ਲੱਤਾਂ ਵੱਜੀਆਂ। ਉਸੇ ਪਲ ਬੂਹੇ ਦੀ ਚੂਥੀ ਟੁੱਟ ਕੇ ਬੂਹਾ ਡਿੱਗ ਪਿਆ। ਕਿਸੇ ਮਹਾਂਬਲੀ ਦੇ ਮਜ਼ਬੂਤ ਹੱਥਾਂ ਨੇ ਮਿਰਜ਼ਾ ਯਾਕੂਬ ਬੇਗ ਖ਼ਾਨ ਦੀ ਸੰਘੀ ਘੁੱਟ ਦਿੱਤੀ। ਦਸ-ਦਸ ਮਹਾਂਬਲੀ, ਕੁਝ ਕਮਰੇ ਦੇ ਅੰਦਰ ਅਤੇ ਕੁਝ ਬਾਹਰ ਸਨ। ਮਹਾਂਬਲੀ ਹੱਥਾਂ ਵਾਲਿਆਂ ਨੇ ਮਿਰਜ਼ਾ ਯਾਕੂਬ ਬੇਗ ਖ਼ਾਨ ਦੀ ਧੌਣ ਨੂੰ ਅਜਿਹਾ ਜ਼ੋਰ ਦੀ ਝਟਕਾ ਮਾਰਿਆ ਕਿ ਮਿਰਜ਼ੇ ਦੀ ਧੌਣ ਦਾ ਮਣਕਾ ਤੋੜ ਦਿੱਤਾ। ਦੂਜੇ ਮਹਾਂਬਲੀ ਨੇ ਤਲਾਵਰ ਦੇ ਵਾਰ ਨਾਲ ਉਸ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ। ਦੂਜੇ ਮਹਾਂਬਲੀਆਂ ਦੀਆਂ ਤਲਵਾਰਾਂ ਵੀ ਲਹੂ ਨਾਲ ਭਿੱਜੀਆਂ ਹੋਈਆਂ ਸਨ।

"ਰਜ਼ੀਆ ਭੈਣ, ਚੱਲ ਚੱਲੀਏ, ਵਾਹਿਗੁਰੂ ਨੇ ਕ੍ਰਿਪਾ ਕੀਤੀ ਹੈ। ਦੁੱਖਾਂ ਦਾ ਵੇਲਾ ਲੰਘ ਗਿਆ ਹੈ।"

"ਰਜ਼ੀਆ ਭੈਣ, ਚੱਲ ਚੱਲੀਏ। ਵਾਹਿਗੁਰੂ ਦੀ ਕ੍ਰਿਪਾ ਨਾਲ ਹੈ।"

"ਹੈਂ, ਕੀ ਮੈਨੂੰ ਜਾਣਦੇ ਹਨ।"

"ਰਜ਼ੀਆ ਭੈਣ। ਵਾਹਿਗੁਰੂ, ਵਾਹਿਗੁਰੂ। ਹਾਂ, ਇਹ ਸਿੱਖ ਹਨ।"

"ਸਿੱਖ.....ਇਹ ਮੈਨੂੰ ਕਿਵੇਂ ਛੁਡਾਉਣ ਆ ਗਏ? ਇਹਨਾਂ ਸਿੱਖਾਂ ਨੂੰ ਮੇਰੇ ਬਾਰੇ ਕਿਵੇਂ ਪਤਾ ਲੱਗ ਗਿਆ ?"

"ਖ਼ੁਦਾ ਦੀਆਂ ਖ਼ੁਦਾ ਜਾਣੇ। ਹਾਂ, ਮਿਰਜ਼ਾ ਯਾਕੂਬ ਬੇਗ ਖ਼ਾਨ ਦੀ ਸੰਘੀ

ਘੁੱਟਣ ਵਾਲਾ, ਧੌਣ ਦਾ ਮਣਕਾ ਤੋੜਨ ਵਾਲਾ ਮਹਾਂਬਲੀ ਸ. ਮਹਿਤਾਬ ਸਿੰਘ ਭੰਗੂ ਮੀਰਾਂਕੋਟ ਹੈ ਤੇ ਮਿਰਜ਼ਾ ਯਾਕੂਬ ਬੇਗ ਖ਼ਾਨ ਦਾ ਸਿਰ ਤਲਵਾਰ ਨਾਲ ਵੱਢਣ ਵਾਲਾ ਮਹਾਂਬਲੀ ਸ. ਸੁੱਖਾ ਸਿੰਘ ਤਰਖਾਣ ਮਾੜੀ ਕੰਬੋਕੀ ਵਾਲਾ ਹੈ।"

ਭਾਈ ਤਾਰੂ ਸਿੰਘ ਜੀ ਦੇ ਕਹਿਣ 'ਤੇ ਪੱਟੀ ਦੇ ਮਾਛੀ ਰਹੀਮ ਬਖ਼ਸ਼ ਦੀ ਫਰਿਆਦ ਸੁਣ ਕੇ ਉਸ ਦੀ ਲੜਕੀ ਛੁਡਾਉਣ ਲਈ ਦੋ ਸੌ ਸਿੰਘਾਂ ਦਾ ਜਥਾ ਆਇਆ ਹੈ। ਸਿੰਘਾਂ ਬੜੀ ਰਣਨੀਤੀ ਨਾਲ ਰਜ਼ੀਆ ਵੀ ਛੁਡਾ ਲਈ ਹੈ, ਕਿਲ੍ਹੇ ਦੇ ਅੰਦਰ ਪਹਿਰੇਦਾਰ ਵੀ ਕਤਲ ਕੀਤੇ ਹਨ, ਪੱਟੀ ਦੇ ਹਾਕਮ ਮਿਰਜ਼ਾ ਯਕੂਬ ਬੇਗ ਖ਼ਾਨ ਦਾ ਸਿਰ ਵੀ ਵੱਢਿਆ ਹੈ।

ਸਿੰਘਾਂ ਦਾ ਜਥਾ 'ਬੋਲੇ ਸੋ ਨਿਹਾਲ' ਸਤਿ ਸ੍ਰੀ ਅਕਾਲ' ਤੇ 'ਵਾਹਿਗੁਰੂ ਜੀ ਦਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਦੇ ਜੈਕਾਰੇ ਗਜਾਉਂਦਾ ਚੜ੍ਹਦੀਆਂ ਕਲਾਂ ਵਿਚ ਸਾਫ਼ ਬਚ ਕੇ ਨਿਕਲ ਗਿਆ ਹੈ।

ਕਾਂਡ 19

ਸਿੰਘਾਂ ਦਾ ਜੱਥਾ ਦਿਨ ਡੁੱਬਦੇ ਤੋਂ ਥੋੜ੍ਹਾ ਚਿਰ ਪਿੱਛੋਂ ਪੱਟੀ ਸ਼ਹਿਰ ਦੇ ਬਾਹਰ ਇਕ ਬਾਗ਼ ਵਿਚ ਪਹੁੰਚ ਗਿਆ ਹੈ। ਹੋਰ ਹਨੇਰੇ ਦੀ ਉਡੀਕ ਕੀਤੀ ਜਾ ਰਹੀ ਹੈ। ਅੱਧੀ ਰਾਤ ਦਾ ਵੇਲਾ ਹੈ। ਪੱਟੀ ਸ਼ਹਿਰ ਦੇ ਵਾਸੀ ਸੁੱਤੇ ਪਏ ਹਨ। ਕਿਤੇ-ਕਿਤੇ ਕੁੱਤੇ ਭੌਂਕਣ ਦੀ ਆਵਾਜ਼ ਆ ਰਹੀ ਹੈ। ਪੱਟੀ ਦੇ ਹਾਕਮ ਮਿਰਜ਼ਾ ਯਾਕੂਬ ਬੇਗ਼ ਖ਼ਾਨ ਨੇ ਅੱਜ ਸ਼ਰਾਬ ਦੇ ਖੁੱਲ੍ਹੇ ਗੱਫੇ ਵਰਤਾਏ ਹਨ ਤੇ ਸਿਪਾਹੀਆਂ ਵਿਚ ਵੀ ਵੰਡੇ ਹਨ। ਸਾਰੇ ਸਿਪਾਹੀ ਸ਼ਰਾਬ ਦੇ ਨਸ਼ੇ ਵਿਚ ਮਸਤ ਘੂਕ ਸੁੱਤੇ ਪਏ ਹਨ। ਪੱਟੀ ਦੇ ਕਿਲ੍ਹੇ ਦੇ ਮੁੱਖ ਦਰਵਾਜ਼ੇ ਅੱਗੇ ਚਾਰ ਸਿਪਾਹੀ ਖਲੋਤੇ ਪਹਿਰਾ ਦੇ ਰਹੇ ਹਨ ਤੇ ਸ਼ਰਾਬ ਇਹਨਾਂ ਨੇ ਵੀ ਪੀਤੀ ਹੋਈ ਹੈ। ਨਸ਼ੇ ਵਿਚ ਜਾਗਦੇ ਵੀ ਸੁੱਤੇ ਹੋਏ ਹੀ ਹਨ।

ਸਿੰਘ ਪੱਟੀ ਦੇ ਕਿਲ੍ਹੇ 'ਤੇ ਹਮਲਾ ਕਰਨ ਲਈ ਬਾਗ਼ ਵਿਚੋਂ ਹੌਲੀ-ਹੌਲੀ ਤੁਰ ਪਏ ਹਨ। ਜਦੋਂ ਸਿੰਘ ਪੱਟੀ ਦੇ ਕਿਲ੍ਹੇ ਦੇ ਦਰਵਾਜ਼ੇ ਅੱਗੇ ਪਹੁੰਚ ਗਏ ਤਾਂ ਪਹਿਰੇਦਾਰਾਂ ਨੇ ਪੁੱਛਿਆ, "ਤੁਸੀਂ ਕੌਣ ਹੋ ? ਇਸ ਵੇਲੇ ਕਿਧਰੋਂ ਆਏ ਹੋ ?"

ਸ. ਮਹਿਤਾਬ ਸਿੰਘ ਨੇ ਬੜੇ ਠਰ੍ਹੰਮੇ ਨਾਲ ਆਖਿਆ, "ਦਰਵਾਜ਼ਾ ਖੋਲ੍ਹੋ, ਅਸੀਂ ਲਾਹੌਰ ਦੀ ਗਸ਼ਤੀ ਫ਼ੌਜ ਦੇ ਜਵਾਨ ਹਾਂ। ਰਾਤ ਕਿਲ੍ਹੇ ਅੰਦਰ ਕੱਟਣੀ ਹੈ।"

ਪਹਿਰੇਦਾਰ ਨੇ ਸ਼ਰਾਬ ਦੇ ਲੋਰ ਵਿਚ ਕਿਹਾ, "ਲਉ ਫ਼ੌਜਦਾਰ ਸਾਹਿਬ ਕੁੰਜੀਆਂ ਤੇ ਦਰਵਾਜ਼ਾ ਖੋਲ੍ਹੋ ਅਤੇ ਰਹੋ। ਅਸੀਂ ਤਾਂ ਆਪਣੀ ਡਿਊਟੀ ਦੇਣੀ ਹੈ।"

ਸ. ਮਹਿਤਾਬ ਸਿੰਘ ਨੇ ਕੁੰਜੀ ਨਾਲ ਜਿੰਦਰਾ ਖੋਲ੍ਹਿਆ, ਦਰਵਾਜ਼ਾ ਲਾਹ ਦਿੱਤਾ। ਸੌ ਸਿੰਘਾਂ ਦਾ ਜੱਥਾ ਅੰਦਰ ਲੰਘ ਗਿਆ ਅਤੇ ਸੌ ਸਿੰਘਾਂ ਦਾ ਜੱਥਾ ਬਾਹਰ ਪਹਿਰੇ 'ਤੇ ਨਜ਼ਰ ਰੱਖਣ ਲਈ ਖਲੋ ਗਿਆ।

ਭਾਈ ਸੁੱਖਾ ਸਿੰਘ ਨੇ ਪਹਿਰੇਦਾਰ ਨੂੰ ਕਿਹਾ, "ਜ਼ਮੀਂਦਾਰ ਸਾਹਿਬ, ਮਿਰਜ਼ਾ ਯਾਕੂਬ ਬੇਗ਼ ਖ਼ਾਨ ਨਾਲ ਸਾਨੂੰ ਮਿਲਾਉ।"

ਪਹਿਰੇਦਾਰ, "ਫ਼ੌਜਦਾਰ ਸਾਹਿਬ, ਮਿਰਜ਼ਾ ਯਾਕੂਬ ਬੇਗ਼ ਖ਼ਾਨ ਅੱਜ ਨਹੀਂ ਮਿਲ ਸਕਦੇ। ਅੱਜ ਤਾਂ ਮਿਰਜ਼ਾ ਸਾਹਿਬ ਨੇ ਹੁਸਨ ਦੀ ਪਰੀ ਲਿਆਂਦੀ ਹੈ। ਅੱਜ ਤਾਂ ਸਾਡੇ ਚੌਂਹ ਤੋਂ ਬਿਨਾਂ ਤੁਹਾਨੂੰ ਕੋਈ ਨਹੀਂ ਮਿਲਣਾ।"

"ਅੱਜ ਤਾਂ ਹੁਸਨ ਦੀ ਪਰੀ ਲਿਆਉਣ ਦੀ ਖ਼ੁਸ਼ੀ ਵਿਚ ਮਿਰਜ਼ਾ ਸਾਹਿਬ ਨੇ ਸਾਰੀ ਫ਼ੌਜ ਨੂੰ ਖ਼ੂਬ ਪਿਆਈ ਹੈ। ਖ਼ੁਸ਼ ਕਰ ਦਿੱਤਾ, ਖ਼ੁਸ਼।"

ਸ. ਮਹਿਤਾਬ ਸਿੰਘ, "ਜਮੇਂਦਾਰ ਜੀ, ਤੁਸੀਂ ਸਾਨੂੰ ਕਮਰਾ ਦੱਸੋ, ਜਿਥੇ ਮਿਰਜ਼ਾ ਸਾਹਿਬ ਹਨ, ਉਹ ਸਾਡੇ ਪੱਕੇ ਯਾਰ ਹਨ। ਉਹਨਾਂ ਆਪ ਹੀ ਸਾਨੂੰ ਸੱਦਿਆ ਹੈ। ਅਸੀਂ ਆਪੇ ਮਿਲ ਲਵਾਂਗੇ।"

ਪਹਿਰੇਦਾਰ, "ਜਾਹ ਓਹੇ ਗ਼ੁਲਾਮ ਮੁਹੰਮਦ, ਫ਼ੌਜਦਾਰ ਸਾਹਿਬ ਨੂੰ ਮਿਰਜ਼ਾ ਸਾਹਿਬ ਦਾ ਕਮਰਾ ਦੱਸ ਕੇ ਆ।"

ਗ਼ੁਲਾਮ ਮੁਹੰਮਦ, "ਗ਼ੁਲਾਮ ਰਸੂਲ, ਮਿਰਜ਼ਾ ਸਾਹਿਬ ਦਾ ਸੁਭਾਅ ਬੜਾ ਗਰਮ ਹੈ। ਉਹਨਾਂ ਆਖਣਾ ਮੂਡ ਖ਼ਰਾਬ ਕਰ ਦਿੱਤਾ।"

ਗ਼ੁਲਾਮ ਰਸੂਲ, "ਫ਼ੌਜਦਾਰ ਸਾਹਿਬ, ਚੱਲੋ ਤੁਰੋ। ਮਿਰਜ਼ਾ ਸਾਹਿਬ ਦਾ ਕਮਰਾ ਅਸੀਂ ਦੋਵੇਂ ਦੱਸ ਕੇ ਆਉਂਦੇ ਹਾਂ।"

ਦੋਵੇਂ ਪਹਿਰੇਦਾਰ ਸਿੰਘਾਂ ਦੇ ਨਾਲ ਤੁਰ ਪਏ। ਦਸ ਸਿੰਘ ਜਦੋਂ ਕਿਲ੍ਹੇ ਅੰਦਰ ਮਹਿਲਾਂ ਵਿਚ ਗਏ। ਅੱਗੇ ਮਹਿਲਾਂ 'ਚ ਚਾਰ ਸਿਪਾਹੀ ਪਹਿਰੇ 'ਤੇ ਖਲੋਤੇ ਸਨ। ਪਹਿਰੇਦਾਰਾਂ ਰੋਕ ਲਿਆ ਅਤੇ ਆਖਿਆ ਕਿ ਤੁਸੀਂ ਇਸ ਤੋਂ ਅੱਗੇ ਨਹੀਂ ਜਾ ਸਕਦੇ। ਮਿਰਜ਼ਾ ਸਾਹਿਬ ਨੂੰ ਤੁਸੀਂ ਸਵੇਰੇ ਹੀ ਮਿਲ ਸਕਦੇ ਹੋ।

ਸਿੰਘਾਂ ਨੇ ਕੰਮ ਵਿਗੜਦਾ ਵੇਖ ਕੇ ਅੱਖ ਨਾ ਝਮੱਕਣ ਦਿੱਤੀ, ਛੇ ਸਿਪਾਹੀ ਤਲਵਾਰ ਦੀ ਭੇਟ ਚੜ੍ਹਾ ਦਿੱਤੇ। ਕਿਸੇ ਸਿਪਾਹੀ ਦੀ ਚੂੰ-ਚਾਂ ਵੀ ਨਾ ਹੋਣ ਦਿੱਤੀ। ਹੁਣ ਸਿੰਘਾਂ ਆਪ ਹੀ ਮਿਰਜ਼ਾ ਯਾਕੂਬ ਬੇਗ ਖ਼ਾਨ ਦਾ ਕਮਰਾ ਲੱਭ ਲਿਆ। ਸਿੰਘਾਂ ਨੇ ਲੱਤਾਂ ਦੇ ਜ਼ੋਰ ਨਾਲ ਬੂਹੇ ਦੀ ਚੂਥੀ ਭੰਨ ਦਿੱਤੀ। ਬੂਹਾ ਡਿੱਗ ਪਿਆ ਤੇ ਸਿੰਘ ਕਮਰੇ ਅੰਦਰ ਦਾਖ਼ਲ ਹੋ ਗਏ।

ਮਿਰਜ਼ਾ ਯਾਕੂਬ ਬੇਗ ਖ਼ਾਨ ਪੱਟੀ ਦਾ ਹਾਕਮ ਆਪਣੇ ਬਾਹੂ-ਬਲ ਨਾਲ ਮਾਸੂਮ ਲੜਕੀ ਰਜ਼ੀਆ ਦਾ ਸਤ-ਧਰਮ ਭੰਗ ਕਰਨ, ਆਪਣੀ ਕਾਮ-ਵਾਸਨਾ ਦਾ ਸ਼ਿਕਾਰ ਬਣਾਉਣ ਦੀ ਕਮੀਨਗੀ ਦਾ ਯਤਨ ਕਰ ਰਿਹਾ ਸੀ। ਸ. ਮਹਿਤਾਬ ਸਿੰਘ ਨੇ ਆਪਣੇ ਮਜ਼ਬੂਤ ਹੱਥਾਂ ਨਾਲ ਮਿਰਜ਼ਾ ਯਾਕੂਬ ਬੇਗ ਖ਼ਾਨ ਦੀ ਧੌਣ ਦਾ ਮਣਕਾ ਤੋੜ ਦਿੱਤਾ।

ਦੂਜੇ ਮਹਾਂਬਲੀ ਸ. ਸੁੱਖਾ ਸਿੰਘ ਕੰਬੋਕੀ ਮਾੜੀ ਵਾਲੇ ਨੇ ਮਿਰਜ਼ੇ ਦਾ ਸਿਰ ਤਲਵਾਰ ਦੇ ਵਾਰ ਨਾਲ ਧੜ ਨਾਲੋਂ ਅੱਡ ਕਰ ਦਿੱਤਾ। ਰਜ਼ੀਆ ਨੂੰ ਨਾਲ ਲੈ ਕੇ ਸਿੰਘ ਮਹਿਲਾਂ ਵਿਚੋਂ ਬਾਹਰ ਆ ਗਏ। ਜਦੋਂ ਸਿੰਘਾਂ ਦਾ ਜੱਥਾ ਕਿਲ੍ਹੇ ਦੇ ਦਰਵਾਜ਼ੇ ਵਿਚੋਂ ਬਾਹਰ ਨਿਕਲਣ ਲੱਗਾ ਤਾਂ ਸਿਪਾਹੀਆਂ ਨੂੰ ਕੁਝ ਸ਼ੱਕ ਪੈ ਗਿਆ ਕਿ ਸਾਡੇ ਸਾਥੀ ਗ਼ੁਲਾਮ ਰਸੂਲ ਅਤੇ ਗ਼ੁਲਾਮ ਮੁਹੰਮਦ ਵਾਪਸ ਨਹੀਂ ਆਏ। ਮਿਰਜ਼ਾ ਸਾਹਿਬ ਨੂੰ ਮਿਲਣ ਆਏ ਸੀ, ਕਹਿੰਦੇ ਸੀ ਕਿਲ੍ਹੇ ਅੰਦਰ ਰਾਤ ਕੱਟਣੀ ਹੈ ਤੇ ਹੁਣ ਛੇਤੀ ਹੀ ਵਾਪਸ ਚੱਲੇ ਹਨ।

ਪਹਿਰੇਦਾਰ ਜਮਾਲੁੱਦੀਨ, "ਓਏ ਇਲਮਦੀਨਾ, ਇਹ ਕਿਤੇ ਸਿੰਘ ਤਾਂ ਨਹੀਂ ?"

ਇਲਮਦੀਨ ਕੁਝ ਮੂੰਹੋਂ ਬੋਲਦਾ, ਇਤਨੇ ਨੂੰ ਸਿੰਘਾਂ ਦੀਆਂ ਤਲਵਾਰਾਂ ਨੇ ਇਹਨਾਂ ਦੋਵਾਂ ਦਾ ਵੀ ਕੀਰਤਨ ਸੋਹਿਲਾ ਪੜ੍ਹ ਦਿੱਤਾ।

ਸ. ਮਹਿਤਾਬ ਸਿੰਘ ਜੀ, "ਭਾਈ ਤਾਰੂ ਸਿੰਘ ਜੀ, ਕਿਥੇ ਹੈ ਰਹੀਮ ਬਖ਼ਸ਼ ?"

ਰਹੀਮ ਬਖ਼ਸ਼, "ਜੀ, ਹੁਕਮ ਕਰੋ।"

ਸ. ਮਹਿਤਾਬ ਸਿੰਘ, "ਰਹੀਮ ਬਖ਼ਸ਼, ਅਕਾਲ ਪੁਰਖ ਵਾਹਿਗੁਰੂ ਨੇ ਖ਼ਾਲਸੇ ਦੀ ਲਾਜ ਰੱਖੀ ਹੈ। ਭੈਣ ਰਜ਼ੀਆ ਨੂੰ ਆਪਣੇ ਨਾਲ ਘੋੜੇ ਉੱਤੇ ਬਿਠਾ ਲਓ। ਚਲੋ ਖ਼ਾਲਸਾ ਜੀ 'ਹਰਨ'।"

ਸਿੰਘਾਂ ਦਾ ਜੱਥਾ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦਾ ਹੋਇਆ ਪੱਟੀ ਸ਼ਹਿਰ ਤੋਂ ਬਾਹਰ ਜੰਗਲ-ਬੇਲੇ ਵੱਲ ਨੂੰ ਤੁਰ ਪਿਆ। ਸਿੰਘ ਦਿਨ ਚੜ੍ਹਨ ਤੋਂ ਪਹਿਲਾਂ ਬੜੀ ਦੂਰ ਨਿਕਲ ਗਏ ਸਨ।

ਕਾਂਡ 20

ਸਿੰਘਾਂ ਦਾ ਜੱਥਾ ਤਰਨ ਤਾਰਨ ਦੇ ਪਾਸੇ ਨੂਰਦੀਨ ਦੀ ਸਰਾਂ ਦੇ ਜੰਗਲ ਵਿਚ ਪਹੁੰਚ ਗਿਆ। ਪੱਟੀ ਸ਼ਹਿਰ ਮਾਝੇ ਦੀ ਧੁੰਨੀ ਵਿਚ ਘੁੱਗ ਵੱਸਦਾ ਸ਼ਹਿਰ ਹੈ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਿੱਖਾਂ ਸੇਵਕਾਂ ਕੋਲੋਂ ਇਸੇ ਪੱਟੀ ਸ਼ਹਿਰ ਦੇ ਮਿਰਜ਼ਿਆਂ ਨੇ ਘੋੜੇ ਅਤੇ ਦੁਸ਼ਾਲੇ ਖੋਹੇ ਸਨ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਿੱਖ ਸੇਵਕ ਬਹਾਦਰ ਬਾਬਾ ਬਿਧੀ ਚੰਦ ਜੀ ਨੇ ਸੱਚੇ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਹੁਕਮ ਮੰਨ ਦੇ ਇਕ ਘੋੜਾ ਘਾਹੀ ਬਣ ਕੇ ਕਿਲ੍ਹੇ ਵਿਚੋਂ ਕੱਢ ਲਿਆ ਸੀ ਤੇ ਦੂਜਾ ਘੋੜਾ ਬਾਅਦ ਵਿਚ ਨਜੂਮੀ (ਜੋਤਸ਼ੀ) ਦਾ ਭੇਸ ਬਣਾ ਕੇ ਦਿਨ-ਦਿਹਾੜੇ ਪੱਟੀ ਦੇ ਕਿਲ੍ਹੇ ਵਿਚੋਂ ਕੰਧ ਟਪਾ ਕੇ ਬਹਾਦਰੀ ਦਾ ਸਬੂਤ ਦਿੱਤਾ ਸੀ।

ਬਹਾਦਰ ਬਾਬਾ ਬਿਧੀ ਚੰਦ ਜੀ ਨੇ ਸਿੱਖਾਂ ਦੇ ਖੋਹੇ ਹੋਏ ਦੁਸ਼ਾਲੇ ਪੱਟੀ ਦੇ ਹਾਕਮ ਮਿਰਜ਼ਿਆਂ ਕੋਲੋਂ ਵਪਾਰੀ ਦਾ ਭੇਸ ਬਣਾ ਕੇ, ਫਿਰ ਬੇਗ਼ਮ ਦਾ ਭੇਸ ਬਣਾ ਕੇ ਤੇ ਬੁੱਢੜੀ ਦਾ ਭੇਸ ਬਣਾ ਕੇ ਲਿਆ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਸਨ।

ਪੱਟੀ ਸ਼ਹਿਰ ਦੇ ਵ੍ਹਾਸੀਆਂ ਨੇ ਸਿੰਘਾਂ ਦੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਸੁਣੇ ਪਰ ਕਿਸੇ ਨੇ ਘਰਾਂ ਅੰਦਰੋਂ ਬਾਹਰ ਆਉਣ ਦੀ ਹਿੰਮਤ ਨਾ ਕੀਤੀ। ਕਿਲ੍ਹੇ ਅੰਦਰੋਂ ਕੁਝ ਸਿਪਾਹੀ ਉੱਠ ਕੇ ਬਾਹਰਲੇ ਦਰਵਾਜ਼ੇ ਵੱਲ ਨੂੰ ਆਏ। ਦਰਵਾਜ਼ਾ ਖੁੱਲ੍ਹਿਆ ਪਿਆ ਸੀ। ਦੋ ਸਿਪਾਹੀਆਂ ਦੀਆਂ ਲਾਸ਼ਾਂ ਪਈਆਂ ਸਨ। ਕਿਲ੍ਹੇ ਦੇ ਬੁਰਜ ਤੋਂ ਖ਼ਤਰੇ ਦਾ ਘੜਿਆਲ ਖੜਕਾਇਆ ਗਿਆ। ਕਿਲ੍ਹੇ ਦੇ ਸਾਰੇ ਸਿਪਾਹੀ ਅਤੇ ਹੋਰ ਮੁਲਾਜ਼ਮ ਸ਼ਰਾਬ ਦੇ ਨਸ਼ੇ ਵਿਚ ਅਤੇ ਨੀਂਦ ਵਿਚ ਊਂਘਦੇ-ਝੂਲਦੇ ਉੱਠੇ। ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ ਕੀ ਹੋਇਆ ਹੈ। ਕੁਝ ਸਿਪਾਹੀ ਹਾਕਮ ਮਿਰਜ਼ਾ ਯਾਕੂਬ ਬੇਗ਼ ਖ਼ਾਨ ਦੇ ਮਹਿਲਾਂ ਵੱਲ ਭੱਜੇ ਕਿ ਮਿਰਜ਼ਾ ਸਾਹਿਬ ਨੂੰ ਪੁੱਛੀਏ ਕਿ ਹੁਣ ਅੱਗੇ ਕੀ ਕਰਨਾ ਹੈ ? ਸਿਪਾਹੀ ਮਹਿਲਾਂ ਦੀਆਂ ਪੌੜੀਆਂ ਚੜ੍ਹੇ। ਅੱਗੇ ਕੀ ਵੇਖਦੇ ਹਨ ਕਿ ਛੇ ਸਿਪਾਹੀਆਂ ਦੀਆਂ ਲਾਸ਼ਾਂ ਪਈਆਂ ਹਨ। ਅੱਗੇ ਹੋਰ ਵੇਖਿਆ ਕਿ ਬੂਹਾ ਟੁੱਟਾ-ਭੱਜਾ ਪਿਆ ਹੈ। ਅੰਦਰ ਮਿਰਜ਼ਾ ਯਾਕੂਬ ਬੇਗ਼ ਖ਼ਾਨ ਦੀ ਲਾਸ਼ ਦੇ ਸਿਰ ਅਤੇ ਧੜ ਦੋ ਟੋਟੇ ਹੋਏ ਪਏ ਹਨ। ਮਿਰਜ਼ੇ ਦਾ ਸਿਰ ਅੱਡ ਅਤੇ ਧੜ

ਅੱਡ ਹੈ। ਬੈਠਕ ਦਾ ਫ਼ਰਸ਼ ਮਿਰਜ਼ੇ ਦੇ ਖ਼ੂਨ ਨਾਲ ਰੰਗਿਆ ਪਿਆ ਹੈ।

ਇਕ ਸਿਪਾਹੀ ਨੇ ਦੂਜੇ ਨੂੰ ਪੁੱਛਿਆ, "ਮੁਹੰਮਦ ਦੀਨਾ, ਇਹ ਕੀ ਹੋਇਆ ? ਉਹ ਕਿਧਰ ਗਈ ?"

ਕਰਮਦੀਨ, "ਹੁਸਨ ਦੀ ਪਰੀ ?"

ਮੁਹੰਮਦ ਦੀਨ, "ਹਾਂ, ਰਜ਼ੀਆ। ਜਿਸ ਦੀ ਖ਼ੁਸ਼ੀ ਵਿਚ ਹਾਕਮ ਸਾਹਿਬ ਨੇ ਜਸ਼ਨ ਮਨਾਏ ਸੀ।"

ਕਰਮਦੀਨ, "ਬੁੱਧੂਆ, ਅਜੇ ਵੀ ਨਹੀਂ ਸਮਝਿਆ। ਸਿੰਘ ਪਹਿਰੇਦਾਰਾਂ ਨੂੰ ਮਾਰ ਕੇ ਹੁਸਨ ਦੀ ਪਰੀ ਰਜ਼ੀਆ ਨੂੰ ਛੁਡਾ ਕੇ ਲੈ ਗਏ। ਨਾਲੇ ਆਹ ਮਿਰਜ਼ਾ ਸਾਹਿਬ ਪਾਰ ਬੁਲਾ ਗਏ।"

ਮੁਹੰਮਦ ਦੀਨ, "ਹੁਣ ਕੀ ਕੀਤਾ ਜਾਵੇ ? ਸਿੰਘ ਤਾਂ ਦੂਰ ਨਿਕਲ ਗਏ ਹੋਣਗੇ। ਕੀ ਪਤਾ ਉਹ ਕਿਧਰ ਨੂੰ ਕਿਸ ਪਾਸੇ ਵੱਲ ਗਏ।"

ਕਰਮਦੀਨ, "ਜਿਹੜੇ ਪੱਟੀ ਦੇ ਕਿਲ੍ਹੇ ਅੰਦਰ ਹਾਕਮ ਮਿਰਜ਼ਾ ਯਾਕੂਬ ਬੇਗ਼ ਖ਼ਾਨ ਅਤੇ ਪਹਿਰੇਦਾਰ ਸਿਪਾਹੀਆਂ ਨੂੰ ਮਾਰ ਕੇ ਸਾਫ਼ ਬਚ ਕੇ ਨਿਕਲ ਸਕਦੇ ਹਨ, ਉਹ ਸਿੰਘ ਆਪਣੇ ਤੋਂ ਬਾਹਰ ਕਦੋਂ ਕਾਬੂ ਆਉਣਗੇ।"

"ਹੁਣ ਮਚਲੇ ਹੋ ਕੇ ਰਾਤ ਲੰਘਾਊ, ਦਿਨੇ ਜੋ ਹੋਊ, ਵੇਖੀ ਜਾਵੇਗੀ।"

ਜਦੋਂ ਬੇਗਮਾਂ ਨੂੰ ਮਿਰਜ਼ਾ ਯਾਕੂਬ ਬੇਗ਼ ਖ਼ਾਨ ਦੇ ਕਤਲ ਦਾ ਪਤਾ ਲੱਗਿਆ ਤਾਂ ਪੱਟੀ ਦੇ ਕਿਲ੍ਹੇ ਦੇ ਮਹਿਲਾਂ ਵਿਚ ਰੋਣਾ-ਪਿੱਟਣਾ ਪੈ ਗਿਆ। ਹੁਣ ਕਿਸੇ ਨੂੰ ਕੁਝ ਨਹੀਂ ਸੀ ਸੁਝਦਾ ਕਿ ਕੀ ਕੀਤਾ ਜਾਵੇ। ਸਿੰਘ ਕਿਥੋਂ ਆਏ, ਕਿਧਰ ਗਏ ? ਇਸ ਬਾਰੇ ਕੋਈ ਨਹੀਂ ਸੀ ਜਾਣਦਾ।

ਨੂਰਦੀਨ ਦੀ ਸਰਾਂ ਪਾਸ ਜੰਗਲ ਵਿਚ ਪਹੁੰਚ ਕੇ ਸਿੰਘਾਂ ਨੇ ਲੰਗਰ ਤਿਆਰ ਕੀਤਾ। ਸਿੰਘਾਂ ਨੇ ਲੰਗਰ ਛਕਿਆ ਅਤੇ ਆਰਾਮ ਕੀਤਾ।

ਜਥੇਦਾਰ ਮਹਿਤਾਬ ਸਿੰਘ, "ਭਾਈ ਤਾਰੂ ਸਿੰਘ ਜੀ, ਜੇ ਰਹੀਮ ਬਖ਼ਸ਼ ਤੇ ਬੀਬੀ ਰਜ਼ੀਆ ਨੂੰ ਪੱਟੀ ਭੇਜਿਆ ਤਾਂ ਇਹਨਾਂ ਦੀ ਜਾਨ ਨੂੰ ਖ਼ਤਰਾ ਹੈ। ਰਹੀਮ ਬਖ਼ਸ਼ ਤੇ ਬੀਬੀ ਰਜ਼ੀਆ ਨੂੰ ਇਹਨਾਂ ਦੇ ਕਿਸੇ ਰਿਸ਼ਤੇਦਾਰ ਪਾਸ ਭੇਜ ਦਿੱਤਾ ਜਾਵੇ।"

ਰਹੀਮ ਬਖ਼ਸ਼, "ਖ਼ਾਲਸਾ ਜੀ, ਸਾਨੂੰ ਆਪਣੇ ਨਾਲ ਪੱਕੇ ਤੌਰ 'ਤੇ ਰਲਾ ਲਉ। ਅਸੀਂ ਨਹੀਂ ਜੇ ਹੁਣ ਕਿਤੇ ਵੀ ਜਾਣਾ। ਮੈਂ ਤੇ ਮੇਰੀ ਬੇਟੀ ਤੁਹਾਡੇ ਨਾਲ ਹੀ ਰਹਾਂਗੇ। ਕਿਉਂ ਬੇਟੀ ਰਜ਼ੀਆ, ਠੀਕ ਹੈ ਨਾ ?"

"ਹਾਂ ਠੀਕ ਹੈ ਅੱਬਾ ਜੀ, ਅਸੀਂ ਹੁਣ ਸਿੱਖ ਬਣ ਕੇ ਇਹਨਾਂ ਸਿੰਘਾਂ ਦੇ ਨਾਲ ਹੀ ਰਹਾਂਗੇ।"

ਜਥੇਦਾਰ ਮਹਿਤਾਬ ਸਿੰਘ, 'ਬੇਟੀ ਰਜ਼ੀਆ, ਤੁਹਾਨੂੰ ਕਿਸ ਰਿਸ਼ਤੇਦਾਰ ਪਾਸ ਪਹੁੰਚਾਇਆ ਜਾਵੇ ? ਤੇਰੇ ਪਿਤਾ ਜੀ ਉਥੇ ਕੋਈ ਕੰਮ-ਧੰਦਾ ਕਰ ਲੈਣਗੇ। ਸਿੰਘ

ਤੁਹਾਡੀ ਹਰ ਤਰ੍ਹਾਂ ਮਦਦ ਕਰਨਗੇ।"

ਰਹੀਮ ਬਖ਼ਸ਼, "ਜਥੇਦਾਰ ਜੀ, ਅਸੀਂ ਨਹੀਂ ਜੇ ਹੁਣ ਕਿਤੇ ਵੀ ਜਾਣਾ। ਸਾਨੂੰ ਅੰਮ੍ਰਿਤ ਛਕਾ ਕੇ ਸਿੰਘ ਬਣਾ ਲਉ। ਅਸੀਂ ਆਪਣੇ ਹਿਰਦੇ ਵਿਚ ਸਿੱਖੀ ਦਾ ਜਜ਼ਬਾ ਵਸਾ ਚੁੱਕੇ ਹਾਂ। ਅੰਮ੍ਰਿਤ ਛਕਾ ਕੇ ਸਿੱਖੀ ਸਰੂਪ ਦੀ ਪੱਕੀ ਮੋਹਰ ਲਾ ਦਿਉ। ਬੱਸ ਸਾਡੀ ਇਹੋ ਇੱਛਾ ਹੈ।"

ਜਥੇਦਾਰ ਮਹਿਤਾਬ ਸਿੰਘ, "ਰਹੀਮ ਬਖ਼ਸ਼, ਅਸੀਂ ਕਿਸੇ ਤੋਂ ਇਹ ਨਹੀਂ ਸੁਣਨਾ ਚਾਹੁੰਦੇ ਕਿ ਸਿੱਖ ਧੱਕੇ ਨਾਲ ਅੰਮ੍ਰਿਤ ਛਕਾ ਕੇ ਸਿੰਘ ਸਜਾਉਂਦੇ ਹਨ। ਆਪਣੀ ਖ਼ੁਸ਼ੀ ਨਾਲ ਕੋਈ ਵੀ ਕਿਸੇ ਵੀ ਧਰਮ ਦਾ ਪ੍ਰਾਣੀ ਅੰਮ੍ਰਿਤ ਛਕ ਕੇ ਸਿੰਘ ਸਜ ਸਕਦਾ ਹੈ। ਸ੍ਵੈ-ਇੱਛਾ ਨਾਲ ਆਪਣੀ ਮਰਜ਼ੀ ਨਾਲ ਅੰਮ੍ਰਿਤ ਛਕਣ ਦੇ ਚਾਹਵਾਨ ਨੂੰ ਅੰਮ੍ਰਿਤ ਛਕਾ ਦਿੱਤਾ ਜਾਂਦਾ ਹੈ। ਸਿੰਘ ਸਜਣਾ, ਸਿੰਘਾਂ ਨਾਲ ਰਹਿਣਾ ਤੇ ਸਿੱਖੀ ਦਾ ਪੈਂਡਾ ਬਹੁਤ ਬਿਖੜਾ ਹੈ। ਪਤਾ ਨਹੀਂ ਕਦੋਂ ਜ਼ਾਲਮ ਹਕੂਮਤ ਦੇ ਜ਼ੁਲਮ ਵਿਰੁੱਧ ਜੂਝਦਿਆਂ ਸ਼ਹੀਦੀ ਪ੍ਰਾਪਤ ਕਰਨੀ ਪੈ ਜਾਵੇ। ਸਿੱਖੀ ਵਿਚ ਪਰਪੱਕ ਸਿੰਘ ਅਕਾਲ ਪੁਰਖ ਵਾਹਿਗੁਰੂ ਦੇ ਆਸਰੇ ਅਤੇ ਤਲਵਾਰ ਦੇ ਆਸਰੇ ਜਿਉਂਦੇ ਹਨ।"

ਰਜ਼ੀਆ, "ਪਿਤਾ ਜੀ (ਸ. ਮਹਿਤਾਬ ਸਿੰਘ ਨੂੰ), ਸਾਨੂੰ ਹੁਣ ਸਿੱਖਾਂ ਤੋਂ ਦੂਰ ਨਾ ਕਰੋ। ਅਸੀਂ ਆਪਣੇ ਇਸਲਾਮੀ ਮੁਸਲਮ ਭਾਈਚਾਰੇ ਵਿਚ ਆਜ਼ਾਦੀ ਨਾਲ ਨਹੀਂ ਵਿਚਰ ਸਕਦੇ। ਜਿਸ ਧਰਮ ਦੇ ਰਾਖੇ, ਹਾਕਮ, ਪਰਜਾ ਦੇ ਰਾਖੇ ਪਰਜਾ ਉੱਤੇ, ਆਪਣੇ ਹੀ ਭਾਈਚਾਰੇ ਉੱਤੇ ਜ਼ੁਲਮ ਕਰਨ, ਆਪਣੇ ਹੀ ਧਰਮ ਦੀਆਂ ਬਹੂ-ਬੇਟੀਆਂ ਦੀ ਪੱਤ ਲੁੱਟਣ ਲੱਗ ਪੈਣ, ਜ਼ੁਲਮ ਕਰਨ, ਇਹੋ ਜਿਹੇ ਧਰਮ ਵਿਚ ਰਹਿਣ ਤੋਂ ਕੀ ਥੁੜਿਆ ਹੈ। ਇਹ ਹਾਕਮ ਧਰਮ ਦੇ ਦੁਸ਼ਮਣ ਹਨ। ਧਰਮ ਦੀ ਬੇਅਦਬੀ ਕਰ ਰਹੇ ਹਨ। ਪਿਤਾ ਜੀ, ਅਸੀਂ ਸੁਣਦੇ ਹੁੰਦੇ ਸੀ ਪਰ ਆਪਣੀ ਮੁਸੀਬਤ ਵਿਚ ਵਾਕਿਆ ਹੀ ਅੱਖੀਂ ਵੇਖ ਲਿਆ ਹੈ ਕਿ ਮਾਸੂਮਾਂ, ਅਨਾਥਾਂ, ਗ਼ਰੀਬਾਂ, ਮਜ਼ਲੂਮਾਂ ਦੀ ਰੱਖਿਆ ਕਰਨ ਵਾਲਾ ਅਤੇ ਛੂਤ-ਛਾਤ, ਭਰਮ-ਭੇਦਾਂ ਤੋਂ ਨਿਰਲੇਪ ਰਹਿਣ ਵਾਲਾ ਸਿੱਖ ਧਰਮ ਹੈ ਜਿਹੜਾ ਹੱਕ-ਸੱਚ ਤੇ ਸ੍ਵੈਮਾਨ, ਆਜ਼ਾਦੀ, ਸਰਬ ਸਾਂਝੀਵਾਲਤਾ ਦਾ ਸੰਦੇਸ਼ ਤੇ ਉਪਦੇਸ਼ ਦਿੰਦਾ ਹੈ।"

"ਜਥੇਦਾਰ ਜੀ, ਸਾਨੂੰ ਅੰਮ੍ਰਿਤ ਛਕਾ ਦਿੱਤਾ ਜਾਵੇ। ਅੱਬਾ ਜੀ ਤੇ ਮੈਂ ਆਪਣੀ ਖ਼ੁਸ਼ੀ ਨਾਲ ਅੰਮ੍ਰਿਤ ਛਕਣਾ ਚਾਹੁੰਦੇ ਹਾਂ।"

ਭਾਈ ਸੁੱਖਾ ਸਿੰਘ, "ਜਥੇਦਾਰ ਮਹਿਤਾਬ ਸਿੰਘ ਜੀ, ਸਾਨੂੰ ਰਹੀਮ ਬਖ਼ਸ਼ ਅਤੇ ਬੀਬੀ ਰਜ਼ੀਆ ਦੀਆਂ ਭਾਵਨਾਵਾਂ ਦੀ ਕਦਰ ਹੈ। ਜੇ ਇਹ ਸ੍ਵੈ-ਇੱਛਾ ਨਾਲ ਅੰਮ੍ਰਿਤ ਛਕ ਕੇ ਸਿੰਘਾਂ ਨਾਲ ਰਹਿਣਾ ਚਾਹੁੰਦੇ ਹਨ ਤਾਂ ਆਪਾਂ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਜੋ ਸਰਨ ਆਵੈ ਤਿਸ ਕੰਠ ਲਾਵੈ.....।"

ਜਥੇਦਾਰ ਮਹਿਤਾਬ ਸਿੰਘ, "ਭਾਈ ਸੁੱਖਾ ਸਿੰਘ ਜੀ, ਤੁਸੀਂ ਅੰਮ੍ਰਿਤ ਦੇ ਬਾਟੇ

ਦਾ ਪ੍ਰਬੰਧ ਕਰੋ।"

"ਸਤਿ ਬਚਨ ਜੀ", ਭਾਈ ਸੁੱਖਾ ਸਿੰਘ ਜੀ ਨੇ ਕਿਹਾ।

ਭਾਈ ਸੁੱਖਾ ਸਿੰਘ ਜੀ ਨੇ ਪੰਜ ਸਿੰਘਾਂ (ਪਿਆਰਿਆਂ) ਤੋਂ ਗੁਰਮਤਿ ਰਹਿਤ ਮਰਿਆਦਾ ਅਨੁਸਾਰ ਅੰਮ੍ਰਿਤ ਦਾ ਬਾਟਾ ਤਿਆਰ ਕਰਵਾਇਆ। ਪਹਿਲਾਂ ਵੀ ਦਸ ਆਦਮੀ ਜ਼ੁਲਮ ਦੇ ਸਤਾਏ ਹੋਏ, ਖ਼ਾਲਸਾ ਪੰਥ ਵਿਚ ਰਲਣ ਲਈ ਅੰਮ੍ਰਿਤ ਛਕ ਕੇ ਸਿੰਘ ਸਜਣ ਲਈ ਕਾਹਲੇ ਪਏ ਹੋਏ ਸਨ। ਪੰਜਾਂ ਪਿਆਰਿਆਂ ਨੇ ਬਾਟਾ ਤਿਆਰ ਕੀਤਾ। ਸਾਰੇ ਅੰਮ੍ਰਿਤ ਛਕਣ ਵਾਲਿਆਂ ਨੂੰ ਸਿੱਖੀ ਦੇ ਗੁਣਾਂ ਦੀ ਰਹਿਤ ਤੋਂ ਜਾਣੂ ਕਰਵਾਇਆ ਗਿਆ।

ਪੰਜਾਂ ਪਿਆਰਿਆਂ ਨੇ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਖ਼ਾਲਸਈ ਬਾਣਾ ਪਵਾਇਆ। ਗਲ ਚੋਲੇ, ਸਿਰ ਉੱਤੇ ਦਸਤਾਰ, ਕੇਸਾਂ ਵਿਚ ਕੰਘਾ, ਤੇੜ ਗੋਡਿਆਂ ਤਕ ਕਛਹਿਰਾ, ਗੁੱਟ ਕੜੇ, ਲੱਕ ਨਾਲ ਕਮਰਕੱਸੇ ਪਹਿਨੇ ਗਏ। ਗਲ ਗਾਤਰੇ ਕਿਰਪਾਨਾਂ, ਕੇਸਾਂ ਦੀ ਸੰਭਾਲ ਲਈ ਕੰਘੇ, ਸਿੱਖੀ ਸਰੂਪ ਦੀਆਂ ਅਲੌਕਿਕ ਵਸਤਾਂ ਵਿਚ ਖ਼ਾਲਸਈ ਬਾਣੇ ਵਿਚ ਸਜੇ ਸਿੰਘ-ਸਿੰਘਣੀਆਂ ਘਣੇ ਅਨੰਦ ਵਿਚ ਅਕਾਲ ਪੁਰਖ ਵਾਹਿਗੁਰੂ ਦਾ ਸ਼ੁਕਰ ਕਰਦੇ ਹੋਏ ਖ਼ੁਸ਼-ਖ਼ੁਸ਼ ਨਜ਼ਰ ਆ ਰਹੇ ਸਨ।

ਜਿਨ੍ਹਾਂ ਪ੍ਰਾਣੀਆਂ ਅੰਮ੍ਰਿਤ ਛਕਿਆ, ਪੰਜਾਂ ਪਿਆਰਿਆਂ ਨੇ ਉਹਨਾਂ ਸਾਰਿਆਂ ਮਰਦਾਂ ਦੇ ਨਾਂ ਸਿੰਘ ਅਤੇ ਬੀਬੀਆਂ ਦੇ ਨਾਂ ਕੌਰ ਨਾਲ ਲਿਖ ਦਿੱਤੇ। ਰਹੀਮ ਬਖ਼ਸ਼ ਮਾਛੀ ਦਾ ਨਾਂ ਅੰਮ੍ਰਿਤ ਛਕਣ ਉਪਰੰਤ ਰਣਯੋਧ ਸਿੰਘ ਰੱਖਿਆ ਗਿਆ ਤੇ ਉਸ ਦੀ ਪੁੱਤਰੀ ਬੀਬੀ ਰਜ਼ੀਆ ਦਾ ਨਾਂ ਰਾਜਬੀਰ ਕੌਰ ਰੱਖਿਆ ਗਿਆ।

ਅੰਮ੍ਰਿਤ ਛਕਣ ਤੋਂ ਬਾਅਦ ਸਾਰੀ ਉਮਰ ਰਣਯੋਧ ਸਿੰਘ ਤੇ ਉਸ ਦੀ ਪੁੱਤਰੀ ਰਾਜਬੀਰ ਕੌਰ ਖ਼ਾਲਸਾ ਪੰਥ ਦੀਆਂ ਖਾੜਕੂ ਕਾਰਵਾਈਆਂ, ਖਾੜਕੂ ਮੁਹਿੰਮਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੇ ਰਹੇ ਤੇ ਖ਼ਾਲਸਾ ਪੰਥ ਦੀ ਸੇਵਾ ਕਰਦੇ ਰਹੇ।

ਰਣਯੋਧ ਸਿੰਘ ਤੇ ਉਸ ਦੀ ਪੁੱਤਰੀ ਬੀਬੀ ਰਾਜਬੀਰ ਕੌਰ ਖ਼ਾਲਸੇ ਦੀਆਂ ਜੰਗੀ ਮੁਹਿੰਮਾਂ ਵਿਚ ਸਿੰਘਾਂ ਦੇ ਨਾਲ ਮੋਹਰੀ ਹੋ ਕੇ ਮੁਸੀਬਤਾਂ ਤੇ ਜ਼ਾਲਮ ਹਾਕਮਾਂ ਨਾਲ ਟੱਕਰ ਲੈਂਦੇ ਰਹੇ। ਉਹਨਾਂ ਜ਼ਾਲਮ ਹਕੂਮਤ ਦੇ ਜ਼ੁਲਮਾਂ ਵਿਰੁੱਧ ਲੜਦੇ ਹੋਏ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਮੈਦਾਨੇ-ਜੰਗ ਵਿਚ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਕਾਂਡ 21

ਪਾਪੀ ਕੇ ਮਾਰਨੇ ਕੋ ਪਾਪ ਮਹਾਂਬਲੀ ਹੈ।

ਬੰਦਾ ਤਾਕਤ ਪਾ ਕੇ ਹੰਕਾਰ ਨਾਲ ਭਰ ਜਾਂਦਾ ਹੈ। ਜਿਸ ਪਰਮਾਤਮਾ ਨੇ ਤਾਕਤ ਬਖ਼ਸ਼ੀ ਹੈ, ਉਸ ਨੂੰ ਭੁੱਲ ਜਾਂਦਾ ਹੈ। ਪਰਮਾਤਮਾ ਦੀ ਸਾਰੀ ਖ਼ਲਕਤ ਨੂੰ ਦੁੱਖ ਦੇਂਦਾ ਹੈ। ਪਰਮਾਤਮਾ ਵੱਲੋਂ ਬੇਮੁੱਖ ਹੋ ਕੇ ਪਰਜਾ ਉੱਤੇ ਜ਼ੁਲਮ ਕਰਦਾ ਹੈ, ਨਿਆਂ, ਇਨਸਾਫ਼ ਕਰਨ ਦੇ ਅਸੂਲ ਭੁੱਲ ਜਾਂਦਾ ਹੈ।

ਗੁਰਬਾਣੀ ਦਾ ਫ਼ੁਰਮਾਨ ਹੈ :

ਮਾਇਆਧਾਰੀ ਅਤਿ ਅੰਨਾ ਬੋਲਾ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ॥

(ਆਦਿ ਗ੍ਰੰਥ, ਅੰਗ ੩੧੩)

ਤਾਕਤ ਦੇ ਨਸ਼ੇ ਵਿਚ ਕਿਸੇ ਨਿਰਦੋਸ਼ ਦੀ ਚੀਕ-ਪੁਕਾਰ ਨਹੀਂ ਸੁਣਦਾ। ਨਾ ਹੀ ਉਸ ਨੂੰ ਆਪਣੇ ਵੱਲੋਂ ਪਰਜਾ ਨਾਲ ਕੀਤੀ ਜਾ ਰਹੀ ਬੇਇਨਸਾਫ਼ੀ ਕਾਰਨ ਦੁਖੀ ਪਰਜਾ ਦਿੱਸਦੀ ਹੈ। ਉਹ ਹਕੂਮਤ ਦੇ ਨਸ਼ੇ ਵਿਚ ਅੰਨ੍ਹਾ-ਬੋਲਾ ਹੋਇਆ, ਗਰੀਬ ਪਰਜਾ, ਮਾਸੂਮਾਂ, ਨਿਰਦੋਸ਼ਾਂ ਉੱਤੇ ਜ਼ੁਲਮ ਕਰਦਾ ਹੈ।

ਇਹੋ ਹਾਲ ਸੰਨ 1726 ਤੋਂ ਲੈ ਕੇ ਸੰਨ 1745 ਤਕ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਦਾ ਰਿਹਾ। ਇਹਨਾਂ ਦਿਨਾਂ ਵਿਚ ਲਾਹੌਰ ਦਰਬਾਰ ਦੇ ਚੌਧਰੀ ਚੁਗਲ, ਮੁਖ਼ਬਰ, ਕਾਜ਼ੀ, ਮੁਲਾਣੇ, ਫ਼ੌਜਾਂ ਆਦਿ ਸਾਰਾ ਜ਼ੋਰ ਲਾ ਕੇ ਵੀ ਸਿੱਖਾਂ ਨੂੰ ਖ਼ਤਮ ਨਾ ਕਰ ਸਕੇ। ਸਿੱਖਾਂ ਨੇ ਹਲੀਮੀ ਸਿੱਖ ਰਾਜ ਦੀ ਸਥਾਪਨਾ ਲਈ ਸਿੱਖ ਸੰਘਰਸ਼ ਜਾਰੀ ਰੱਖਿਆ। ਹਲੀਮੀ ਸਿੱਖ ਰਾਜ ਦੀ ਸਥਾਪਨਾ, ਜਿਸ ਵਿਚ ਹਰ ਇਕ ਨੂੰ ਆਪਣੇ ਧਰਮ ਅਨੁਸਾਰ ਚੱਲਣ ਦੀ ਖੁੱਲ੍ਹ ਹੋਵੇ, ਆਪਣੇ ਧਰਮ, ਸ੍ਵੈਮਾਣ ਨਾਲ ਜਿਊਣ ਦਾ ਹੱਕ ਹੋਵੇ, ਜਿਸ ਵਿਚ ਕੋਈ ਕਿਸੇ ਦਾ ਹੱਕ ਨਾ ਖੋਹੇ। ਅਜਿਹੇ ਰਾਜ ਦੀ ਸਥਾਪਨਾ ਲਈ ਹਕੂਮਤ ਦੇ ਬੜੇ-ਬੜੇ ਜਬਰ-ਜ਼ੁਲਮ ਝੱਲੇ, ਭੁੱਖਾਂ-ਤ੍ਰੇਹਾਂ ਕੱਟੀਆਂ, ਘਰ-ਬਾਰ ਛੱਡ ਕੇ ਜੰਗਲ-ਬੇਲਿਆਂ, ਪ੍ਰਦੇਸਾਂ ਵਿਚ ਰਹੇ। ਮੁਗ਼ਲ ਹਕੂਮਤ ਦੀਆਂ ਜੜ੍ਹਾਂ ਪੁੱਟਣ ਲਈ ਬੇਇਨਸਾਫ਼ੀਆਂ ਤੇ ਜ਼ੁਲਮਾਂ ਵਿਰੁੱਧ ਜੂਝਦਿਆਂ ਹੋਇਆਂ ਕੁਰਬਾਨੀਆਂ ਕੀਤੀਆਂ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਸਿੰਘਾਂ ਨੇ ਸਿੱਖ ਸੰਘਰਸ਼ ਜਾਰੀ ਰੱਖਿਆ। ਕਈ ਵਾਰ ਸਿੱਖਾਂ ਨੂੰ

ਜੰਗਲ-ਬੇਲਿਆਂ, ਪ੍ਰਦੇਸਾਂ ਨੂੰ ਜਾਣਾ ਪਿਆ। ਸਿੰਘਾਂ ਨੇ ਜ਼ਕਰੀਆ ਖ਼ਾਨ ਦੇ ਅੱਗੇ ਸਿਰ ਨਹੀਂ ਝੁਕਾਇਆ। ਜੇ ਸਿੰਘਾਂ ਨੂੰ ਪ੍ਰਦੇਸਾਂ ਵਿਚ ਜਾਣਾ ਪਿਆ ਤਾਂ ਵੀ ਤਾਕਤ ਵਧਾ ਕੇ ਜਥੇਬੰਦ ਹੋ ਕੇ ਫਿਰ ਲਾਹੌਰ ਸਰਕਾਰ ਦੇ ਇਲਾਕੇ ਵਿਚ ਆ ਕੇ ਭਾਦਰੋਂ ਮਹੀਨੇ ਦੇ ਬੱਦਲਾਂ ਵਾਂਗ ਘੁੰਮਦੇ ਹੋਏ ਸਿੱਖਾਂ 'ਤੇ ਜ਼ੁਲਮ ਕਰਨ ਵਾਲੇ ਵੈਰੀਆਂ, ਚੁਗਲਾਂ, ਚੌਧਰੀਆਂ, ਫ਼ੌਜਦਾਰਾਂ ਦੀ ਸੋਧ-ਸੁਧਾਈ ਕਰਦੇ, ਰਾਜਧਾਨੀ ਲਾਹੌਰ ਸ਼ਹਿਰ ਦੇ ਬਜ਼ਾਰਾਂ ਵਿਚ ਆ ਦਰਸ਼ਨ ਦਿੰਦੇ। ਜਿਹੜੇ ਲੋਕ ਕਹਿੰਦੇ ਸਨ ਕਿ ਸਿੱਖ ਖ਼ਤਮ ਹੋ ਗਏ ਹਨ, ਉਹਨਾਂ ਨੂੰ ਉਦੋਂ ਪਤਾ ਲੱਗਦਾ ਜਦੋਂ ਸਿੰਘ ਲਾਹੌਰ ਸ਼ਹਿਰ ਦੇ ਬਜ਼ਾਰਾਂ ਵਿਚ ਕਤਲੋ-ਗ਼ਾਰਤ ਕਰ ਕੇ, ਲੁੱਟ-ਮਾਰ ਕਰ ਕੇ ਆਪਣੀ ਹੋਂਦ ਤੇ ਤਾਕਤ ਦਾ ਪ੍ਰਗਟਾਵਾ ਕਰ ਜਾਂਦੇ ਕਿ ਸਿੰਘ ਅਜੇ ਜਿਉਂਦੇ ਹਨ, ਕਿਸੇ ਹਕੂਮਤ ਦੇ ਮੁਕਾਇਆਂ ਨਹੀਂ ਮੁੱਕ ਸਕਦੇ।

ਸੰਨ 1745 ਵਿਚ ਸਿੰਘਾਂ ਦੀਆਂ ਖਾੜਕੂ ਸਰਗਰਮੀਆਂ ਵਧ ਗਈਆਂ। ਸਿੰਘਾਂ ਨੇ ਬੜੇ-ਬੜੇ ਨਾਮੀ ਮੁਖ਼ਬਰਾਂ, ਚੁਗਲਾਂ, ਚੌਧਰੀਆਂ, ਫ਼ੌਜਦਾਰਾਂ ਦੀ ਜੰਗੀ ਪੱਧਰ 'ਤੇ ਸੁਧਾਈ ਕੀਤੀ। ਸਿੰਘਾਂ ਨੇ ਲਾਹੌਰ ਅਤੇ ਪੱਟੀ ਵਰਗੇ ਰਾਜਧਾਨੀ ਸ਼ਹਿਰਾਂ ਵਿਚ ਸਫਲ ਦਲੇਰਾਨਾ ਖਾੜਕੂ ਹਮਲੇ ਕੀਤੇ। ਜ਼ਕਰੀਆ ਖ਼ਾਨ ਨੇ ਸਿੰਘਾਂ ਦੀਆਂ ਸਰਗਰਮੀਆਂ ਨੂੰ ਮੱਦੇ-ਨਜ਼ਰ ਰੱਖ ਕੇ ਚੌਧਰੀਆਂ, ਜਾਗੀਰਦਾਰਾਂ ਦੀ ਲਾਹੌਰ ਦੇ ਕਿਲ੍ਹੇ ਅੰਦਰ ਬੈਠਕ (ਮੀਟਿੰਗ) ਬੁਲਾਈ, ਜਿਸ ਵਿਚ ਸਿੰਘਾਂ ਦੀ ਵਧ ਰਹੀ ਤਾਕਤ ਬਾਰੇ ਵਿਚਾਰਾਂ ਕੀਤੀਆਂ ਗਈਆਂ।

ਸਿੰਘਾਂ ਨੂੰ ਖ਼ਤਮ ਕਰਨ ਲਈ, ਸਿੰਘਾਂ ਦੀ ਮੁਖ਼ਬਰੀ ਕਰਨ ਵਾਲੇ ਚੁਗਲਾਂ ਦੇ ਮੁਖੀ ਜੰਡਿਆਲਾ ਗੁਰੂ ਦੇ ਦੋ ਹਿੰਦੂ ਭਰਾ ਮਹੰਤ ਆਕਲ ਦਾਸ ਅਤੇ ਹਰਭਗਤ ਨਿਰੰਜਨੀ ਵੀ ਮੌਜੂਦ ਸਨ। ਇਹ ਦੋਵੇਂ ਹਿੰਦੂ ਸਿੱਖਾਂ ਦੇ ਪੱਕੇ ਵੈਰੀ ਸਨ। ਹਰਭਗਤ ਨਿਰੰਜਨੀ ਨੇ ਮਾਝੇ ਦੇ ਇਲਾਕੇ ਵਿਚ ਹਰ ਪਿੰਡ ਵਿਚ ਤਨਖ਼ਾਹ 'ਤੇ ਸੂਹੀਏ ਰੱਖੇ ਹੋਏ ਸਨ।

ਜ਼ਕਰੀਆ ਖ਼ਾਨ, "ਚੌਧਰੀ ਹਰਭਗਤ, ਤੁਸੀਂ ਤਾਂ ਕਹਿੰਦੇ ਸੀ ਕਿ ਸਿੱਖ ਖ਼ਤਮ ਹੋ ਗਏ। ਜੇ ਇਸੇ ਤਰ੍ਹਾਂ ਸਿੰਘਾਂ ਦੇ ਹਮਲੇ ਜਾਰੀ ਰਹੇ ਤਾਂ ਸਿੰਘਾਂ ਨੇ ਨਾ ਤਾਂ ਤੁਹਾਨੂੰ ਛੱਡਣਾ ਹੈ ਤੇ ਨਾ ਹੀ ਸਾਨੂੰ। ਸਿੰਘਾਂ ਬਾਰੇ ਕੋਈ ਪੱਕਾ ਬੰਦੋਬਸਤ ਕਰੀਏ।"

ਹਰਭਗਤ ਨਿਰੰਜਨੀ, "ਹਜ਼ੂਰ ਸਰਕਾਰ, ਜਿੰਨਾ ਚਿਰ ਮਹਿਤਾਬ ਸਿੰਘ ਮੀਰਾਂਕੋਟ ਨਹੀਂ ਫੜਿਆ ਜਾਂਦਾ, ਉਤਨਾ ਚਿਰ ਸਿੰਘਾਂ ਦੇ ਹਮਲੇ ਨਹੀਂ ਰੁਕ ਸਕਦੇ। ਸਿੰਘਾਂ ਦੀ ਮਦਦ ਕਰਨ ਵਾਲਾ ਤਾਰੂ ਸਿੰਘ ਪੂਹਲੇ ਪਿੰਡ ਰਹਿੰਦਾ ਹੈ ਜਿਸ ਦਾ ਮਹਿਤਾਬ ਸਿੰਘ ਭੰਗੂ, ਮੀਰਾਂਕੋਟ ਨਾਲ ਬੜਾ ਗੂੜ੍ਹਾ ਯਾਰਾਨਾ ਹੈ। ਤਾਰੂ ਸਿੰਘ ਬਾਗ਼ੀ ਸਿੰਘਾਂ ਨੂੰ ਜੰਗਲ ਵਿਚ ਲੰਗਰ ਤੇ ਰਸਦਾਂ ਪਹੁੰਚਾਉਂਦਾ ਹੈ ਤੇ ਹਕੂਮਤ ਦੀਆਂ ਸਰਗਰਮੀਆਂ ਦੀਆਂ ਖ਼ਬਰਾਂ ਸਿੰਘਾਂ ਨੂੰ ਦੱਸਦਾ ਹੈ। ਜੇ ਤਾਰੂ ਸਿੰਘ ਪੂਹਲੇ ਪਿੰਡ ਵਾਲੇ ਨੂੰ ਫੜ ਲਿਆ ਜਾਵੇ ਤਾਂ ਮਾਝੇ ਵਿਚ ਅਮਨ ਹੋ ਸਕਦਾ ਹੈ।"

ਜ਼ਕਰੀਆ ਖ਼ਾਨ, "ਚੌਧਰੀ, ਅੱਜ ਹੀ ਤਾਰੂ ਸਿੰਘ ਨੂੰ ਫੜਨ ਵਾਸਤੇ ਫ਼ੌਜ ਲੈ ਜਾਓ ਤੇ ਬਾਗ਼ੀ ਸਿੰਘਾਂ ਦੀ ਮਦਦ ਕਰਨ ਵਾਲੇ ਤਾਰੂ ਸਿੰਘ ਨੂੰ ਮੇਰੀ ਕਚਹਿਰੀ ਵਿਚ ਮੇਰੇ ਸਾਹਮਣੇ ਪੇਸ਼ ਕਰੋ। ਮਹਿਤਾਬ ਸਿੰਘ ਦਾ ਪਿੱਛਾ ਕਰ ਕੇ ਉਸ ਨੂੰ ਵੀ ਕਾਬੂ ਕੀਤਾ ਜਾਵੇ ਤੇ ਮੇਰੇ ਸਾਹਮਣੇ ਪੇਸ਼ ਕੀਤਾ ਜਾਵੇ। ਤੈਨੂੰ ਮੂੰਹੋਂ ਮੰਗਿਆ ਇਨਾਮ ਦਿੱਤਾ ਜਾਵੇਗਾ।"

ਹਰਭਗਤ ਨਿਰੰਜਨੀ, "ਹਜ਼ੂਰ, ਸਰਕਾਰ ਦੇ ਹੁਕਮ ਦੀ ਪਾਲਣਾ ਕੀਤੀ ਜਾਵੇਗੀ।"

ਸੰਨ 1745 ਦੇ ਜੂਨ ਮਹੀਨੇ ਵਿਚ ਹਰਭਗਤ ਨਿਰੰਜਨੀ ਨੇ ਸੂਬੇਦਾਰ ਜ਼ਕਰੀਆ ਖ਼ਾਨ ਕੋਲ ਚੁਗਲੀ ਕੀਤੀ ਕਿ ਪੂਹਲੇ ਪਿੰਡ ਦੇ ਭਾਈ ਤਾਰੂ ਸਿੰਘ ਨੂੰ ਫੜ ਲਿਆ ਜਾਵੇ ਤਾਂ ਮਾਝੇ ਵਿਚ ਅਮਨ ਹੋ ਸਕਦਾ ਹੈ।

ਜ਼ਕਰੀਆ ਖ਼ਾਨ ਬਹਾਦਰ ਨੇ ਫ਼ੌਜਦਾਰ ਨੂੰ ਸੱਦ ਕੇ ਭਾਈ ਤਾਰੂ ਸਿੰਘ ਨੂੰ ਫੜਨ ਦਾ ਹੁਕਮ ਦੇ ਦਿੱਤਾ। ਫ਼ੌਜਦਾਰ 50 ਸਿਪਾਹੀ ਲੈ ਕੇ ਭਾਈ ਤਾਰੂ ਸਿੰਘ ਨੂੰ ਫੜਨ ਲਈ ਪਿੰਡ ਪੂਹਲੇ ਪਹੁੰਚ ਗਿਆ।

ਜਦੋਂ ਫ਼ੌਜ ਪੂਹਲੇ ਪਿੰਡ ਭਾਈ ਤਾਰੂ ਸਿੰਘ ਜੀ ਨੂੰ ਫੜਨ ਵਾਸਤੇ ਆਈ ਤਾਂ ਸੁਣ ਕੇ ਸਾਰੇ ਪਿੰਡ ਵਿਚ ਹਾਹਾਕਾਰ ਮੱਚ ਗਈ। ਭਾਈ ਤਾਰੂ ਸਿੰਘ ਦੀ ਗ੍ਰਿਫ਼ਤਾਰੀ ਬਾਰੇ ਸੁਣ ਕੇ ਸਾਰਾ ਪਿੰਡ ਰੋ ਰਿਹਾ ਸੀ। ਹਿੰਦੂ, ਸਿੱਖ, ਮੁਸਲਮਾਨ ਸਾਰੇ ਧਰਮਾਂ ਦੇ ਲੋਕ ਸੰਤ-ਸੁਭਾਅ ਭਾਈ ਤਾਰੂ ਸਿੰਘ ਦਾ ਸਤਿਕਾਰ ਕਰਦੇ ਸਨ। ਭਾਈ ਤਾਰੂ ਸਿੰਘ ਜੀ ਦੇ ਪਿਤਾ ਜੀ ਸਵਰਗਵਾਸ ਹੋ ਚੁੱਕੇ ਸਨ। ਬਿਰਧ ਮਾਤਾ ਅਤੇ ਇਕ ਭੈਣ ਤਾਰੋ ਸੀ। ਭਾਈ ਤਾਰੂ ਸਿੰਘ ਜੀ ਖੇਤੀ ਕਰਦੇ ਸਨ। ਮੱਝਾਂ-ਗਾਵਾਂ ਰੱਖੀਆਂ ਹੋਈਆਂ ਸਨ। ਇਸ ਧਰਮੀ ਸਿੱਖ ਦੀਆਂ ਮੱਝਾਂ-ਗਾਵਾਂ ਜੰਗਲ ਵਿਚੋਂ ਆਪੇ ਘਾਹ-ਪੱਠਾ ਚਰ ਕੇ ਸ਼ਾਮ ਨੂੰ ਘਰ ਆ ਜਾਂਦੀਆਂ ਸਨ। ਭਾਈ ਤਾਰੂ ਸਿੰਘ ਜੀ ਦੀ ਮਾਤਾ ਜੀ ਅਤੇ ਭੈਣ ਤਾਰੋ ਲੰਗਰ-ਰੋਟੀਆਂ ਪਕਾਉਂਦੀਆਂ, ਦਾਲ-ਸਬਜ਼ੀ ਤਿਆਰ ਕਰਦੀਆਂ ਸਿੱਖੀ ਦੀ ਸੇਵਾ ਵਿਚ ਲੱਗੀਆਂ ਰਹਿੰਦੀਆਂ ਸਨ। ਭਾਈ ਤਾਰੂ ਸਿੰਘ ਜੀ ਦੇ ਘਰੋਂ ਹਰ ਧਰਮ ਦਾ ਬੰਦਾ ਪ੍ਰਸ਼ਾਦਾ ਛਕ ਜਾਂਦਾ ਸੀ। ਭਾਈ ਤਾਰੂ ਸਿੰਘ ਜੀ ਪਿੰਡ ਦੇ ਲਾਗੇ ਜੰਗਲ-ਬੀੜ ਵਿਚ ਆਏ ਸਿੰਘਾਂ ਨੂੰ ਲੰਗਰ ਪਹੁੰਚਾਉਂਦੇ। ਸਿੰਘਾਂ ਦੀਆਂ ਹੋਰ ਲੋੜਾਂ, ਲੀੜਾ-ਕੱਪੜਾ ਤੇ ਬਸਤਰਾਂ ਆਦਿ ਦਾ ਪ੍ਰਬੰਧ ਵੀ ਕਰਦੇ ਸਨ। ਭਾਈ ਤਾਰੂ ਸਿੰਘ ਦੀ ਗ੍ਰਿਫ਼ਤਾਰੀ ਸੁਣ ਕੇ ਸਾਰਾ ਪਿੰਡ ਪ੍ਰੇਸ਼ਾਨ ਤੇ ਦੁਖੀ ਹੋਇਆ। ਭਾਈ ਤਾਰੂ ਸਿੰਘ ਜੀ ਅੰਮ੍ਰਿਤਧਾਰੀ, ਪੂਰਨ ਗੁਰਸਿੱਖ ਸਨ। ਚਿੱਟੇ ਕੱਪੜੇ ਪਹਿਨਦੇ ਸਨ। ਗਲ ਚਿੱਟਾ ਕੁੜਤਾ, ਤੇੜ ਚਿੱਟਾ ਕਛਹਿਰਾ, ਸਿਰ ਉੱਤੇ ਚਿੱਟੀ ਦਸਤਾਰ ਸਜਾਉਂਦੇ ਸਨ। ਸੇਵਾ ਦੀ ਮੂਰਤ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ, ਸੇਵਾ-ਸਿਮਰਨ ਦੇ ਸਾਰੇ ਗੁਣ ਭਾਈ ਤਾਰੂ ਸਿੰਘ ਜੀ ਵਿਚ ਮੌਜੂਦ ਸਨ। ਹਰਭਗਤ ਨਿਰੰਜਨੀ, ਦੁਸ਼ਟ ਚੁਗ਼ਲ ਨੇ ਭਾਈ ਤਾਰੂ ਸਿੰਘ

ਜੀ ਨੂੰ ਫੜਾ ਦਿੱਤਾ। ਸਾਰਾ ਪਿੰਡ ਰੋਇਆ, ਪਰ ਕਰ ਵੀ ਕੀ ਸਕਦੇ ਸਨ। ਸਰਕਾਰ ਸਿੱਖਾਂ ਦਾ ਬੀਜ ਨਾਸ ਕਰਨ 'ਤੇ ਤੁਲੀ ਹੋਈ ਸੀ। ਕਿਸੇ ਦੀ ਅਪੀਲ-ਦਲੀਲ ਕੋਈ ਨਹੀਂ ਸੀ ਸੁਣਦਾ।

ਹਰਭਗਤ ਨਿਰੰਜਨੀ ਤੇ ਫ਼ੌਜ ਭਾਈ ਤਾਰੂ ਸਿੰਘ ਜੀ ਤੇ ਭੈਣ ਤਾਰੋ ਨੂੰ ਫੜ ਕੇ ਤੁਰਨ ਲੱਗੀ ਤਾਂ ਭਾਈ ਤਾਰੂ ਸਿੰਘ ਜੀ ਦੀ ਮਾਤਾ ਨੇ ਧੀ-ਪੁੱਤਰ ਨੂੰ ਗਲ ਨਾਲ ਲਾਇਆ। ਸਿਰ 'ਤੇ ਪਿਆਰ ਦਿੱਤਾ ਤੇ ਆਖਿਆ, "ਮੇਰੇ ਬੱਚਿਓ, ਇਸ ਤਰ੍ਹਾਂ ਸਿੱਖ ਲਾਹੌਰ ਫੜ ਕੇ ਗਿਆ ਜਿਉਂਦਾ ਵਾਪਸ ਨਹੀਂ ਆਉਂਦਾ। ਵੇਖਿਓ, ਕਿਤੇ ਚਾਰ ਦਿਨਾਂ ਦੀ ਝੂਠੀ ਜ਼ਿੰਦਗੀ ਬਦਲੇ ਕਿਸੇ ਲਾਲਚ ਵਿਚ ਆ ਕੇ ਸਿੱਖ ਧਰਮ ਤੋਂ ਨਾ ਡੋਲ ਜਾਇਓ। ਸਿੱਖੀ ਨੂੰ ਤੇ ਮੇਰੇ ਚੁੰਘੇ ਦੁੱਧ ਨੂੰ ਲਾਜ ਨਹੀਂ ਲਾਉਣੀ। ਵਾਹਿਗੁਰੂ ਦਾ ਭਾਣਾ ਮਿੱਠਾ ਕਰ ਕੇ ਮੰਨਣਾ ਹੈ। ਸਿੱਖ ਧਰਮ, ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭਾਉਣਾ ਹੈ।"

ਹਰਭਗਤ ਨਿਰੰਜਨੀ ਅਤੇ ਫ਼ੌਜ ਭਾਈ ਤਾਰੂ ਸਿੰਘ ਤੇ ਭੈਣ ਤਾਰੋ ਨੂੰ ਫੜ ਕੇ ਲਾਹੌਰ ਨੂੰ ਤੁਰ ਪਈ। ਪਿੰਡ ਵਾਸੀ ਬੇਬੱਸੀ ਦੀ ਹਾਲਤ ਵਿਚ ਅੱਖਾਂ ਵਿਚੋਂ ਹੰਝੂ ਕੇਰ ਰਹੇ ਸਨ। ਫ਼ੌਜਦਾਰ ਨੇ ਰਸਤੇ ਵਿਚ ਪਿੰਡ ਭੜਾਣੇ ਭਾਈ ਤਾਰੂ ਸਿੰਘ ਦੇ ਭੈਣ ਤਾਰੋ ਨੂੰ ਰੱਖਿਆ। ਪਿੰਡ ਭੜਾਣੇ ਦੇ ਵਾਸੀਆਂ ਨੂੰ ਭਾਈ ਤਾਰੂ ਸਿੰਘ ਦੇ ਫੜੇ ਜਾਣ ਬਾਰੇ ਪਤਾ ਲੱਗਾ ਤਾਂ ਪਿੰਡ ਦੇ ਲੋਕ ਇਕੱਠੇ ਹੋ ਗਏ। ਪਿੰਡ ਵਾਸੀ ਆਪਣਾ ਅਸਰ-ਰਸੂਖ਼ ਵਰਤ ਕੇ ਭਾਈ ਤਾਰੂ ਸਿੰਘ ਜੀ ਨੂੰ ਮਿਲੇ ਅਤੇ ਬੇਨਤੀ ਕੀਤੀ, "ਅਸੀਂ ਤੁਹਾਨੂੰ ਰਾਤ ਨੂੰ ਫ਼ੌਜ ਉੱਤੇ ਹਮਲਾ ਕਰ ਕੇ ਛੁਡਾ ਲੈਣਾ ਹੈ। ਤੁਸੀਂ ਹੁਸ਼ਿਆਰ ਰਹਿਣਾ, ਫ਼ੌਜ ਨਾਲ ਅਸੀਂ ਆਪੇ ਨਿੱਬੜ ਲਵਾਂਗੇ।"

ਭੜਾਣੇ ਦੇ ਵਾਸੀ ਗੁਰੂ ਨਾਨਕ ਨਾਮ ਲੇਵਾ ਸਿੱਖ ਸਨ। ਉਹ ਹਰ ਕੀਮਤ 'ਤੇ ਭਾਈ ਤਾਰੂ ਸਿੰਘ ਜੀ ਨੂੰ ਛੁਡਾਉਣਾ ਚਾਹੁੰਦੇ ਸਨ।

ਪਰ ਭਾਈ ਤਾਰੂ ਸਿੰਘ ਜੀ ਨੇ ਰੋਕ ਦਿੱਤਾ, "ਭਰਾਵੋ, ਤੁਹਾਡੀ ਸਿੱਖੀ ਭਾਵਨਾ ਅਤੇ ਕੁਰਬਾਨੀ ਤੋਂ ਮੈਂ ਬਲਿਹਾਰ ਜਾਂਦਾ ਹਾਂ। ਤੁਹਾਡੀ ਕੁਰਬਾਨੀ ਮਹਾਨ ਹੈ, ਤੁਸੀਂ ਧੰਨ ਹੋ। ਪਰ ਮੇਰੇ ਵਾਸਤੇ ਇਸ ਵਿਚ ਦਾਨਾਈ ਨਹੀਂ ਕਿ ਮੇਰੀ ਇਕ ਜਾਨ ਬਦਲੇ ਸਾਰੇ ਪਿੰਡ ਉੱਤੇ ਲਾਹੌਰ ਸਰਕਾਰ ਤੇ ਫ਼ੌਜ ਦਾ ਕਹਿਰ ਟੁੱਟੇ। ਮੈਂ ਆਪਣੀ ਜਾਨ ਬਚਾਉਣ ਖ਼ਾਤਰ ਸਾਰੇ ਪਿੰਡ ਨੂੰ ਦੁੱਖਾਂ ਵਿਚ ਪਿਸਦਾ ਨਹੀਂ ਦੇਖ ਸਕਦਾ।"

ਭੜਾਣੇ ਪਿੰਡ ਦੇ ਸਿੱਖਾਂ ਨੇ ਫ਼ੌਜਦਾਰ ਨੂੰ ਭਾਰੀ ਰਕਮ ਵੱਢੀ ਦੇ ਕੇ ਭਾਈ ਤਾਰੂ ਸਿੰਘ ਜੀ ਦੀ ਭੈਣ ਬੀਬੀ ਤਾਰੋ ਨੂੰ ਫ਼ੌਜ ਤੋਂ ਛੁਡਾ ਲਿਆ। ਭਾਈ ਤਾਰੂ ਸਿੰਘ ਨੇ ਆਪਣੀ ਛੋਟੀ ਭੈਣ ਬੀਬੀ ਤਾਰੋ ਨੂੰ ਪਿਆਰ ਦਿੱਤਾ, ਹੌਸਲਾ ਦਿੱਤਾ, "ਭੈਣ, ਇਸ ਜ਼ਿੰਦਗੀ ਦਾ ਕੋਈ ਭਰੋਸਾ ਨਹੀਂ। ਧਰਮ, ਸੱਚ, ਨੇਕੀ, ਸੇਵਾ, ਸਿਮਰਨ ਦਰਗਾਹ ਵਿਚ ਨਾਲ ਜਾਂਦੇ ਹਨ। ਮੈਂ ਤੇ ਹੁਣ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾ

ਕੇ ਸ਼ਹੀਦ ਹੋ ਜਾਣਾ ਹੈ। ਭੈਣ, ਵਾਹਿਗੁਰੂ ਉੱਤੇ ਭਰੋਸਾ ਰੱਖਣਾ ਹੈ ਅਤੇ ਮਾਤਾ ਜੀ ਦੀ ਸੇਵਾ ਕਰਨੀ ਹੈ। ਜਾਨ ਅੱਜ ਚਲੀ ਜਾਵੇ, ਭਾਵੇਂ ਕੱਲ੍ਹ, ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭ ਜਾਵੇ ਤਾਂ ਜੀਵਨ ਸਫਲ ਹੁੰਦਾ ਹੈ।"

ਬੀਬੀ ਤਾਰੋ ਵੀਰ ਤਾਰੂ ਸਿੰਘ ਦੇ ਗਲ ਨਾਲ ਲੱਗੀ ਹੋਈ ਸੀ। ਬੀਬੀ ਤਾਰੋ ਭਾਈ ਤਾਰੂ ਸਿੰਘ ਦੇ ਨਾਲ ਸ਼ਹੀਦ ਹੋਣਾ ਚਾਹੁੰਦੀ ਸੀ। ਭੜਾਣੇ ਦੇ ਸਿੱਖਾਂ ਦਾ ਸਿਦਕ ਤੇ ਕੁਰਬਾਨੀ ਨੇ ਫ਼ੌਜ ਨੂੰ ਵੱਢੀ ਦੇ ਕੇ ਬੀਬੀ ਤਾਰੋ ਨੂੰ ਛੁਡਾ ਲਿਆ। ਫ਼ੌਜ ਭਾਈ ਤਾਰੂ ਸਿੰਘ ਨੂੰ ਲੈ ਕੇ ਲਾਹੌਰ ਨੂੰ ਤੁਰ ਪਈ। ਭਾਈ ਤਾਰੂ ਸਿੰਘ ਜੀ ਨੇ ਭੜਾਣੇ ਦੇ ਸਿੱਖਾਂ ਨੂੰ ਫ਼ਤਹਿ ਬੁਲਾਈ। ਭੜਾਣੇ ਦੇ ਸਿੱਖਾਂ ਨੇ ਫ਼ਤਹਿ ਦਾ ਜਵਾਬ ਸਿਰ ਨਿਵਾ ਕੇ ਦਿੱਤਾ।

ਭੜਾਣੇ ਪਿੰਡ ਦੇ ਲੋਕਾਂ ਦਾ ਇਕੱਠ ਵੇਖ ਰਿਹਾ ਸੀ ਕਿ ਸੰਤ ਸੁਭਾਅ, ਦਾਨੀ, ਪਰਉਪਕਾਰੀ, ਸਿਦਕੀ, ਭੁੱਖਿਆਂ ਨੂੰ ਲੰਗਰ ਛਕਾਉਣ ਵਾਲੇ, ਨੰਗਿਆਂ ਨੂੰ ਬਸਤਰ ਦੇਣ ਵਾਲੇ, ਆਪ ਭੁੱਖਿਆਂ ਰਹਿ ਕੇ ਦੂਜਿਆਂ ਨੂੰ ਰੋਟੀ ਖਵਾਉਣ ਵਾਲੇ, ਸਿਦਕੀ ਸੂਰਮੇ ਨੂੰ ਲਾਹੌਰ ਸੂਬੇਦਾਰ ਜ਼ਕਰੀਆ ਖ਼ਾਨ ਦੀ ਹਕੂਮਤ ਫੜ ਕੇ ਸ਼ਹੀਦ ਕਰਨ ਲਈ ਲਿਜਾ ਰਹੀ ਸੀ।

ਲੋਕਾਂ ਦੇ ਵੇਖਦਿਆਂ-ਵੇਖਦਿਆਂ ਫ਼ੌਜ ਭਾਈ ਤਾਰੂ ਸਿੰਘ ਜੀ ਨੂੰ ਨਾਲ ਲੈ ਕੇ ਦੂਰ ਚਲੀ ਗਈ। ਲੋਕ ਭਾਈ ਤਾਰੂ ਸਿੰਘ ਜੀ ਦੀ ਸੇਵਾ, ਸ਼ਰਾਫ਼ਤ ਅਤੇ ਜ਼ਕਰੀਆ ਖ਼ਾਨ ਦੇ ਜ਼ੁਲਮਾਂ ਦੀਆਂ ਗੱਲਾਂ ਕਰ ਰਹੇ ਸਨ। ਭੜਾਣੇ ਦੇ ਸਿੱਖਾਂ ਦੇ ਮਨ ਗ਼ਮ ਤੇ ਗੁੱਸੇ ਨਾਲ ਦੁਖੀ ਸਨ। ਭੜਾਣੇ ਦੇ ਸਿੱਖ ਭਾਈ ਤਾਰੂ ਸਿੰਘ ਨੂੰ ਫ਼ੌਜ ਕੋਲੋਂ ਛੁਡਾਉਣ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਸਨ, ਪਰ ਭਾਈ ਤਾਰੂ ਸਿੰਘ ਜੀ ਨੇ ਵਰਜ ਦਿੱਤਾ ਸੀ ਕਿ ਤੁਸੀਂ ਮੈਨੂੰ ਜਾਣ ਦਿਉ। ਸੱਚੇ ਸਿੱਖ ਦੇ ਸਿਦਕ ਦੀ ਪਰਖ ਹੋਣੀ ਹੈ।

ਫ਼ੌਜਦਾਰ ਨੇ ਭਾਈ ਤਾਰੂ ਸਿੰਘ ਨੂੰ ਲਾਹੌਰ ਲਿਜਾ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ। ਭਾਈ ਤਾਰੂ ਸਿੰਘ ਦੀ ਗ੍ਰਿਫ਼ਤਾਰੀ ਦੀ ਖ਼ਬਰ ਸਾਰੇ ਮਾਝੇ ਵਿਚ ਤੇ ਸਿੰਘਾਂ ਦੇ ਦਲਾਂ ਤਕ ਜੰਗਲ ਦੀ ਅੱਗ ਵਾਂਗ ਫੈਲ ਗਈ। ਭਾਈ ਸੁੱਖਾ ਸਿੰਘ ਕੰਬੋਕੀ ਮਾੜੀ ਜਥਾ ਲੈ ਕੇ ਭਾਈ ਤਾਰੂ ਸਿੰਘ ਜੀ ਨੂੰ ਛੁਡਾਉਣ ਲਈ ਫ਼ੌਜ ਪਿੱਛੇ ਹਮਲਾ ਕਰਨ ਲਈ ਚੜ੍ਹੇ, ਪਰ ਸਿੰਘਾਂ ਦੇ ਜਥੇ ਦੇ ਜਾਣ ਤੋਂ ਪਹਿਲਾਂ ਹੀ ਫ਼ੌਜ ਭਾਈ ਤਾਰੂ ਸਿੰਘ ਨੂੰ ਲੈ ਕੇ ਲਾਹੌਰ ਪਹੁੰਚ ਗਈ ਸੀ। ਭਾਈ ਸੁੱਖਾ ਸਿੰਘ ਦੇ ਜਥੇ ਨੂੰ ਨਿਰਾਸ਼ ਵਾਪਸ ਮੁੜਨਾ ਪਿਆ।

ਕਾਂਡ 22

ਜ਼ਕਰੀਆ ਖ਼ਾਨ ਬਹਾਦਰ ਨੇ ਸ. ਮਹਿਤਾਬ ਸਿੰਘ ਮੀਰਾਂਕੋਟ ਨੂੰ ਫੜਨ ਵਾਸਤੇ ਹਰਭਗਤ ਨਿਰੰਜਨੀ ਨੂੰ ਫ਼ੌਜੀ ਦਸਤੇ ਦਾ ਮੁਖੀ ਫ਼ੌਜਦਾਰ ਬਣਾ ਦਿੱਤਾ। ਹਰਭਗਤ ਨਿਰੰਜਨੀ ਨੇ ਸ. ਮਹਿਤਾਬ ਸਿੰਘ ਦੀ ਭਾਲ ਵਿਚ ਪਿੰਡ-ਪਿੰਡ ਸੂਹੀਏ ਛੱਡੇ ਹੋਏ ਸਨ। ਜਿਸ ਪਾਸਿਉਂ ਸੂਹੀਏ ਖ਼ਬਰ ਦਿੰਦੇ ਕਿ ਅੱਜ ਸ. ਮਹਿਤਾਬ ਸਿੰਘ ਦਾ ਜਥਾ ਇਸ ਇਲਾਕੇ ਵਿਚ ਹੈ, ਹਰਭਗਤ ਨਿਰੰਜਨੀ ਹਲਕਾਏ ਕੁੱਤੇ ਵਾਂਗ ਸ. ਮਹਿਤਾਬ ਸਿੰਘ ਨੂੰ ਫੜਨ ਵਾਸਤੇ ਉਸ ਪਾਸੇ ਵੱਲ ਭੱਜ ਉੱਠਦਾ। ਸ਼ੇਰਦਿਲ ਸੂਰਬੀਰ ਬਹਾਦਰ ਸ. ਮਹਿਤਾਬ ਸਿੰਘ ਜੀ ਮੀਰਾਂਕੋਟ ਨੂੰ ਫੜਨਾ ਕੋਈ ਸੌਖੀ ਗੱਲ ਨਹੀਂ ਸੀ। ਸ. ਮਹਿਤਾਬ ਸਿੰਘ ਦੇ ਨਾਲ ਹਮੇਸ਼ਾਂ ਦੋ ਸੌ ਤੋਂ ਵੱਧ ਹਥਿਆਰਬੰਦ, ਸ਼ਸਤਰਧਾਰੀ, ਤਿਆਰ-ਬਰ-ਤਿਆਰ ਸਿੰਘ ਹੁੰਦੇ ਸਨ। ਜਦੋਂ ਸ. ਮਹਿਤਾਬ ਸਿੰਘ ਦਾ ਜਥਾ ਸਾਹਮਣੇ ਮੁਕਾਬਲੇ 'ਤੇ ਡਟ ਜਾਂਦਾ ਤਾਂ ਲਾਹੌਰੀ ਫ਼ੌਜ ਦੇ ਜਵਾਨ ਟਾਲਾ ਕਰਨ ਵਿਚ ਹੀ ਭਲਾ ਸਮਝਦੇ ਸਨ। ਤਨਖ਼ਾਹਾਂ 'ਤੇ ਲੜਨ ਵਾਲਿਆਂ ਦਾ ਸ. ਮਹਿਤਾਬ ਸਿੰਘ ਜਿਹੇ ਬੀਰ ਬਹਾਦਰਾਂ, ਜੁਝਾਰੂ ਬੱਬਰ ਸ਼ੇਰਾਂ ਦੇ ਸਾਹਮਣੇ ਖਲੋਣਾ ਕੋਈ ਸੌਖੀ ਗੱਲ ਨਹੀਂ ਸੀ। ਸ. ਮਹਿਤਾਬ ਸਿੰਘ ਤੇ ਉਸ ਦੇ ਸਾਥੀ ਸਦਾ ਮਰਨ-ਮਾਰਨ ਲਈ ਤਿਆਰ ਰਹਿੰਦੇ ਸਨ। ਹਰਭਗਤ ਨਿਰੰਜਨੀ ਦੀ ਕਮਾਨ ਹੇਠਾਂ ਲਾਹੌਰ ਦੀ ਫ਼ੌਜ ਜਦੋਂ ਵੀ ਸ. ਮਹਿਤਾਬ ਸਿੰਘ ਨੂੰ ਫੜਨ ਲਈ ਅੱਗੇ ਵਧਦੀ ਤਾਂ ਸਿੰਘ ਲਾਹੌਰੀ ਫ਼ੌਜ ਦੇ ਆਹੂ ਲਾਹ ਦਿੰਦੇ। ਫ਼ੌਜ ਤੋਂ ਸ਼ਸਤਰ, ਘੋੜੇ ਖੋਹ ਕੇ ਜੰਗਲ-ਬੇਲਿਆਂ ਵਿਚ ਵੜ ਜਾਂਦੇ। ਹਰਭਗਤ ਨਿਰੰਜਨੀ ਦੀ ਫ਼ੌਜ ਤਾਂ ਜੰਗਲ ਵਿਚ ਵੜਨ ਦੀ ਜੁਰਅੱਤ ਨਹੀਂ ਸੀ ਕਰਦੀ, ਜੇ ਕਿਤੇ ਭੁੱਲ-ਭੁਲੇਖੇ ਸਿੰਘਾਂ ਦੀ ਭਾਲ ਲਈ ਜੰਗਲ ਵਿਚ ਵੜ ਵੀ ਜਾਂਦੀ ਤਾਂ ਸਿੰਘ ਅੱਗੋਂ ਫ਼ੌਜ ਦੇ ਇਕ ਵੀ ਜਵਾਨ ਨੂੰ ਜਿਉਂਦੇ-ਜੀ ਬਾਹਰ ਨਹੀਂ ਸੀ ਨਿਕਲਣ ਦੇਂਦੇ।

ਸ. ਮਹਿਤਾਬ ਸਿੰਘ ਦੇ ਜਥੇ ਵਿਚ ਸ. ਸੁੱਖਾ ਸਿੰਘ ਕੰਬੋਕੀ ਮਾੜੀ, ਸ. ਥਰਾਜ ਸਿੰਘ, ਸ. ਬਲਵੰਤ ਸਿੰਘ ਵਰਗੇ ਬਹਾਦਰ ਸਿਰਲੱਥ ਸੂਰਮੇ ਸਨ। ਸਿੰਘਾਂ ਨੇ ਲਾਹੌਰੀ ਫ਼ੌਜ ਦੇ ਦੰਦ ਖੱਟੇ ਕੀਤੇ ਹੋਏ ਸਨ। ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਅਤੇ ਹਰਭਗਤ ਨਿਰੰਜਨੀ ਦੇ ਪੂਰਾ ਜ਼ੋਰ ਲਾਉਣ ਦੇ ਬਾਵਜੂਦ ਵੀ ਸ. ਮਹਿਤਾਬ ਸਿੰਘ ਫ਼ੌਜ ਦੇ ਕਾਬੂ ਨਾ ਆਇਆ।

ਸ. ਸੁੱਖਾ ਸਿੰਘ ਕੰਬੋਕੀ ਮਾੜੀ ਵਾਲੇ ਨੇ ਭਾਈ ਤਾਰੂ ਸਿੰਘ ਦੇ ਫੜੇ ਜਾਣ ਦੀ ਖ਼ਬਰ ਸੁਣ ਕੇ ਸਿੰਘਾਂ ਦਾ ਜਥਾ ਲੈ ਕੇ ਭਾਈ ਤਾਰੂ ਸਿੰਘ ਜੀ ਨੂੰ ਛੁਡਾਉਣ ਲਈ ਚੜ੍ਹਾਈ ਕੀਤੀ ਪਰ ਭਾਈ ਤਾਰੂ ਸਿੰਘ ਜੀ ਨੂੰ ਫੜ ਕੇ ਲਿਜਾ ਰਹੀ ਫ਼ੌਜ ਨਾਲ ਟਾਕਰਾ ਨਾ ਹੋਇਆ। ਭਾਈ ਸੁੱਖਾ ਸਿੰਘ ਦੇ ਜਥੇ ਦੇ ਪੁੱਜਣ ਤੋਂ ਪਹਿਲਾਂ ਹੀ ਫ਼ੌਜ ਭਾਈ ਤਾਰੂ ਸਿੰਘ ਜੀ ਨੂੰ ਲੈ ਕੇ ਲਾਹੌਰ ਪਹੁੰਚ ਚੁੱਕੀ ਸੀ। ਭਾਈ ਸੁੱਖਾ ਸਿੰਘ ਜੀ ਨੂੰ ਜਥੇ ਸਮੇਤ ਨਿਰਾਸ਼ ਹੋ ਕੇ ਮੁੜਨਾ ਪਿਆ। ਭਾਈ ਸੁੱਖਾ ਸਿੰਘ ਜੀ ਨੇ ਜਥੇ ਸਮੇਤ ਵਾਪਸ ਜੰਗਲ ਵਿਚ ਆ ਕੇ ਸ. ਮਹਿਤਾਬ ਸਿੰਘ ਜੀ ਨੂੰ ਦੱਸਿਆ।

ਭਾਈ ਸੁੱਖਾ ਸਿੰਘ ਜੀ ਨੇ ਸ. ਮਹਿਤਾਬ ਸਿੰਘ ਨੂੰ ਕਿਹਾ, "ਜਥੇਦਾਰ ਜੀ, ਹਰਭਗਤ ਨਿਰੰਜਨੀ ਚੰਡਾਲ ਨੇ ਬੜੀ ਮਾੜੀ ਕੀਤੀ ਹੈ, ਭਾਈ ਤਾਰੂ ਸਿੰਘ ਜੀ ਨੂੰ ਲਾਹੌਰ ਦੀ ਫ਼ੌਜ ਕੋਲ ਫੜਾ ਦਿੱਤਾ ਹੈ।"

ਭਾਈ ਮਹਿਤਾਬ ਸਿੰਘ ਜੀ, "ਭਾਈ ਸਾਹਿਬ ਜੀ, ਤੁਹਾਨੂੰ ਕਿਵੇਂ ਪਤਾ ਲੱਗਾ ਹੈ ਕਿ ਭਾਈ ਤਾਰੂ ਸਿੰਘ ਜੀ ਨੂੰ ਫ਼ੌਜ ਫੜ ਕੇ ਲੈ ਗਈ ਹੈ?"

ਭਾਈ ਸੁੱਖਾ ਸਿੰਘ ਜੀ, "ਜਥੇਦਾਰ ਜੀ, ਸਾਨੂੰ ਬਾਬਾ ਬੁਲਾਕਾ ਸਿੰਘ ਜੀ ਨੇ ਆ ਕੇ ਦੱਸਿਆ ਸੀ। ਅਸੀਂ ਬਾਬਾ ਬੁਲਾਕਾ ਸਿੰਘ ਜੀ ਨੂੰ ਭੇਜਿਆ ਸੀ ਕਿ 50 ਸਿੰਘਾਂ ਦੇ ਲੰਗਰ ਵਾਸਤੇ ਭਾਈ ਤਾਰੂ ਸਿੰਘ ਜੀ ਤੋਂ ਰਸਦ ਲੈ ਕੇ ਆਉ ਅਤੇ ਜਥੇ ਵਾਸਤੇ ਕੁਝ ਵਸਤਾਂ ਦੀ ਲੋੜ ਸੀ। ਜਥੇਦਾਰ ਜੀ, ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਜੋ ਵੀ ਚੀਜ਼ ਸਿੰਘਾਂ ਨੂੰ ਚਾਹੀਦੀ ਹੋਵੇ, ਭਾਈ ਤਾਰੂ ਸਿੰਘ ਜੀ ਉਸ ਦਾ ਪ੍ਰਬੰਧ ਕਰ ਕੇ ਭੇਜ ਦਿੰਦੇ ਹਨ। ਬਾਬਾ ਬੁਲਾਕਾ ਸਿੰਘ ਜੀ ਜਦੋਂ ਪੂਹਲੇ ਪਿੰਡ ਗਏ ਤਾਂ ਉਹਨਾਂ ਨੂੰ ਪਤਾ ਲੱਗਿਆ ਕਿ ਹਰਭਗਤ ਨਿਰੰਜਨੀ ਫ਼ੌਜ ਲਿਆ ਕੇ ਭਾਈ ਤਾਰੂ ਸਿੰਘ ਤੇ ਬੀਬੀ ਤਾਰੋ ਨੂੰ ਫੜ ਕੇ ਲਾਹੌਰ ਲੈ ਗਿਆ ਹੈ। ਜਥੇ ਨੇ ਸੁਣਦਿਆਂ ਸਾਰ ਹੀ ਭਾਈ ਤਾਰੂ ਸਿੰਘ ਜੀ ਤੇ ਭੈਣ ਬੀਬੀ ਤਾਰੋ ਨੂੰ ਰਸਤੇ ਵਿਚ ਹੀ ਫ਼ੌਜ ਤੋਂ ਛੁਡਾਉਣ ਲਈ ਚੜ੍ਹਾਈ ਕੀਤੀ ਪਰ ਅਫ਼ਸੋਸ ਹੈ ਕਿ ਸਾਡੇ ਜਾਣ ਤੋਂ ਪਹਿਲਾਂ ਹੀ ਭਾਈ ਤਾਰੂ ਸਿੰਘ ਜੀ ਲਾਹੌਰ ਪਹੁੰਚ ਗਏ ਹਨ।"

ਬਾਬਾ ਬੁਲਾਕਾ ਸਿੰਘ, "ਜਥੇਦਾਰ ਜੀ, ਭੜਾਣੇ ਦੇ ਸਿੱਖਾਂ ਨੇ ਫ਼ੌਜ ਨੂੰ ਵੱਢੀ ਦੇ ਕੇ ਭੈਣ ਤਾਰੋ ਨੂੰ ਛੁਡਾ ਲਿਆ ਹੈ। ਭੜਾਣੇ ਦੇ ਸਿੱਖਾਂ ਨੇ ਫ਼ੌਜ ਉੱਤੇ ਹਮਲਾ ਕਰ ਕੇ ਭਾਈ ਤਾਰੂ ਸਿੰਘ ਜੀ ਨੂੰ ਛੁਡਾਉਣ ਦਾ ਫ਼ੈਸਲਾ ਕਰ ਲਿਆ ਸੀ, ਪਰ ਭਾਈ ਤਾਰੂ ਸਿੰਘ ਜੀ ਮੰਨੇ ਨਹੀਂ।"

ਭਾਈ ਮਹਿਤਾਬ ਸਿੰਘ, "ਬਾਬਾ ਬੁਲਾਕਾ ਸਿੰਘ ਜੀ, ਭਾਈ ਤਾਰੂ ਸਿੰਘ ਜੀ ਕਿਉਂ ਨਹੀਂ ਮੰਨੇ?"

ਬਾਬਾ ਬੁਲਾਕਾ ਸਿੰਘ, "ਜਥੇਦਾਰ ਜੀ, ਭਾਈ ਤਾਰੂ ਸਿੰਘ ਜੀ ਨੇ ਭੜਾਣੇ ਦੇ ਸਿੱਖਾਂ ਨੂੰ ਕਿਹਾ ਕਿ ਮੇਰੀ ਇਕ ਜਾਨ ਬਚਾਉਣ ਬਦਲੇ ਸਾਰੇ ਪਿੰਡ ਉੱਤੇ ਹਕੂਮਤ ਦਾ ਕਹਿਰ ਟੁੱਟੇ, ਇਸ ਵਿਚ ਕੋਈ ਦਾਨਾਈ ਨਹੀਂ। ਅਕਾਲ ਪੁਰਖ ਵਾਹਿਗੁਰੂ,

ਸਿੱਖ ਦਾ ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭਾ ਦੇਵੇ। ਭੜਾਣੇ ਦੇ ਸਿੱਖ ਕਹਿੰਦੇ ਹਨ ਕਿ ਭਾਈ ਤਾਰੂ ਸਿੰਘ ਜੀ ਦੇ ਚਿਹਰੇ ਉੱਤੇ ਭੈ, ਚਿੰਤਾ ਦੀ ਕੋਈ ਨਿਸ਼ਾਨੀ ਨਹੀਂ ਸੀ। ਭਾਈ ਸਾਹਿਬ ਜੀ ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭਾਉਂਦਿਆਂ ਧਰਮ ਤੋਂ ਸ਼ਹੀਦ ਹੋਣਗੇ।"

ਭਾਈ ਮਹਿਤਾਬ ਸਿੰਘ, "ਕਲਗੀਆਂ ਵਾਲੇ ਸਤਿਗੁਰੂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਧੰਨ ਹੈ। ਖ਼ਾਲਸਾ ਜੀਓ, ਦਸਮੇਸ਼ ਪਿਤਾ ਜੀ ਨੇ ਐਵੇਂ ਤਾਂ ਨਹੀਂ ਇਤਨੇ ਵੱਡੇ ਮਾਣ ਨਾਲ ਕਿਹਾ, 'ਇਨ ਪੁਤਰਨ ਕੇ ਹੇਤ ਵਾਰ ਦੀਏ ਸੁਤ ਚਾਰ। ਚਾਰ ਮੂਏ ਤੋਂ ਕਿਯਾ ਭਇਆ ਜੀਵਤ ਕਈ ਹਜ਼ਾਰ।' ਜੇ ਦਸਮੇਸ਼ ਪਿਤਾ ਜੀ ਦੀ ਬਖ਼ਸ਼ੀ ਖੰਡੇ-ਬਾਟੇ ਦੀ ਅੰਮ੍ਰਿਤ ਪਾਹੁਲ ਛਕ ਕੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਬਣਨਾ ਹੈ ਤਾਂ ਮੌਤ ਵੀ ਦਸਮੇਸ਼ ਪਿਤਾ ਜੀ ਦੇ ਸਪੁੱਤਰਾਂ (ਸਾਹਿਬਜ਼ਾਦਿਆਂ) ਵਾਲੀ ਹੀ ਵਰਨੀ ਪੈਣੀ ਹੈ। ਭੜਾਣੇ ਦੇ ਸਿੱਖਾਂ ਨੇ ਬੜੀ ਕੁਰਬਾਨੀ ਕੀਤੀ ਹੈ, ਜਿਨ੍ਹਾਂ ਨੇ ਬੀਬੀ ਤਾਰੋ ਨੂੰ ਫ਼ੌਜ ਕੋਲੋਂ ਵੱਢੀ ਦੇ ਕੇ ਛੁਡਾ ਲਿਆ ਹੈ।"

ਭਾਈ ਤਾਰੂ ਸਿੰਘ ਜੀ ਜਪੀ, ਤਪੀ, ਹਠੀ, ਸਤੀ, ਸੰਤ ਸਰੂਪ, ਬਚਨ ਦੇ ਪੂਰੇ, ਕਰਨੀ ਦੇ ਸੂਰੇ, ਸੇਵਾ ਸਿਮਰਨ, ਪਰਉਪਕਾਰੀ ਆਤਮਾ, ਅਕਾਲ ਰੂਪ, ਸਿੱਖੀ ਸਰੂਪ ਦੀ ਮਿਸਾਲ, ਧਰਮ ਤੋਂ ਕੁਰਬਾਨ ਹੋਣ ਲਈ ਲਾਹੌਰ ਪਹੁੰਚ ਗਏ ਹਨ। ਸਿੱਖਾਂ ਦੇ ਦਿਲਾਂ ਦੀ ਧੜਕਣ ਭਾਈ ਤਾਰੂ ਸਿੰਘ ਜੀ।

ਹਿੰਦੂ, ਮੁਸਲਮਾਨ, ਸਿੱਖ ਭਾਈ ਤਾਰੂ ਸਿੰਘ ਜੀ ਨੂੰ ਸੰਤ ਸਰੂਪ, ਪਰਮਾਤਮਾ, ਖ਼ੁਦਾ, ਅਕਾਲ ਪੁਰਖ, ਵਾਹਿਗੁਰੂ ਦਾ ਪਿਆਰਾ, ਰੱਬੀ ਬੰਦਾ ਮੰਨਦੇ ਹਨ।

ਕਾਂਡ 23

ਮਹਿਤਾਬ ਸਿੰਘ ਨੇ ਐਸ ਬਿਚਾਰੀ ਤਾਰੂ ਸਿੰਘ ਸੰਗ ਕੀਏ ਤਿਆਰੀ।
ਹਮਰੋ ਉਸ ਕੇ ਹੁਤੇ ਸਨੇਹੁ, ਉਸ ਹੀ ਸੰਗ ਤਜੀਏ ਦੇਹੁ।੧੪।

(ਰਤਨ ਸਿੰਘ ਭੰਗੂ, ਗੁਰ ਪੰਥ ਪ੍ਰਕਾਸ਼, ਪੰਨਾ ੩੬੯)

ਸਰਦਾਰ ਮਹਿਤਾਬ ਸਿੰਘ ਜੀ ਮੀਰਾਂਕੋਟ, ਬੀਰ ਬਹਾਦਰ, ਜੁਝਾਰੂ ਬੱਬਰ ਸ਼ੇਰ, ਜਿਸ ਦਾ ਨਾਂ ਸੁਣ ਕੇ ਵੈਰੀਆਂ ਦੇ ਦਲਾਂ ਵਿਚ ਭੈ ਛਾ ਜਾਂਦਾ; ਜਿਸ ਦੀ ਸੂਰਮਗਤੀ ਬਹਾਦਰੀ ਤੋਂ ਸਿੱਖਾਂ ਦੇ ਵੈਰੀ ਸੁੱਤੇ ਪਏ ਸੁਪਨੇ ਵਿਚ ਬਰੜਾਈ ਜਾਂਦੇ ਸਨ। ਮੌਤ ਨੂੰ ਮਖ਼ੌਲਾਂ ਕਰਨ ਵਾਲਾ, ਵੈਰੀਆਂ ਉੱਤੇ ਬੱਬਰ ਸ਼ੇਰ ਵਾਂਗ ਝਪਟਣ ਵਾਲਾ, ਜਿਸ ਦੀ ਭੱਬਕ ਅੱਗੇ ਮੁਗ਼ਲ ਫ਼ੌਜਾਂ ਹਰਨ ਹੋ ਜਾਂਦੀਆਂ ਸਨ। ਉਸ ਬਹਾਦਰ ਮਹਿਤਾਬ ਸਿੰਘ ਮੀਰਾਂਕੋਟ ਨੂੰ ਭਾਈ ਤਾਰੂ ਸਿੰਘ ਜੀ ਪੂਹਲੇ ਪਿੰਡ ਵਾਲੇ ਦੀ ਗ੍ਰਿਫ਼ਤਾਰੀ ਨੇ ਜੀਵਨ ਕਾਲ ਹੀ ਬਦਲ ਕੇ ਰੱਖ ਦਿੱਤਾ। ਭਾਵੇਂ ਭਾਈ ਤਾਰੂ ਸਿੰਘ ਜੀ ਦੀ ਗ੍ਰਿਫ਼ਤਾਰੀ ਦਾ ਹਰ ਸਿੱਖ ਨੂੰ ਦੁੱਖ ਹੋਇਆ ਪਰ ਭਾਈ ਮਹਿਤਾਬ ਸਿੰਘ ਜੀ ਦੇ ਮਨ ਨੂੰ ਬਹੁਤ ਹੀ ਵੈਰਾਗ ਹੋ ਗਿਆ। ਸਰਦਾਰ ਮਹਿਤਾਬ ਸਿੰਘ ਜੀ ਨੇ ਆਪਣੇ ਪਿਆਰੇ ਮਿੱਤਰ, ਜੋਟੀਦਾਰ ਸਰਦਾਰ ਸੁੱਖਾ ਸਿੰਘ ਕੰਬੋਕੀ ਮਾੜੀ ਵਾਲੇ ਨੂੰ ਆਖਿਆ, "ਭਾਈ ਸੁੱਖਾ ਸਿੰਘ ਜੀ, ਤੁਹਾਡੇ ਨਾਲ ਕੁਝ ਵਿਚਾਰ ਕਰਨੀ ਹੈ ਤੇ ਤੁਹਾਨੂੰ ਕੁਝ ਜ਼ਿੰਮੇਵਾਰੀ ਸੌਂਪਣੀ ਹੈ।"

ਭਾਈ ਸੁੱਖਾ ਸਿੰਘ ਜੀ, "ਜਥੇਦਾਰ ਜੀ, ਹੁਕਮ ਕਰੋ।"

ਸ. ਮਹਿਤਾਬ ਸਿੰਘ ਜੀ, "ਭਾਈ ਸੁੱਖਾ ਸਿੰਘ ਜੀ, ਸਾਡਾ ਭਾਈ ਤਾਰੂ ਸਿੰਘ ਜੀ ਨਾਲ ਬੜਾ ਪਿਆਰ ਹੈ। ਮੇਰਾ ਭਾਈ ਤਾਰੂ ਸਿੰਘ ਜੀ ਨਾਲ ਬਚਨ ਕੀਤਾ ਹੋਇਆ ਹੈ। ਇਕੱਠਿਆਂ ਜੀਊਣ ਤੇ ਮਰਨ ਦਾ ਪ੍ਰਣ ਕੀਤਾ ਹੋਇਆ ਹੈ। ਹੁਣ ਯਕੀਨਨ ਭਾਈ ਤਾਰੂ ਸਿੰਘ ਜੀ ਸਿੱਖ ਧਰਮ ਹੇਤ ਸੀਸ ਲਾ ਕੇ ਸਿੱਖੀ ਤੋਂ ਕੁਰਬਾਨ ਹੋ ਕੇ ਸ਼ਹੀਦੀ ਪ੍ਰਾਪਤ ਕਰਨਗੇ। ਹੁਣ ਜੇ ਭਾਈ ਤਾਰੂ ਸਿੰਘ ਜੀ ਪਾਸ ਨਾ ਪੁੱਜੇ ਤਾਂ ਬਚਨ ਤੋਂ ਝੂਠੇ ਹੋਵਾਂਗੇ।"

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥

ਭਾਈ ਸੁੱਖਾ ਸਿੰਘ ਜੀ, "ਜਥੇਦਾਰ ਜੀ, ਸਿੰਘ ਤਾਂ ਅਕਾਲ ਪੁਰਖ ਵਾਹਿਗੁਰੂ

ਦੇ ਭਾਣੇ ਵਿਚ ਰਹਿੰਦੇ ਹਨ। ਭਾਈ ਤਾਰੂ ਸਿੰਘ ਜੀ ਅਕਾਲ ਪੁਰਖ ਦਾ ਭਾਣਾ ਮਿੱਠਾ ਮੰਨ ਕੇ ਸ਼ਹੀਦੀ ਪ੍ਰਾਪਤ ਕਰਨਗੇ। ਜਦੋਂ ਵੀ ਸਮੇਂ ਨੇ ਖ਼ਾਲਸੇ ਨੂੰ ਆਗਿਆ ਦਿੱਤੀ, ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਦੇ ਜ਼ਿੰਮੇਵਾਰਾਂ ਨੂੰ ਸੋਧ ਕੇ ਬਦਲਾ ਲਿਆ ਜਾਵੇਗਾ। ਸਿੰਘ, ਸਿੱਖਾਂ ਦੇ ਵੈਰੀਆਂ ਨੂੰ ਕਿਸੇ ਵੀ ਕੀਮਤ 'ਤੇ ਨਹੀਂ ਬਖ਼ਸ਼ਣਗੇ।"

ਭਾਈ ਮਹਿਤਾਬ ਸਿੰਘ ਜੀ, "ਭਾਈ ਸੁੱਖਾ ਸਿੰਘ ਜੀ, ਇਹ ਜ਼ਿੰਮੇਵਾਰੀ ਵੀ ਤੁਹਾਡੀ ਹੋਵੇਗੀ, ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਦੇ ਜ਼ਿੰਮੇਵਾਰਾਂ ਨੂੰ ਸੋਧਣ ਦੀ। ਭਾਈ ਸਾਹਿਬ, ਅੱਜ ਤੋਂ ਰਾਏ ਸਿੰਘ ਦੀ ਬਾਂਹ ਤੁਹਾਡੇ ਹੱਥ ਫੜਾਉਂਦਾ ਹਾਂ। ਰਾਏ ਸਿੰਘ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਤੁਹਾਡੇ ਸਿਰ ਹੋਵੇਗੀ।"

(ਨੋਟ : ਕੁਝ ਚਿਰ ਪਹਿਲਾਂ ਹੀ ਸ. ਮਹਿਤਾਬ ਸਿੰਘ ਨੂੰ ਆਪਣੇ ਪੁੱਤਰ ਰਾਏ ਸਿੰਘ ਦੇ ਜਿਉਂਦੇ ਹੋਣ ਦਾ ਪਤਾ ਲੱਗਾ ਸੀ। ਸ. ਮਹਿਤਾਬ ਸਿੰਘ ਤੇ ਸ. ਸੁੱਖਾ ਸਿੰਘ ਜੀ ਪਿੰਡ ਰੁਟਾਲੇ ਰਾਏ ਸਿੰਘ ਨੂੰ, ਰਾਏ ਸਿੰਘ ਦੀ ਤਾਈ ਦੇ ਪੇਕੇ ਮਿਲ ਕੇ ਆਏ ਸਨ। ਰਾਏ ਸਿੰਘ ਦੀ ਤਾਈ ਬਸੰਤ ਕੌਰ ਪੇਕੇ ਘਰ ਰੁਟਾਲੇ ਪਿੰਡ ਹੀ ਰਹਿ ਰਹੀ ਸੀ। ਰਾਏ ਸਿੰਘ ਦੀ ਮਾਤਾ ਬਲਵੰਤ ਕੌਰ ਵੀ ਰੁਟਾਲੇ ਆ ਗਈ ਸੀ। ਬਸੰਤ ਕੌਰ ਅਤੇ ਬਲਵੰਤ ਕੌਰ ਦੀ ਜ਼ਿੰਦਗੀ ਦਾ ਸਹਾਰਾ ਪੁੱਤਰ ਰਾਏ ਸਿੰਘ ਸੀ, ਜਿਸ ਦੇ ਆਸਰੇ ਜਿਉਂਦੀਆਂ ਸਨ। ਰਾਏ ਸਿੰਘ ਦਾ ਤਾਇਆ ਲੱਧਾ ਸਿੰਘ ਤੇ ਪਿਤਾ ਸ. ਮਹਿਤਾਬ ਸਿੰਘ ਤਾਂ ਪਹਿਲਾਂ ਹੀ ਲਾਹੌਰ ਦੀ ਮੁਗ਼ਲ ਸਰਕਾਰ ਦੇ ਬਾਗ਼ੀ ਸਨ।)

ਭਾਈ ਸੁੱਖਾ ਸਿੰਘ ਜੀ ਭਾਈ ਮਹਿਤਾਬ ਸਿੰਘ ਦੇ ਵਿਚਾਰ ਨਾਲ ਸਹਿਮਤ ਨਹੀਂ ਸਨ। ਭਾਈ ਮਹਿਤਾਬ ਸਿੰਘ ਜੀ ਇਸ ਗੱਲ 'ਤੇ ਦ੍ਰਿੜ੍ਹ ਸਨ ਕਿ ਜੇ ਇਹ ਸਰੀਰ ਸਦਾ ਰਹਿਣਾ ਹੀ ਨਹੀਂ ਤਾਂ ਫਿਰ ਇਸ ਸਰੀਰ ਨੂੰ ਲੁਕ-ਛਿਪ ਕੇ ਕਿੰਨਾ ਕੁ ਚਿਰ ਬਚਾਇਆ ਜਾ ਸਕਦਾ ਹੈ।

ਸ਼ਹੀਦ ਸ. ਮਹਿਤਾਬ ਸਿੰਘ ਜੀ ਮੀਰਾਂਕੋਟ ਦੇ ਵਿਚਾਰਾਂ ਨੂੰ ਸ. ਰਤਨ ਸਿੰਘ ਭੰਗੂ, 'ਗੁਰ ਪੰਥ ਪ੍ਰਕਾਸ਼' ਦੇ ਪੰਨਾ 368 ਉੱਤੇ ਇਸ ਤਰ੍ਹਾਂ ਬਿਆਨ ਕਰਦੇ ਹਨ :

ਦੋਹਰਾ।
ਮਰਨ ਸਭਨ ਕੇ ਸੀਸ ਪਰ ਸਫਲ ਮਰਨ ਹੈ ਤਾਹਿ।
ਧਰਮ ਨਿਭੈ ਸਿਖੀ ਨਿਭੈ, ਤੁਰਕਣ ਸੀਸ ਲਗ ਜਾਹਿ।੫।
ਚੌਪਈ।
ਧੰਨ ਧੰਨ ਦੋਹੀ ਮਨੀ ਸਿੰਘ ਭਾਈ,
ਬੰਦ ਬੰਦ ਜਿਨ ਦੇਹ ਕਟਾਈ।
ਦੋਹਰਾ।
ਹਮਹਿ ਕਮਾਈ ਕਿਆ ਕਰੀ, ਲੁਕ ਛਿਪ ਦੇਹ ਬਤਾਇ।

ਕਿਮ ਹਮ ਉਨ ਕੇ ਢਿਗ ਬਹੈ, ਦਰਗਹਿ ਕਚੈਹਰੀ ਜਾਇ।੧੨।
ਚੌਪਈ।
ਉਨ ਸਿੰਘਨ ਮੈ ਹਮ ਕਿਮ ਰਲੀਏ,
ਕਿਮ ਉਨ ਸੰਗ ਅਸੀ ਭੀ ਚਲੀਏ।
ਕਾਚੀ ਦੇਹ ਸਦਾ ਨਾਹੀ,
ਬਹੁਤ ਉਮਰ ਹਮ ਗਈ ਬਿਤਾਹੀ।
ਬਿਨ ਤੁਰਕਨ ਕਹੂੰ ਦੇਹ ਗਰਗੀਏ,
ਸ਼ਹੀਦੀ ਸਰਾਤਕ ਤੇ ਕਿਉਂ ਜਈਏ।
ਧਿਰਗ ਜਨਮ ਧਿਰਗ ਮਰਨੋ ਹੋਈ,
ਤੁਰਕਨ ਬਿਨ ਸਿਰ ਮਰੇ ਚੜ੍ਹ ਜੋਈ।੧੩।
ਦੋਹਰਾ।
ਸਿੰਘ ਸੁ ਔਰਨ ਪਰੀਤ ਕਹਯੋ, ਤੁਮ ਰੁਕ ਔਯ ਹੋ ਜਾਇ।
ਅਸੀਂ ਸੁ ਜਾਇ ਲਾਹੌਰ ਕੋ, ਤਾਰੂ ਸਿੰਘ ਕੇ ਪਾਹਿ।੧੫।
ਚੌਪਈ।
ਯੌਂ ਕਹਿ ਸਿੰਘ ਜੀ ਔਧਰ ਤੁਰਿਆ,
ਸ਼ਸਤਰ ਛੱਡ ਹੱਥ ਸੋਟਾ ਫੜਿਆ।
ਸ਼ਸਤਰਨ ਸੋ ਈਹਾਂ ਲਰ ਮਰੀਏ,
ਸੋਟਾ ਲੈ ਨਿਵਾਬ ਢਿਗ ਜਾਈਏ।੧੬।
ਹਰਭਗਤ ਥੋ ਟੋਲਤ ਜਹਾਂ ਸਿੰਘ ਜੀ ਪਹੁੰਚਯੋ ਤਹਾਂ।
ਦੇਖਤ ਉਨੈ ਤੁਰਕ ਫੜ ਲਯੋ, ਨਰੜ ਕਰੜ ਗੱਡੇ ਪਰ ਠਯੋ।
ਚੌਪਈ।
ਫਿਰ ਮਧ ਡੰਡੋ ਪਿੜਾਈ,
ਉਸ ਬਾਂਹਿ ਦੀਨੀ ਨਾੜ ਚੜ੍ਹਾਈ।
ਸਿੰਘ ਜੀ ਕੋ ਨਿਜ ਗਰਾਮ ਲਿਆਏ,
ਪਛਾਨਨ ਕੋ ਬਹੁ ਲੋਕ ਸਦਾਏ।੧੯।
ਸਿੰਘ ਜੀ ਸ਼ਾਰਤ ਉਂਗਲੀ ਹਿਲਾਈ,
ਨਹਿ ਅਬ ਸਿਆਨਨ ਕੀ ਗਲ ਕਾਈ।
ਜੇ ਕੋਈ ਆਖੇ ਜਾਣ ਪਛਾਣ,
ਪਿੰਡ ਕਰਾਈਏਗਾ ਮੁਸਲਮਾਨ।੨੦।
ਦੋਹਰਾ।
ਹਰਭਗਤ ਲਹੌਰਹਿ ਲੈ ਪੁਜਯੋ, ਦੀਯੋ ਨਬਾਬ ਸੁਨਾਇ।
ਤਾਰੂ ਸਿੰਘ ਦਿਖਾਲ ਕੇ, ਕਹਯੋ ਦੀਯੋ ਚਰਖ ਚੜ੍ਹਾਇ।੨੧।

ਸਿਖੀ ਜਿਵੇਂ ਥੀ ਸਿਘ ਜੀ, ਮਿਤ ਚੜ੍ਹਯੋ ਚਰਖ ਪਰ ਧਾਇ।
ਧੰਨ ਜਨਮ ਧੰਨ ਕਰਮ ਉਨ ਸਿਖੀ ਰਖ ਸਿਰ ਲਾਇ।੨੨।
ਤਾਰੂ ਸਿਘ ਸੁਨ ਖੁਸ਼ ਭਯੋ, ਸਿਘ ਚੜ੍ਹਯੋ ਚਰਖ ਸ਼ਿਤਾਬ।
ਅਸਾਂ ਨਮਿਤ ਆਪ ਆ ਮਿਲਯੋ., ਧੰਨ ਧੰਨ ਸਿਘ ਮਹਿਤਾਬ।੨੩।
ਚੌਪਈ।
ਬਹੁਤ ਫ਼ੌਜ (ਹਰਭਗਤ ਨਿਰੰਜਨੀ) ਉਸ ਮੁਗਲੇ ਦਈ,
ਮਤਾਬ ਸਿੰਘ ਕੋ ਪਕੜਨ ਗਈ।
ਸੋਊ ਰਹੇ ਬਹੁ ਸਿੰਘਨ ਸਾਥ,
ਜਨ ਧੌੜਨ ਬਹੁ ਆਵੈ ਨ ਹਾਥ।੨੪।
ਮਤਾਬ ਸਿੰਘ ਹੈ ਸੂਰੋ ਪੂਰੋ ਨਾਮ ਸੁਨਤ ਹੋਇ ਦੁਸ਼ਮਨ ਦੂਰੋ।
ਨਾਮ ਲੇਇ ਉਸ ਬੰਧੇ ਹਥਿਆਰ, ਮਰਨ ਲਰਨ ਕੋ ਰਹੇ ਤਿਆਰ।੩।

ਜਥੇ ਵਿਚੋਂ ਸਿੰਘਾਂ ਨੇ ਕਿਹਾ ਕਿ ਜਥੇਦਾਰ ਭਾਈ ਮਹਿਤਾਬ ਸਿੰਘ ਜੀ, ਤੁਸੀਂ ਰੁਕੋ, ਲਾਹੌਰ ਨਾ ਜਾਉ। ਬਾਬਾ ਬੁਲਾਕਾ ਸਿੰਘ ਜੀ ਨੇ ਕਿਹਾ, "ਜਥੇਦਾਰ ਭਾਈ ਮਹਿਤਾਬ ਸਿੰਘ ਜੀ, ਤੁਹਾਡੀ ਖ਼ਾਲਸਾ ਪੰਥ ਨੂੰ ਬੜੀ ਜ਼ਿਆਦਾ ਲੋੜ ਹੈ। ਮੈਂ ਬੁਲਾਕਾ ਸਿੰਘ ਤੇ ਕੁਝ ਹੋਰ ਸਿੰਘ ਭਾਈ ਤਾਰੂ ਸਿੰਘ ਜੀ ਦੇ ਪਾਸ ਜਾ ਕੇ ਸ਼ਹੀਦੀ ਪ੍ਰਾਪਤ ਕਰਾਂਗੇ।"

ਪਰ ਜਥੇਦਾਰ ਭਾਈ ਮਹਿਤਾਬ ਸਿੰਘ ਜੀ ਨਾ ਮੰਨੇ। ਸ. ਮਹਿਤਾਬ ਸਿੰਘ ਜੀ ਮੀਰਾਂਕੋਟ ਨੇ ਕਿਹਾ, "ਗੁਰੂ ਰੂਪ ਖ਼ਾਲਸਾ ਜੀਓ, ਸਿੰਘ ਦਾ ਕਰਮ ਨਹੀਂ ਕਿ ਕੀਤੇ ਬਚਨ ਤੋਂ ਮੁੱਖ ਮੋੜੇ। ਸਿੰਘ ਦਾ ਕਰਮ ਹੈ ਕਿ ਸੀਸ ਲੱਥ ਜਾਵੇ, ਪਰ ਸਿੰਘ ਜ਼ੁਬਾਨੋਂ ਨਹੀਂ ਹਾਰਦੇ। ਤੁਸੀਂ ਖ਼ਾਲਸਾ ਜੀਓ, ਅਸੀਸ ਦੇਵੋ ਕਿ ਸਿੱਖ ਦਾ ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਅਕਾਲ ਪੁਰਖ ਵਾਹਿਗੁਰੂ ਨਿਭਾਵੇ। ਇਹ ਸਰੀਰ ਧਰਮ ਹੇਤ ਲੱਗ ਜਾਵੇ। ਸਿੰਘ ਸਾਹਿਬ ਭਾਈ ਮਨੀ ਸਿੰਘ ਜੀ ਵਾਂਗ ਸ਼ਹੀਦੀ ਪ੍ਰਾਪਤ ਕਰ ਕੇ ਭਾਈ ਤਾਰੂ ਸਿੰਘ ਜੀ ਦੇ ਨਾਲ ਸ਼ਹੀਦੀ ਪ੍ਰਾਪਤ ਕਰ ਕੇ ਗੁਰੂ ਚਰਨਾਂ ਵਿਚ ਇਕੱਠੇ ਜਾ ਕੇ ਬਿਰਾਜਮਾਨ ਹੋਈਏ।"

ਭਾਈ ਮਹਿਤਾਬ ਸਿੰਘ ਜੀ ਨੇ ਜੰਗੀ ਸ਼ਸਤਰ ਲਾਹ ਕੇ ਪਾਸੇ ਰੱਖ ਦਿੱਤੇ, ਹੱਥ ਵਿਚ ਸੋਟਾ ਫੜ ਲਿਆ। ਭਾਈ ਤਾਰੂ ਸਿੰਘ ਜੀ ਪਾਸ ਲਾਹੌਰ ਜਾ ਕੇ ਸ਼ਹੀਦੀ ਪਾਉਣੀ ਮਿੱਥ ਕੇ ਭਾਈ ਮਹਿਤਾਬ ਸਿੰਘ ਜੀ ਉਸ ਪਾਸੇ ਵੱਲ ਤੁਰ ਪਏ, ਜਿਸ ਪਾਸੇ ਹਰਭਗਤ ਨਿਰੰਜਨੀ ਫ਼ੌਜ ਲੈ ਕੇ ਸਿੰਘਾਂ ਦੀ ਭਾਲ ਵਿਚ ਫਿਰਦਾ ਸੀ। ਸ. ਮਹਿਤਾਬ ਸਿੰਘ ਜੀ ਨੂੰ ਸਿੱਖੀ ਸਰੂਪ ਵਿਚ ਵੇਖ ਕੇ ਸਿੱਖ ਜਾਣ ਕੇ ਹਰਭਗਤ ਨਿਰੰਜਨੀ ਨੇ ਫ਼ੌਜ ਨੂੰ ਆਖ ਕੇ ਫੜ ਲਿਆ। ਫ਼ੌਜ ਨੇ ਸ. ਮਹਿਤਾਬ ਸਿੰਘ ਦੇ ਹੱਥ ਪੈਰ ਰੱਸੇ ਨਾਲ ਬੰਨ੍ਹ ਕੇ ਗੱਡੇ ਉੱਤੇ ਬਿਠਾ ਲਿਆ।

ਹਰਭਗਤ ਨਿਰੰਜਨੀ ਫ਼ੌਜ ਦੀ ਕਰੜਾਈ ਹੇਠ ਸ. ਮਹਿਤਾਬ ਸਿੰਘ ਨੂੰ ਗੱਡੇ

ਉੱਤੇ ਬੰਨ੍ਹ ਕੇ ਸ਼ਨਾਖ਼ਤ ਕਰਾਉਣ ਲਈ ਪਿੰਡ ਮੀਰਾਂਕੋਟ ਪਹੁੰਚ ਗਿਆ। ਪਿੰਡ ਦੇ ਲੋਕ ਇਕੱਠੇ ਹੋ ਗਏ। ਹਰਭਗਤ ਨਿਰੰਜਨੀ ਨੇ ਮੀਰਾਂਕੋਟ ਦੇ ਲੋਕਾਂ ਨੂੰ ਆਖਿਆ ਕਿ ਪਿੰਡ ਵਾਲਿਓ, ਇਸ ਸਿੱਖ ਨੂੰ ਸਿਆਣ ਕੇ ਦੱਸੋ ਕਿ ਇਹ ਕਿਸ ਪਿੰਡ ਦਾ ਕਿਹੜਾ ਸਿੰਘ ਹੈ ? ਕਿਤੇ ਤੁਹਾਡੇ ਪਿੰਡ ਦਾ ਮਹਿਤਾਬ ਸਿੰਘ ਸੂਰਮਾ ਤੇ ਨਹੀਂ।

ਭਾਈ ਮਹਿਤਾਬ ਸਿੰਘ ਨੇ ਪਿੰਡ ਵਾਲਿਆਂ ਨੂੰ ਉਂਗਲੀ ਦੇ ਇਸ਼ਾਰੇ ਨਾਲ ਪਛਾਣ ਨਾ ਕਰਨ ਲਈ ਕਿਹਾ। ਪਿੰਡ ਮੀਰਾਂਕੋਟ ਦੇ ਵਾਸੀਆਂ ਨੇ ਭਾਈ ਮਹਿਤਾਬ ਸਿੰਘ ਜੀ ਦੇ ਦਰਸ਼ਨ ਕੀਤੇ ਪਰ ਕਿਸੇ ਨੇ ਵੀ ਹਰਭਗਤ ਨਿਰੰਜਨੀ ਨੂੰ ਨਾ ਦੱਸਿਆ ਕਿ ਇਹੋ ਮਹਿਤਾਬ ਸਿੰਘ ਮਹਾਂਬਲੀ ਸੂਰਮਾ, ਸਾਡੇ ਪਿੰਡ ਮੀਰਾਂਕੋਟ ਦਾ ਹੈ। ਸ. ਮਹਿਤਾਬ ਸਿੰਘ ਜੀ ਮੀਰਾਂਕੋਟ ਆਪਣੀ ਸ਼ਨਾਖ਼ਤ ਨਹੀਂ ਸੀ ਕਰਾਉਣੀ ਚਾਹੁੰਦਾ। ਭਾਈ ਮਹਿਤਾਬ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਪਾਸ ਲਾਹੌਰ ਪੁੱਜਣ ਦੀ ਪੱਕੀ ਰਣਨੀਤੀ ਧਾਰੀ ਹੋਈ ਸੀ।

ਹਰਭਗਤ ਨਿਰੰਜਨੀ ਫ਼ੌਜ ਦੀ ਨਿਗਰਾਨੀ ਹੇਠ ਭਾਈ ਮਹਿਤਾਬ ਸਿੰਘ ਜੀ ਮੀਰਾਂਕੋਟੀ ਨੂੰ ਗੱਡੇ ਉੱਤੇ ਨੂੜ ਕੇ ਬੱਧਾ ਤੇ ਗੱਡੇ ਨੂੰ ਲਾਹੌਰ ਲੈ ਗਿਆ।

ਪਿੰਡ ਮੀਰਾਂਕੋਟ ਦੇ ਲੋਕ ਹੈਰਾਨ ਸਨ ਕਿ ਏਡਾ ਵੱਡਾ ਸੂਰਮਾ ਇਕੱਲਾ ਕਾਰਾ ਭਾਈ ਮਹਿਤਾਬ ਸਿੰਘ ਹਰਭਗਤ ਨਿਰੰਜਨੀ ਦੀ ਫ਼ੌਜ ਦੇ ਕਾਬੂ ਕਿਵੇਂ ਆ ਗਿਆ ? ਇਹ ਕੋਈ ਨਹੀਂ ਸੀ ਜਾਣਦਾ ਕਿ ਕਹਿਣੀ ਦਾ ਪੂਰਾ, ਕਰਨੀ ਦਾ ਸੂਰਾ ਆਪਣਾ ਪ੍ਰਣ ਨਿਭਾਉਣ ਲਈ ਭਾਈ ਤਾਰੂ ਸਿੰਘ ਦੇ ਸਾਥ ਸ਼ਹੀਦੀ ਪਾਉਣ ਲਈ ਲਾਹੌਰ ਨੂੰ ਜਾ ਰਿਹਾ ਹੈ।

ਹਰਭਗਤ ਨਿਰੰਜਨੀ ਸ. ਮਹਿਤਾਬ ਸਿੰਘ ਨੂੰ ਫੜ ਕੇ ਲਾਹੌਰ ਪਹੁੰਚ ਗਿਆ। ਜ਼ਕਰੀਆ ਖ਼ਾਨ ਸੂਬੇਦਾਰ ਲਾਹੌਰ ਨੂੰ ਇਕ ਸਿੰਘ ਫੜ ਕੇ ਲਿਆਉਣ ਦੀ ਸੂਚਨਾ ਦਿੱਤੀ। ਭਾਈ ਮਹਿਤਾਬ ਸਿੰਘ ਨੂੰ ਜੇਲ੍ਹ ਵਿਚ ਭਾਈ ਤਾਰੂ ਸਿੰਘ ਦੇ ਨਾਲ ਕੋਠੜੀ ਵਿਚ ਬੰਦ ਕਰ ਦਿੱਤਾ। ਭਾਈ ਤਾਰੂ ਸਿੰਘ ਜੀ ਨੇ ਜਦੋਂ ਭਾਈ ਮਹਿਤਾਬ ਸਿੰਘ ਨੂੰ ਤੱਕਿਆ ਤਾਂ ਹੈਰਾਨ ਹੋ ਗਏ। ਦੋਵਾਂ ਸਿੰਘਾਂ ਨੇ ਇਕ ਦੂਜੇ ਨੂੰ ਮਿਲ ਕੇ ਖ਼ੁਸ਼ੀ ਮਨਾਈ।

ਭਾਈ ਤਾਰੂ ਸਿੰਘ ਜੀ ਨੇ ਪੁੱਛਿਆ, "ਭਾਈ ਮਹਿਤਾਬ ਸਿੰਘ ਜੀ, ਤੁਸੀਂ ਤਾਂ ਬੜੇ ਵੱਡੇ ਜਥੇ ਨਾਲ ਰਹਿੰਦੇ ਸੀ, ਤੁਸੀਂ ਕਿਵੇਂ ਕਾਬੂ ਆ ਗਏ ?"

ਭਾਈ ਮਹਿਤਾਬ ਸਿੰਘ ਜੀ, "ਭਾਈ ਸਾਹਿਬ, ਕਾਬੂ ਆਏ ਨਹੀਂ। ਆਪ ਜੀ ਦੇ ਨਾਲ ਸ਼ਹੀਦ ਹੋਣ ਲਈ ਆਪਣੇ ਆਪ ਚੱਲ ਕੇ ਆਏ ਹਾਂ। ਜਦੋਂ ਸੁਣਿਆ ਕਿ ਭਾਈ ਤਾਰੂ ਸਿੰਘ ਜੀ ਨਵਾਬ ਜ਼ਕਰੀਆ ਖ਼ਾਨ ਪਾਸ ਲਾਹੌਰ ਪਹੁੰਚ ਗਏ ਹਨ ਤਾਂ ਅਸੀਂ ਵੀ ਫ਼ੈਸਲਾ ਕਰ ਲਿਆ ਕਿ ਭਾਈ ਤਾਰੂ ਸਿੰਘ ਜੀ ਨਾਲ ਸਾਡਾ ਪਿਆਰ ਹੈ, ਬਚਨ ਹੈ ਇਕੱਠੇ ਹੀ ਜੀਵਨ-ਮਰਨ ਦਾ, ਉਹਨਾਂ ਪਾਸ ਚੱਲੀਏ ਤੇ ਜੀਊਣ-ਮਰਨ ਦਾ ਬਚਨ ਸਫਲ ਕਰੀਏ। ਭਾਈ ਤਾਰੂ ਸਿੰਘ ਜੀ, ਸਾਡਾ ਤੁਹਾਡੇ

ਨਾਲ ਪਿਆਰ ਹੈ, ਅਸੀਂ ਕਿਵੇਂ ਪਿੱਛੇ ਰਹਿ ਜਾਂਦੇ।"

ਸਿੰਘ ਗੱਲਾਂ ਕਰ ਰਹੇ ਸਨ। ਇਤਨੇ ਚਿਰ ਨੂੰ ਸਿਪਾਹੀਆਂ ਨੇ ਕੋਠੜੀ ਦਾ ਬੂਹਾ ਖੋਲ੍ਹਿਆ। ਕੁਝ ਪੰਜ ਕੁ ਸਿੰਘ ਭਾਈ ਤਾਰੂ ਸਿੰਘ ਵਾਲੀ ਕੋਠੜੀ ਵਿਚ ਬੰਦ ਕਰ ਦਿੱਤੇ। ਪੰਜ ਸਿੰਘਾਂ ਨੇ ਅੱਗੇ ਬੈਠੇ ਭਾਈ ਤਾਰੂ ਸਿੰਘ ਜੀ ਤੇ ਭਾਈ ਮਹਿਤਾਬ ਸਿੰਘ ਜੀ ਨੂੰ ਵੇਖ ਕੇ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਈ। ਇਹ ਪੰਜ ਸਿੰਘ ਬਾਬਾ ਬੁਲਾਕਾ ਸਿੰਘ ਕੰਗਾਂ ਵਾਲਾ ਤੇ ਸਾਥੀ ਸਨ। ਭਾਈ ਤਾਰੂ ਸਿੰਘ ਜੀ ਨੇ ਪੁੱਛਿਆ, "ਬਾਬਾ ਬੁਲਾਕਾ ਸਿੰਘ ਜੀ, ਤੁਸੀਂ ਕਿਵੇਂ ?"

ਬਾਬਾ ਬੁਲਾਕਾ ਸਿੰਘ ਜੀ ਤੇ ਸਾਥੀ ਭਾਈ ਗਰਜਾ ਸਿੰਘ ਜੀ, ਭਾਈ ਦਿਆਲ ਸਿੰਘ ਜੀ ਸਹਿੰਸਰਾ, ਸ. ਰੂਪ ਸਿੰਘ ਤਖਾਣ ਖੁੱਡੀਆਂ ਦਾ, ਸ. ਹੀਰਾ ਸਿੰਘ ਰੰਘੜ ਨੰਗਲ ਆਦਿ ਸਿੰਘਾਂ ਨੇ ਆਖਿਆ, "ਭਾਈ ਤਾਰੂ ਸਿੰਘ ਜੀ, ਜਿਵੇਂ ਜਥੇਦਾਰ ਮਹਿਤਾਬ ਸਿੰਘ ਜੀ ਆਪ ਜੀ ਪਾਸ ਆਏ ਹਨ, ਉਸੇ ਤਰ੍ਹਾ ਆਪ ਜੀ ਦੇ ਸਾਥ ਇਕੱਠੇ ਸ਼ਹੀਦ ਹੋਣ ਲਈ ਅਸੀਂ ਵੀ ਆ ਗਏ ਹਾਂ।"

ਭਾਈ ਤਾਰੂ ਸਿੰਘ ਜੀ ਕਹਿਣ ਲੱਗੇ, "ਸਿੰਘੋ, ਤੁਸੀਂ ਧੰਨ ਹੋ, ਜਿਉਂਦੇ ਇਕੱਠੇ ਮਿਲਦੇ ਰਹਿੰਦੇ ਸੀ, ਹੁਣ ਸ਼ਹੀਦ ਵੀ ਇਕੱਠੇ ਹੀ ਹੋਵਾਂਗੇ।"

ਕਾਂਡ 24

ਸੰਨ 1745 ਦੇ ਜੂਨ ਮਹੀਨੇ ਦੀ 7 ਤਰੀਕ ਹੈ। ਕੋਤਵਾਲ ਨੇ ਸੋਲ੍ਹਾਂ ਸਿੰਘ ਜ਼ਕਰੀਆ ਖ਼ਾਨ ਬਹਾਦਰ ਦੀ ਕਚਹਿਰੀ ਵਿਚ ਪੇਸ਼ ਕੀਤੇ। ਇਹ ਸਿੰਘ ਸ.ਮਹਿਤਾਬ ਸਿੰਘ ਜੀ ਮੀਰਾਂਕੋਟ, ਭਾਈ ਤਾਰੂ ਸਿੰਘ ਜੀ ਪੂਹਲਾ, ਸ. ਗਰਜਾ ਸਿੰਘ, ਸ. ਦਿਆਲ ਸਿੰਘ ਜੀ ਸਹਿੰਸਰਾ, ਬਾਬਾ ਬੁਲਾਕਾ ਸਿੰਘ ਕੰਗਾਂ ਵਾਲਾ ਸਮੇਤ 16 ਸਿੰਘ ਸਨ। ਸਿੰਘਾਂ ਨੂੰ ਜ਼ਕਰੀਆ ਖ਼ਾਨ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਜ਼ਕਰੀਆ ਖ਼ਾਨ ਬਹਾਦਰ ਸੂਬੇਦਾਰ ਲਾਹੌਰ ਅਤੇ ਕਾਜ਼ੀ ਮੁਲਾਣੇ ਹਕੂਮਤੀ ਰੋਹਬ-ਦਾਬ ਵਿਚ ਤਖ਼ਤ 'ਤੇ ਬਿਰਾਜਮਾਨ ਸਨ। ਹਰ ਰੋਜ਼ ਕਚਹਿਰੀ ਲੱਗਦੀ ਹੈ। ਸਿੱਖਾਂ ਨੂੰ ਕਚਹਿਰੀ ਵਿਚ ਪੇਸ਼ ਕੀਤਾ ਜਾਂਦਾ ਹੈ ਤੇ ਮੁਸਲਮਾਨ ਬਣਨ ਜਾਂ ਕਤਲ ਹੋਣ ਦੇ ਫ਼ਤਵੇ ਦਿੱਤੇ ਜਾਂਦੇ ਹਨ। ਰੋਜ਼ਾਨਾ ਅਨੇਕਾਂ ਹੀ ਸਿੰਘ ਲਾਹੌਰ ਦੇ ਨਿਖ਼ਾਸ ਚੌਂਕ ਵਿਚ ਸ਼ਹੀਦ ਕੀਤੇ ਜਾਂਦੇ ਹਨ। ਲਾਹੌਰ ਸ਼ਹਿਰ ਦਾ ਨਿਖ਼ਾਸ ਚੌਂਕ ਸਿੱਖਾਂ ਦੀ ਕਤਲਗਾਹ ਹੈ। ਲਾਹੌਰ ਵਿਚ ਫੜ ਕੇ ਲਿਆਂਦੇ ਸਿੱਖਾਂ ਉੱਤੇ ਹਕੂਮਤ ਦੇ ਰਹਿਮ ਦੀ ਕੋਈ ਆਸ ਨਹੀਂ। ਜੋ ਸਿੱਖ ਲਾਹੌਰ ਦੀ ਕਚਹਿਰੀ ਵਿਚ ਪਹੁੰਚ ਜਾਂਦਾ, ਤਸੀਹੇ ਦੇ ਕੇ ਸ਼ਹੀਦ ਕੀਤਾ ਜਾਂਦਾ ਹੈ। ਹਕੂਮਤ ਸਿੰਘਾਂ ਦੇ ਨਵੇਂ ਸੂਰਜ ਸਿਦਕ ਪਰਖਦੀ ਹੈ।

ਭਾਈ ਤਾਰੂ ਸਿੰਘ ਜੀ, ਭਾਈ ਮਹਿਤਾਬ ਸਿੰਘ ਜੀ, ਭਾਈ ਗਰਜਾ ਸਿੰਘ ਜੀ, ਭਾਈ ਦਿਆਲ ਸਿੰਘ ਜੀ ਸਹਿੰਸਰਾ, ਬਾਬਾ ਬੁਲਾਕਾ ਸਿੰਘ ਜੀ ਕੰਗਾਂ ਵਾਲਾ ਨੂੰ ਜ਼ਕਰੀਆ ਖ਼ਾਨ ਦੇ ਸਾਹਮਣੇ ਲਾਹੌਰ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸਿੰਘਾਂ ਦੇ ਪੈਰਾਂ ਨੂੰ ਬੇੜੀਆਂ ਪਾਈਆਂ ਹੋਈਆਂ ਹਨ ਤੇ ਹੱਥਾਂ ਨੂੰ ਹਥਕੜੀਆਂ ਲਾਈਆਂ ਹੋਈਆਂ ਹਨ।

ਸਿੰਘਾਂ ਨੇ ਕਚਹਿਰੀ ਵਿਚ ਦਾਖ਼ਲ ਹੁੰਦਿਆਂ ਹੀ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਈ। ਸਿੰਘਾਂ ਏਨੀ ਜ਼ੋਰ ਦੀ ਗੱਜ ਕੇ ਫ਼ਤਹਿ ਬੁਲਾਈ ਕਿ ਕਚਹਿਰੀ ਗੂੰਜ ਉੱਠੀ। ਕਾਜ਼ੀ ਉੱਠ ਕੇ ਕਹਿਣ ਲੱਗਾ, "ਕਾਫ਼ਰੋ (ਸਿੰਘੋ), ਤੁਹਾਨੂੰ ਪਤਾ ਨਹੀਂ ਕਿ ਸੂਬੇਦਾਰ ਜ਼ਕਰੀਆ ਖ਼ਾਨ ਬਹਾਦਰ ਲਾਹੌਰ ਦੀ ਕਚਹਿਰੀ ਹੈ। ਇਥੇ ਸਲਾਮ ਅਰਜ਼ ਕਰਨੀ ਹੈ। ਤੁਸੀਂ ਕਾਫ਼ਰੋ (ਸਿੰਘੋ) ਕਚਹਿਰੀ ਤੇ ਹਕੂਮਤ ਦੀ ਬੇਇੱਜ਼ਤੀ ਕਰ ਰਹੇ ਹੋ।"

ਜ਼ਕਰੀਆ ਖ਼ਾਨ ਸਿੰਘਾਂ ਦੀ ਬੁਲੰਦ ਫ਼ਤਹਿ ਸੁਣ ਕੇ ਸੜ-ਬਲ ਗਿਆ ਸੀ। ਉਸ ਨੇ ਹੁਕਮ ਦਿੱਤਾ, "ਕਾਫ਼ਰ ਬਾਗ਼ੀ ਸਿੰਘਾਂ ਨੇ ਬਾਗ਼ੀ ਹੋਣ ਦਾ ਸਬੂਤ ਫ਼ਤਹਿ ਬੁਲਾ ਕੇ ਦਿੱਤਾ ਹੈ। ਇਸ ਲਈ ਬਾਗ਼ੀ ਸਿੰਘਾਂ ਨੂੰ ਮੌਤ ਜਾਂ ਇਸਲਾਮ ਧਰਮ ਕਬੂਲਣ ਦੀ ਸਜ਼ਾ ਦਿੱਤੀ ਜਾਂਦੀ ਹੈ। ਬਾਗ਼ੀ ਸਿੱਖਾਂ ਨੂੰ ਦੋ ਦਿਨ ਸੋਚਣ ਦਾ ਮੌਕਾ ਦਿੱਤਾ ਜਾਂਦਾ ਹੈ।"

ਕੋਤਵਾਲ ਨੇ ਪੰਜਾਂ ਸਿੰਘਾਂ ਨੂੰ ਜੇਲ੍ਹ ਵਿਚ ਲਿਜਾ ਕੇ ਮੁੜ ਬੰਦ ਕਰ ਦਿੱਤਾ। ਮੁਗ਼ਲ ਹਕੂਮਤ ਦਾ ਕਾਨੂੰਨ ਸੀ ਹਿੰਦੂ ਅਤੇ ਸਿੱਖਾਂ ਦੀ ਜੇਲ੍ਹ ਅੱਡ ਹੁੰਦੀ ਸੀ ਤੇ ਮੁਸਲਮਾਨਾਂ ਦੀ ਜੇਲ੍ਹ ਅੱਡ ਹੁੰਦੀ ਸੀ। ਹਿੰਦੂ ਅਤੇ ਸਿੱਖ ਕੈਦੀਆਂ ਦੀ ਰੋਟੀ ਹਿੰਦੂ ਰਸੋਈਏ ਵੱਲੋਂ ਤਿਆਰ ਕੀਤੀ ਜਾਂਦੀ ਸੀ। ਹਿੰਦੂ ਰਸੋਈਏ ਨੇ ਰੋਟੀ ਤਿਆਰ ਕਰ ਕੇ ਸਿੰਘਾਂ ਨੂੰ ਦੇ ਜਾਣੀ। ਸਿੰਘਾਂ ਨੇ ਰੋਟੀ-ਪਾਣੀ ਛਕ ਕੇ 'ਸਤਿਨਾਮ ਵਾਹਿਗੁਰੂ' ਦਾ ਸਿਮਰਨ ਕਰਦੇ ਰਹਿਣਾ। 'ਵਾਹਿਗੁਰੂ ਵਾਹਿਗੁਰੂ' ਜਪੀ ਜਾਣਾ ਜਾਂ ਇਕ ਸਿੰਘ ਨੇ ਜ਼ੁਬਾਨੀ ਕੰਠ ਗੁਰਬਾਣੀ ਦਾ ਪਾਠ ਕਰਨਾ, ਦੂਜੇ ਸਿੰਘਾਂ ਨੇ ਗੁਰਬਾਣੀ ਦਾ ਪਾਠ ਸੁਣਦੇ ਰਹਿਣਾ। ਅਕਾਲ ਪੁਰਖ ਵਾਹਿਗੁਰੂ ਅੱਗੇ ਇਹੋ ਅਰਦਾਸ ਕਰਨੀ ਕਿ ਹੇ ਸੱਚੇ ਪਾਤਸ਼ਾਹ ਵਾਹਿਗੁਰੂ, ਆਪਣੇ ਸਿੱਖਾਂ ਦਾ ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭਾਉਣਾ। ਵਾਹਿਗੁਰੂ ਜੀਓ, ਸਿੱਖਾਂ ਦੇ ਅੰਗ-ਸੰਗ ਸਹਾਈ ਰਹਿਣਾ। ਸਿੰਘਾਂ ਨੇ ਸ਼ਹੀਦ ਸਿੰਘਾਂ ਦੀਆਂ ਕੁਰਬਾਨੀਆਂ ਦਾ ਧਿਆਨ ਧਰ ਕੇ ਇਹ ਕਾਮਨਾ ਕਰਨੀ। ਸ਼ਹੀਦ ਸਿੰਘ ਦੇ ਸੰਗ ਸਿੱਖੀ ਕੇਸਾਂ-ਸਵਾਸਾਂ ਸੰਗ ਨਿਭਾ ਕੇ ਪੁੱਜੀਏ।

ਦੋ ਦਿਨਾਂ ਦੇ ਬਾਅਦ ਸ. ਮਹਿਤਾਬ ਸਿੰਘ ਮੀਰਾਂਕੋਟ, ਭਾਈ ਤਾਰੂ ਸਿੰਘ, ਬਾਬਾ ਬੁਲਾਕਾ ਸਿੰਘ ਕੰਗਾਂ ਵਾਲਾ ਤੇ ਭਾਈ ਦਿਆਲ ਸਿੰਘ ਸਹਿੰਸਰਾ, ਭਾਈ ਗਰਜਾ ਸਿੰਘ ਜੀ ਨੂੰ ਸੂਬੇਦਾਰ ਜ਼ਕਰੀਆ ਖ਼ਾਨ ਦੀ ਕਚਹਿਰੀ ਵਿਚ ਲਾਹੌਰ ਪੇਸ਼ ਕੀਤਾ ਗਿਆ। ਸਿੰਘਾਂ ਨੇ ਕਚਹਿਰੀ ਵਿਚ ਦਾਖ਼ਲ ਹੁੰਦਿਆਂ ਹੀ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ। ਸਿੰਘਾਂ ਦੀ ਫ਼ਤਹਿ ਸੁਣ ਕੇ ਜ਼ਕਰੀਆ ਖ਼ਾਨ ਸੜ-ਬਲ ਗਿਆ। ਕਚਹਿਰੀ ਦੀ ਕਾਰਵਾਈ ਸ਼ੁਰੂ ਹੋਈ।

ਸੂਬੇਦਾਰ ਜ਼ਕਰੀਆ ਖ਼ਾਨ, ਦੀਵਾਨ ਲਖਪਤ ਰਾਏ ਅਤੇ ਕਾਜ਼ੀ ਮੁਲਾਣੇ ਨੇ ਇਕ-ਦੂਜੇ ਵੱਲ ਵੇਖਿਆ ਤੇ ਸੁਰ ਰਲਾਈ, "ਇਹ ਸਿੰਘ ਛੇਤੀ ਕੀਤਿਆਂ ਇਸਲਾਮ ਧਰਮ ਵਿਚ ਆਉਣ ਵਾਲੇ ਨਹੀਂ।"

ਜ਼ਕਰੀਆ ਖ਼ਾਨ ਨੇ ਹਾਕਮੀ ਰੋਹਬ ਵਿਚ ਆਖਿਆ, "ਕਾਫ਼ਰੋ, ਤੁਸੀਂ ਬਾਗ਼ੀ ਸਿੰਘ ਹੋ। ਇਸ ਦਾ ਸਬੂਤ ਕਚਹਿਰੀ ਵਿਚ ਫ਼ਤਹਿ ਬੁਲਾ ਕੇ, ਹੁਕਮ ਅਦੂਲੀ ਕਰ ਕੇ ਦਿੱਤਾ ਹੈ।"

ਸਿੰਘਾਂ ਨੇ ਅੱਗੋਂ ਹੱਸ ਕੇ ਕਿਹਾ, "ਨਵਾਬ, ਅਸੀਂ ਸਿੰਘ ਹਾਂ, ਅਸੀਂ ਗੁਰ-ਫ਼ਤਹਿ ਬੁਲਾਈ ਹੈ।"

ਜ਼ਕਰੀਆ ਖ਼ਾਨ, "ਤੁਸੀਂ ਸਰਕਾਰ ਦੇ ਬਾਗ਼ੀ ਹੋ, ਤੁਸੀਂ ਫ਼ੌਜਦਾਰ ਚੌਧਰੀ

ਮੱਸੇ ਦਾ ਕਤਲ ਕੀਤਾ ਹੈ।"

ਸ. ਮਹਿਤਾਬ ਸਿੰਘ, "ਨਵਾਬ, ਚੌਧਰੀ ਮੱਸੇ ਦਾ ਕਤਲ ਮੈਂ (ਮਹਿਤਾਬ ਸਿੰਘ) ਅਤੇ ਮੇਰੇ ਸਾਥੀ ਭਾਈ ਸੁੱਖਾ ਸਿੰਘ ਕੰਬੋਕੀ ਮਾੜੀ ਨੇ ਕੀਤਾ ਹੈ।"

ਜ਼ਕਰੀਆ ਖ਼ਾਨ, "ਤੁਹਾਨੂੰ ਪਤਾ ਨਹੀਂ ਕਿ ਹਕੂਮਤ ਨੇ ਉਸ ਨੂੰ ਅੰਮ੍ਰਿਤਸਰ ਦਾ ਫ਼ੌਜਦਾਰ ਨਿਯੁਕਤ ਕੀਤਾ ਸੀ। ਤੁਸੀਂ ਬਾਗ਼ੀ ਸਿੰਘ ਉਸ ਦਾ ਸਿਰ ਵੱਢ ਕੇ ਲੈ ਗਏ। ਕੀ ਤੁਹਾਨੂੰ ਪਤਾ ਨਹੀਂ ਕਿ ਸਰਕਾਰੀ ਅਫ਼ਸਰਾਂ ਦੇ ਕਤਲ ਦਾ ਕੀ ਨਤੀਜਾ ਨਿਕਲਦਾ ਹੈ।"

ਸ. ਮਹਿਤਾਬ ਸਿੰਘ, "ਨਵਾਬ, ਚੌਧਰੀ ਮੱਸਾ ਰੰਘੜ ਪਰਮਾਤਮਾ ਦੇ ਘਰ ਸਿੱਖਾਂ ਦੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕਰ ਰਿਹਾ ਸੀ। ਉਸ ਨੂੰ ਅਸੀਂ ਮਾਰਨਾ ਹੀ ਸੀ। ਜੋ ਸਿੱਖਾਂ ਦੇ ਹਰਿਮੰਦਰ ਸਾਹਿਬ ਦੀ ਬੇਅਦਬੀ ਕਰੇਗਾ, ਉਸ ਦਾ ਅਜਿਹਾ ਹੀ ਹਸ਼ਰ ਹੋਵੇਗਾ। ਜਿਹੜਾ ਦੁਸ਼ਟ ਸਿੱਖਾਂ ਦੇ ਹਰਿਮੰਦਰ ਸਾਹਿਬ ਅੰਦਰ ਮੰਜਾ ਡਾਹ ਕੇ ਹੁੱਕੇ ਪੀਵੇ, ਕੰਜਰੀਆਂ ਨਚਾਵੇ, ਸ਼ਰਾਬਾਂ ਕਬਾਬਾਂ ਦੇ ਦੌਰ ਚਲਾਵੇ, ਹਰਿਮੰਦਰ ਸਾਹਿਬ ਦੀ ਪਵਿੱਤਰਤਾ ਭੰਗ ਕਰੇ, ਹਰਿਮੰਦਰ ਸਾਹਿਬ 'ਤੇ ਫ਼ੌਜਾਂ ਦੇ ਹਮਲੇ ਕਰੇ, ਉਸ ਨੂੰ ਖ਼ਤਮ ਕੀਤੇ ਬਿਨਾਂ ਸਿੱਖਾਂ ਦਾ ਖਾਣਾ ਪੀਣਾ ਜਿਊਣਾ ਹਰਾਮ ਹੈ। ਗੁਰਬਾਣੀ ਦਾ ਫ਼ੁਰਮਾਨ ਹੈ—ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥ ਅਸੀਂ ਅਣਖ ਨਾਲ ਜਿਊਣਾ ਹੈ। ਹਰਿਮੰਦਰ ਸਾਹਿਬ ਸੱਚੇ ਰੱਬ ਦਾ ਘਰ ਹੈ। ਸਿੰਘ ਹਰਿਮੰਦਰ ਸਾਹਿਬ ਦੇ ਬੇਅਦਬੀ ਹੁੰਦੀ ਬਰਦਾਸ਼ਤ ਨਹੀਂ ਕਰ ਸਕਦਾ।"

ਸ. ਮਹਿਤਾਬ ਸਿੰਘ ਦੀਆਂ ਖਰੀਆਂ-ਖਰੀਆਂ, ਸੱਚੀਆਂ ਗੱਲਾਂ ਸੁਣ ਕੇ ਕਾਜ਼ੀ ਕਹਿਣ ਲੱਗਾ, "ਹਜ਼ੂਰ ਸਰਕਾਰ, ਬਾਗ਼ੀ ਸਿੰਘ ਫ਼ੌਜਦਾਰ ਮੱਸੇ ਚੌਧਰੀ ਦੇ ਕਤਲ ਦਾ ਇਕਬਾਲ ਕਰਦਾ ਹੈ। ਹੋਰ ਕਿਸੇ ਗਵਾਹੀ ਦੀ ਲੋੜ ਨਹੀਂ। ਕਾਤਲ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ।"

ਸ. ਮਹਿਤਾਬ ਸਿੰਘ, "ਕਾਜ਼ੀ ਸਾਹਿਬ, ਮੌਤ ਤੋਂ ਕੋਈ ਵੱਡੀ ਸਜ਼ਾ ਹੈ ਤਾਂ ਉਹ ਦੇ ਦਿਉ। ਕੋਈ ਕਾਹਲੀ ਦੀ ਲੋੜ ਨਹੀਂ। ਮੌਤ ਦੀ ਸਜ਼ਾ ਤਾਂ ਅਕਾਲ ਪੁਰਖ ਵਾਹਿਗੁਰੂ ਨੇ ਪਹਿਲਾਂ ਹੀ ਠੀਕ ਵਕਤ 'ਤੇ ਲਿਖੀ ਹੈ। ਗੁਰਬਾਣੀ ਫ਼ੁਰਮਾਨ ਹੈ—ਮਰਨ ਲਿਖਾਏ ਮੰਡਲ ਮੇ ਆਏ॥"

ਕਾਜ਼ੀ, "ਹਜ਼ੂਰ ਸਰਕਾਰ, ਹਜ਼ੂਰ ਦੇ ਹੁਕਮ ਦਾ ਬਾਗ਼ੀ ਸਿੰਘ ਮਜ਼ਾਕ ਉਡਾ ਰਹੇ ਹਨ।"

ਸ. ਮਹਿਤਾਬ ਸਿੰਘ ਤੇ ਉਸ ਦੇ ਸਾਥੀ ਕਾਜ਼ੀ ਦੀ ਗੱਲ ਸੁਣ ਕੇ ਮੁਸਕਰਾ ਪਏ।

ਕਾਜ਼ੀ ਨੇ ਗੁੱਸੇ ਨਾਲ ਕਿਹਾ, "ਕਾਫ਼ਰੋ, ਕਚਹਿਰੀ ਦਾ ਅਦਬ ਬਹਾਲ ਰੱਖੋ।"

ਸ. ਮਹਿਤਾਬ ਸਿੰਘ ਤੇ ਸਾਥੀ ਪਹਿਲਾਂ ਤੋਂ ਜ਼ਿਆਦਾ ਹੱਸੇ, ਜਿਵੇਂ ਸਿੰਘਾਂ ਵਿਰੁੱਧ ਹੋਇਆ ਹੀ ਕੁਝ ਨਹੀਂ ਹੁੰਦਾ। ਸਿੰਘ ਮੌਤ ਨੂੰ ਮਖ਼ੌਲਾਂ ਕਰ ਰਹੇ ਹੋਣ।

ਜ਼ਕਰੀਆ ਖ਼ਾਨ, "ਕਾਫ਼ਰੋ, ਹੱਸਦੇ ਕਿਉਂ ਹੋ, ਤੁਸੀਂ ਸਰਕਾਰ ਦੇ ਬਾਗ਼ੀ ਹੋ।"

ਸ. ਮਹਿਤਾਬ ਸਿੰਘ, "ਨਵਾਬ, ਅਸੀਂ ਹੱਸਦੇ ਹਾਂ ਕਿ ਤੁਹਾਡੇ ਮੂੰਹੋਂ ਨਿਕਲੇ ਕਾਫ਼ਰ, ਬਾਗ਼ੀ ਸ਼ਬਦ ਸਾਨੂੰ ਬੜੇ ਸੋਹਣੇ ਲੱਗਦੇ ਹਨ। ਅਸੀਂ ਬਾਗ਼ੀ, ਧਰਮ ਤੋਂ ਕੁਰਬਾਨ ਹੋਣ ਵਾਲੇ ਨੂੰ ਹਕੂਮਤੀ ਜ਼ੁਲਮ ਵਿਰੁੱਧ ਟੱਕਰ ਲੈਣ ਵਾਲੇ ਤਲਵਾਰ ਉਠਾਉਣ ਵਾਲੇ ਨੂੰ ਬੜੇ ਮਾਣ ਨਾਲ ਕਹਿੰਦੇ ਹਾਂ, ਤੁਸੀਂ ਘਿਰਣਾ ਨਾਲ। ਤੁਸੀਂ ਸੱਚੀ ਸਰਕਾਰ ਦੇ ਬਾਗ਼ੀ ਹੋ, ਅਸੀਂ ਤੁਹਾਡੇ ਲਈ ਬਾਗ਼ੀ ਹਾਂ।"

ਸਿੰਘਾਂ ਦੇ ਜਲਾਲ ਭਰੇ ਚਿਹਰਿਆਂ ਵੱਲ ਤੱਕ ਕੇ ਜ਼ਕਰੀਆ ਖ਼ਾਨ ਕਹਿਣ ਲੱਗਾ, "ਕਾਫ਼ਰੋ, ਤੁਸੀਂ ਦੱਸੋ ਕਿ ਅਸੀਂ ਕਿਸ ਸੱਚੀ ਸਰਕਾਰ ਦੇ ਬਾਗ਼ੀ ਹਾਂ?"

ਸ. ਮਹਿਤਾਬ ਸਿੰਘ, "ਨਵਾਬ, ਤੁਸੀਂ ਸੱਚੇ ਰੱਬ ਦੀ ਸਰਕਾਰ ਦੇ ਬਾਗ਼ੀ ਹੋ। ਜਿਸ ਨੂੰ ਅਸੀਂ ਵਾਹਿਗੁਰੂ ਕਹਿੰਦੇ ਹਾਂ, ਤੁਸੀਂ ਖ਼ੁਦਾ ਕਹਿੰਦੇ ਹੋ। ਖ਼ੁਦਾ ਨੇ, ਸੱਚੀ ਸਰਕਾਰ ਨੇ ਤੁਹਾਨੂੰ ਨਿਆਂ ਦਾ ਰਾਜ ਕਰਨ ਵਾਸਤੇ, ਪਰਜਾ ਨੂੰ ਸੁਖੀ ਰੱਖਣ ਵਾਸਤੇ ਨਿਆਂ ਦੀ ਕੁਰਸੀ ਬਖ਼ਸ਼ੀ ਹੈ। ਤੁਸੀਂ ਸੱਚੇ ਖ਼ੁਦਾ ਦੀ ਸਰਕਾਰ ਨੂੰ ਭੁੱਲ ਗਏ ਹੋ। ਪਰਜਾ ਉੱਤੇ ਜ਼ੁਲਮ ਕਰਦੇ ਹੋ। ਤੁਹਾਡੇ ਰਾਜ ਵਿਚ ਨਾਰੀ ਦਾ ਸਤ-ਧਰਮ ਭੰਗ ਕੀਤਾ ਜਾ ਰਿਹਾ ਹੈ। ਗ਼ਰੀਬਾਂ ਦੇ, ਪਰਜਾ ਦੇ ਹੱਕ ਖੋਹੇ ਜਾਂਦੇ ਹਨ। ਧਰਮ-ਮਜ਼ਹਬ ਦੇ ਨਾਂ ਉੱਤੇ ਖ਼ੁਦਾ ਦੇ ਬੰਦਿਆਂ ਦੀ ਬੇਰਹਿਮੀ ਨਾਲ ਕਤਲੇਆਮ ਕੀਤੀ ਜਾ ਰਹੀ ਹੈ। ਧਰਮ ਬਦਲਣ ਲਈ ਫ਼ੁਰਮਾਨ ਜਾਰੀ ਕੀਤੇ ਜਾਂਦੇ ਹਨ। ਖ਼ੁਦਾ ਦੇ ਘਰ ਦੀ ਘੋਰ ਬੇਹੁਰਮਤੀ ਕੀਤੀ ਜਾਂਦੀ ਹੈ। ਧਰਮੀ ਬੰਦਿਆਂ ਦਾ ਜਬਰੀ ਧਰਮ ਬਦਲਣ ਲਈ ਅਸਹਿ ਤੇ ਅਕਹਿ ਜ਼ੁਲਮ ਕਰ ਕੇ ਤੁਸੀਂ ਖ਼ੁਦਾ ਦੇ ਅਸੂਲਾਂ ਦੇ ਉਲਟ ਬੇਮੁੱਖ ਹੋ ਕੇ ਕਾਫ਼ਰਾਂ ਤੇ ਬਾਗ਼ੀਆਂ ਦਾ ਰੋਲ ਅਦਾ ਕਰ ਰਹੇ ਹੋ। ਅਕਾਲ ਪੁਰਖ ਦੀ ਦਰਗਾਹ ਵਿਚ ਸੱਚ-ਝੂਠ, ਨੇਕੀ-ਬਦੀ, ਧਰਮ-ਅਧਰਮ ਦੇ ਨਿਬੇੜੇ ਹੋਣੇ ਹਨ।"

ਸਿੰਘਾਂ ਦੀਆਂ ਸੱਚੀਆਂ ਤੇ ਖਰੀਆਂ, ਤਰਕ-ਭਰਪੂਰ ਗੱਲਾਂ ਸੁਣ ਕੇ ਕਚਹਿਰੀ ਵਿਚ ਸੰਨਾਟਾ ਛਾ ਗਿਆ।

ਜ਼ਕਰੀਆ ਖ਼ਾਨ, "ਕਾਫ਼ਰ, ਤੂੰ ਸਾਡੇ ਦੋਜ਼ਖ਼, ਸਵਰਗ, ਖ਼ੁਦਾ ਦੀ ਕਚਹਿਰੀ ਦੀ ਗੱਲ ਛੱਡ ਕੇ ਆਪਣੀ ਗੱਲ ਕਰ। ਤੂੰ ਬਾਗ਼ੀ ਹੋ ਕੇ ਚੌਧਰੀ ਮੱਸੇ ਦੇ ਕਤਲ ਦਾ ਇਕਬਾਲ ਕੀਤਾ ਹੈ। ਮਹਿਤਾਬ ਸਿੰਘ, ਤੂੰ ਜ਼ਿੰਦਗੀ ਚਾਹੁੰਦਾ ਹੈਂ ਤਾਂ ਇਸਲਾਮ ਧਰਮ ਕਬੂਲ ਕਰ ਲੈ ਤੇ ਮੁਸਲਮਾਨ ਬਣ ਜਾ। ਤੈਨੂੰ ਫ਼ੌਜ ਦਾ ਅਫ਼ਸਰ ਬਣਾ ਦੇਵਾਂਗਾ। ਤੇਰੇ ਜਿਹੇ ਬਹਾਦਰ ਸੂਰਮੇ, ਇਸਲਾਮ ਧਰਮ ਵਿਚ ਹੀ ਸੋਭਦੇ ਹਨ। ਲਾਹੌਰ ਦਰਬਾਰ ਵਿਚ ਜ਼ਿੰਦਗੀ ਦੀਆਂ ਮੌਜਾਂ ਮਾਣੀ। ਅਨਪੜ੍ਹ ਲੋਕ ਧਰਮ ਹੱਠ

ਨੂੰ ਮੁੱਖ ਰੱਖ ਕੇ ਦੁੱਖ ਪਾ ਕੇ ਮਰਦੇ ਹਨ। ਸਿਆਣੇ ਇਲਮ ਅਕਲ ਦੇ ਜ਼ੋਰ ਨਾਲ ਇਸ ਜ਼ਿੰਦਗੀ ਦੇ ਸੁੱਖ ਮਾਣਦੇ ਹਨ। ਮੂੰਹੋਂ ਮੰਗੇ ਸੁੱਖ ਭੋਗੋਗੇ। ਇਸਲਾਮ ਧਰਮ ਨਾ ਮੰਨਣ ਦੀ ਸੂਰਤ ਵਿਚ ਕਤਲ ਦੀ ਸਜ਼ਾ ਦਿੱਤੀ ਜਾਵੇਗੀ।"

ਸ. ਮਹਿਤਾਬ ਸਿੰਘ ਤੇ ਸਾਥੀ ਸਿੰਘਾਂ ਨੇ ਕਿਹਾ, "ਨਵਾਬ, ਅਸੀਂ ਸੱਚੇ ਸਿੰਘ ਹਾਂ। ਸਾਨੂੰ ਸੱਚੇ ਖ਼ਾਲਸਈ ਸਿੱਖ ਧਰਮ ਨੂੰ ਛੱਡ ਕੇ ਚਾਰ ਦਿਨਾਂ ਦੀ ਝੂਠੀ ਜ਼ਿੰਦਗੀ ਜਿਊਣ ਦਾ ਕੀ ਫ਼ਾਇਦਾ। ਜੇ ਮੁਸਲਮਾਨ ਹੋ ਕੇ ਮਰਨਾ ਨਾ ਹੋਵੇ ਤਾਂ ਮੁਸਲਮਾਨ ਬਣ ਜਾਈਏ। ਜੇ ਮੁਸਲਮਾਨ ਮਰਦੇ ਨਹੀਂ ਤਾਂ ਮੁਸਲਮਾਨ ਬਣ ਜਾਣਾ ਚਾਹੀਦਾ ਹੈ। ਜੇ ਮੁਸਲਮਾਨ ਹੋ ਕੇ ਵੀ ਅੰਤ ਨੂੰ ਮਰਨਾ ਹੈ, ਮੌਤ ਦੋਵੇਂ ਪਾਸੇ ਸਿਰਾਂ ਉੱਤੇ ਹੈ, ਫਿਰ ਕਿਉਂ ਨਾ ਸਿੱਖ ਧਰਮ ਤੋਂ ਕੁਰਬਾਨ ਹੋ ਕੇ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾ ਕੇ ਜੀਵਨ-ਮਰਨ ਸਫਲ ਕਰ ਕੇ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿਚ ਸੁਰਖ਼ਰੂ ਹੋ ਕੇ ਜਾਈਏ। ਸਤ-ਧਰਮ ਨਾਲ ਜਿਊਣ ਵਾਲੇ ਬਹਾਦਰਾਂ ਦੀ ਮੌਤ ਇਕ ਵਾਰੀ ਹੁੰਦੀ ਹੈ। ਝੂਠੀ ਜ਼ਿੰਦਗੀ ਨਾਲ ਪਿਆਰ ਕਰਨ ਵਾਲੇ ਡਰਪੋਕ ਹਰ ਰੋਜ਼ ਇਕ ਦਿਨ ਵਿਚ ਕਈ ਵਾਰ ਮਰਦੇ ਹਨ।"

ਸਿੰਘਾਂ ਦੀਆਂ ਖਰੀਆਂ-ਖਰੀਆਂ ਸੱਚੀਆਂ ਗੱਲਾਂ ਸੁਣ ਕੇ ਕਾਜ਼ੀ ਕਹਿਣ ਲੱਗਾ, "ਹਜ਼ੂਰ ਸਰਕਾਰ, ਕਾਫ਼ਰ ਬਾਗ਼ੀ ਇਸਲਾਮ ਧਰਮ ਮੰਨਣ ਤੋਂ ਇਨਕਾਰੀ ਹਨ। ਇਹਨਾਂ ਉੱਤੇ ਹੋਰ ਰਹਿਮ ਨਹੀਂ ਕੀਤਾ ਜਾ ਸਕਦਾ। ਬਾਗ਼ੀ ਸਿੰਘਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ।"

ਜ਼ਕਰੀਆ ਖ਼ਾਨ, "ਬਾਗ਼ੀ ਸਿੰਘਾਂ ਬਾਰੇ ਸ਼ਰ੍ਹਾ ਦਾ ਕੀ ਫ਼ੈਸਲਾ ਹੈ, ਦੱਸੋ?"

ਕਾਜ਼ੀ ਨੇ ਸ਼ਰ੍ਹਾ ਦੀ ਕਿਤਾਬ ਫੋਲ ਕੇ ਕਿਹਾ, "ਹਜ਼ੂਰ ਸਰਕਾਰ, ਬਾਗ਼ੀ ਸਿੰਘਾਂ ਬਾਰੇ ਸ਼ਰ੍ਹਾ ਇਸ ਤਰ੍ਹਾਂ ਫ਼ੈਸਲਾ ਲਾਗੂ ਕਰਦੀ ਹੈ:

'ਫ਼ੌਜਦਾਰ ਚੌਧਰੀ ਮੱਸੇ ਦੇ ਕਾਤਲ ਮਹਿਤਾਬ ਸਿੰਘ ਨੂੰ ਚਰਖੜੀ ਉੱਤੇ ਚੜ੍ਹਾ ਕੇ ਮਾਰਿਆ ਜਾਵੇ। ਦਿਆਲ ਸਿੰਘ ਸਹਿੰਸਰਾ, ਬੁਲਾਕਾ ਸਿੰਘ ਕੰਗਾਂ ਵਾਲੇ ਨੂੰ ਵੀ ਚਰਖੜੀ ਉੱਤੇ ਚਾੜ੍ਹ ਕੇ ਕਤਲ ਕੀਤਾ ਜਾਵੇ। ਗਰਜਾ ਸਿੰਘ ਨੂੰ ਜਿਉਂਦੇ ਨੂੰ ਸੂਲੀ ਉੱਤੇ ਚਾੜ੍ਹ ਕੇ ਮਾਰਿਆ ਜਾਵੇ। ਤਾਰੂ ਸਿੰਘ ਨੂੰ ਸ਼ਰ੍ਹਾ ਅਜੇ ਸਜ਼ਾ ਨਹੀਂ ਦਿੰਦੀ। ਤਾਰੂ ਸਿੰਘ ਉੱਤੇ ਬਾਗ਼ੀ ਸਿੰਘਾਂ ਦੀ ਮਦਦ ਕਰਨ ਦਾ ਦੋਸ਼ ਹੈ ਤੇ ਇਸ ਲਈ ਤਾਰੂ ਸਿੰਘ ਨੂੰ ਇਸਲਾਮ ਧਰਮ ਕਬੂਲਣ ਲਈ ਸੋਚਣ ਵਾਸਤੇ ਅਜੇ ਹੋਰ ਮੌਕਾ ਦਿੱਤਾ ਜਾਂਦਾ ਹੈ।" ਕਾਜ਼ੀ ਦੀ ਜ਼ਬਾਨ ਵਿਚੋਂ ਨਿਕਲੇ ਸ਼ਬਦ ਜ਼ਕਰੀਆ ਖ਼ਾਨ ਸੂਬੇਦਾਰ ਲਾਹੌਰ ਦੀ ਕਚਹਿਰੀ ਦੇ ਆਖ਼ਰੀ ਹੁਕਮ ਸੀ। ਜ਼ਕਰੀਆ ਖ਼ਾਨ ਨੇ ਇਕ ਵਾਰ ਫਿਰ ਦੁਹਰਾਇਆ, "ਸਿੱਖੋ, ਸਿੱਖ ਧਰਮ ਛੱਡ ਕੇ ਇਸਲਾਮ ਧਰਮ ਕਬੂਲ ਕਰ ਲਵੋ ਤਾਂ ਤੁਹਾਡਾ ਗੁਨਾਹ ਮਾਫ਼ ਕੀਤਾ ਜਾ ਸਕਦਾ ਹੈ। ਮਨੁੱਖ ਨੂੰ ਜ਼ਿੰਦਗੀ ਵਾਰ-ਵਾਰ ਨਹੀਂ ਮਿਲਦੀ'।"

ਕਾਜ਼ੀ ਦੀ ਸ਼ਰ੍ਹਾ ਦੇ ਫ਼ਤਵੇ 'ਤੇ ਆਧਾਰਿਤ ਜ਼ਕਰੀਆ ਖ਼ਾਨ ਵੱਲੋਂ ਸੁਣਾਈ ਮੌਤ ਦੀ ਸਜ਼ਾ ਦਾ ਸਵਾਗਤ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਕੇ ਕੀਤਾ।

ਸ. ਮਹਿਤਾਬ ਸਿੰਘ, "ਨਵਾਬ, ਸਾਨੂੰ ਮੌਤ ਦੀ ਸਜ਼ਾ ਸੁਣਾ ਕੇ ਕਹਿੰਦਾ ਹੈਂ ਕਿ ਸਿੱਖ ਮੌਤ ਤੋਂ ਡਰਦੇ ਸਿੱਖੀ ਛੱਡ ਕੇ ਮੁਸਲਮਾਨ ਬਣ ਜਾਣ। ਸਿੱਖੀ ਦੀ ਆਨ-ਸ਼ਾਨ ਅਤੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤ ਸਰੋਵਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਵਿੱਤਰਤਾ ਬਹਾਲ ਰੱਖਣ ਖ਼ਾਤਰ ਇਕ ਕੀ, ਹਜ਼ਾਰਾਂ ਜਾਨਾਂ ਵਾਰ ਸਕਦੇ ਹਾਂ। ਸਿੱਖ ਧਰਮ ਤੋਂ ਕੁਰਬਾਨ ਤਾਂ ਵੱਡੇ ਭਾਗਾਂ ਨਾਲ ਹੋਇਆ ਜਾਂਦਾ ਹੈ। ਜਦੋਂ ਤਕ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤ ਸਰੋਵਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਦੀ ਕਮੀਨਗੀ, ਸਿੱਖ ਧਰਮ ਵਿਰੋਧੀ ਹਕੂਮਤ ਕਰਦੀ ਰਹੇਗੀ, ਅਸੀਂ ਸਿੱਖੀ ਵਿਰੋਧੀ ਮੱਸੇ ਰੰਘੜਾਂ ਦੇ ਸਿਰ ਵੱਢ ਕੇ ਬਦਲੇ ਲੈਂਦੇ ਰਹਾਂਗੇ। ਅਸੀਂ ਇਕ ਵਾਰੀ ਕੀ, ਅਨੇਕਾਂ ਵਾਰੀ ਜਨਮ ਲੈ ਕੇ ਮੱਸੇ ਰੰਘੜਾਂ ਦਾ ਸਫ਼ਾਇਆ ਕਰ ਕੇ ਦੁਸ਼ਟਾਂ ਨੂੰ ਸੋਧ ਕੇ ਚਰਖੜੀਆਂ, ਫ਼ਾਂਸੀਆਂ 'ਤੇ ਚੜ੍ਹ ਕੇ ਹੱਸ-ਹੱਸ ਕੇ ਸ਼ਹਾਦਤਾਂ ਦੇ ਜਾਮ ਪੀਂਦੇ ਰਹਾਂਗੇ।"

ਸਿੰਘਾਂ ਦੇ ਸਿੱਖੀ ਸਿਦਕ ਅੱਗੇ ਕਾਜ਼ੀ ਮੁਲਾਣਿਆਂ ਅਤੇ ਸੂਬੇਦਾਰ ਲਾਹੌਰ ਜ਼ਕਰੀਆ ਖ਼ਾਨ ਦੇ ਮੌਤ ਦੇ ਡਰਾਵਿਆਂ ਦੇ ਸਾਰੇ ਹਥਿਆਰ ਫ਼ੇਲ੍ਹ ਹੋ ਗਏ। ਜ਼ਕਰੀਆ ਖ਼ਾਨ ਨੇ ਕੋਤਵਾਲ ਨੂੰ ਹੁਕਮ ਦਿੱਤਾ ਕਿ ਚੌਧਰੀ ਮੱਸੇ ਦੀ ਬੇਗ਼ਮ ਨੂੰ ਉਸ ਦੇ ਪਿੰਡ ਮੰਡਿਆਲੇ ਤੋਂ ਲਿਆਂਦਾ ਜਾਵੇ ਅਤੇ ਚੌਧਰੀ ਮੱਸੇ ਦੇ ਕਾਤਲ ਵਿਖਾਏ ਜਾਣ। ਬਾਗ਼ੀ ਸਿੰਘਾਂ ਨੂੰ ਜੇਲ੍ਹ ਅੰਦਰ ਬੰਦ ਕਰ ਦਿਉ। ਸ਼ਹਿਰ ਵਿਚ ਢੋਲ ਵਜਾ ਕੇ ਸੱਦਾ ਦਿੱਤਾ ਜਾਵੇ ਕਿ ਫ਼ੌਜਦਾਰ ਮਸਲ-ਉਲ-ਦੀਨ (ਚੌਧਰੀ ਮੱਸਾ ਰੰਘੜ) ਦੇ ਕਾਤਲਾਂ ਬਾਗ਼ੀ ਸਿੰਘਾਂ ਨੂੰ ਹਕੂਮਤ ਵੱਲੋਂ ਦਿੱਤੀ ਜਾ ਰਹੀ ਮੌਤ ਦੀ ਸਜ਼ਾ ਅੱਖੀਂ ਵੇਖਣ।

ਕੋਤਵਾਲ ਨੇ ਸਿੰਘਾਂ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ। ਕੁਝ ਘੋੜ ਸਵਾਰ ਚੌਧਰੀ ਮੱਸੇ ਰੰਘੜ ਦੀ ਬੇਗ਼ਮ ਨੂੰ ਲਿਆਉਣ ਲਈ ਮੰਡਿਆਲੇ (ਅੰਮ੍ਰਿਤਸਰ ਨੇੜੇ) ਪਿੰਡ ਨੂੰ ਤੁਰ ਗਏ। ਸਰਕਾਰੀ ਚੌਂਕੀਦਾਰ ਢੋਲ ਦੇ ਡੱਗੇ 'ਤੇ ਲਾਹੌਰ ਸ਼ਹਿਰ ਵਿਚ ਲੋਕਾਂ ਨੂੰ ਨਿਖ਼ਾਸ ਚੌਂਕ ਵਿਚ ਇਕੱਠੇ ਹੋਣ ਦਾ ਹੋਕਾ ਦੇ ਰਿਹਾ ਸੀ। ਗੁਰੂ ਦੇ ਸਿੰਘ ਜੇਲ੍ਹ ਅੰਦਰ ਗੁਰਬਾਣੀ ਦਾ ਪਾਠ ਕਰ ਰਹੇ ਸਨ।

ਕਾਂਡ 25

8 ਜੂਨ ਸੰਨ 1745 ਦਾ ਦਿਨ ਚੜ੍ਹਿਆ। ਚੌਧਰੀ ਮੱਸੇ ਰੰਘੜ ਦਾ ਸਿਰ ਵੱਢਣ ਵਾਲੇ ਸੂਰਬੀਰ ਬਹਾਦਰ ਜੁਝਾਰੂ ਬੱਬਰ ਸ਼ੇਰ ਸਰਦਾਰ ਮਹਿਤਾਬ ਸਿੰਘ ਜੀ ਮੀਰਾਂਕੋਟ ਅਤੇ 14 ਹੋਰ ਸਿੰਘਾਂ ਨੂੰ ਚਰਖੜੀ 'ਤੇ ਚੜ੍ਹਾ ਕੇ ਅਤੇ ਸੂਲੀ ਉੱਤੇ ਚੜ੍ਹਾ ਕੇ ਦਿੱਤੀ ਜਾਂਦੀ ਮੌਤ ਦੀ ਸਜ਼ਾ ਵੇਖਣ ਲਈ ਲਾਹੌਰ ਸ਼ਹਿਰ ਦੇ ਨਿਖ਼ਾਸ ਚੌਂਕ ਵਿਚ ਲੋਕ ਇਕੱਠੇ ਹੋਣ ਲੱਗੇ। ਲੋਕ ਸਿੰਘਾਂ ਨੂੰ, ਚੌਧਰੀ ਮੱਸੇ ਦੇ ਕਾਤਲਾਂ ਨੂੰ ਵੇਖਣ ਲਈ ਸਜ਼ਾਏ-ਮੌਤ ਦੀ ਉਡੀਕ ਕਰਨ ਲੱਗੇ। ਚੌਧਰੀ ਮੱਸੇ ਰੰਘੜ ਦੀ ਬੇਗ਼ਮ ਰੋਸ਼ਨਾ ਬੇਗ਼ਮ ਨੂੰ ਪਿੰਡ ਮੰਡਿਆਲੇ ਤੋਂ ਲਿਆਂਦਾ ਗਿਆ।

ਜੇਲ੍ਹ ਦੇ ਦਰੋਗੇ ਨੇ ਰੋਸ਼ਨ ਬੇਗ਼ਮ ਨੂੰ ਜੇਲ੍ਹ ਅੰਦਰ ਬੰਦੀ ਸਿੰਘਾਂ ਨੂੰ ਵਿਖਾਇਆ ਤੇ ਦੱਸਿਆ ਕਿ ਇਹ ਸ. ਮਹਿਤਾਬ ਸਿੰਘ ਹੈ, ਜਿਹੜਾ ਚੌਧਰੀ ਮੱਸੇ ਫ਼ੌਜਦਾਰ ਦਾ ਸਿਰ ਵੱਢ ਕੇ ਲੈ ਗਿਆ ਸੀ। ਅੱਜ ਮੁਗ਼ਲ ਹਕੂਮਤ ਸੂਬੇਦਾਰ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੇ ਇਸ ਸ. ਮਹਿਤਾਬ ਸਿੰਘ ਅਤੇ ਇਸ ਦੇ ਸਾਥੀ ਸਿੰਘਾਂ ਨੂੰ ਮੌਤ ਦੀ ਸਜ਼ਾ ਚਰਖੜੀ ਉੱਤੇ ਚੜ੍ਹਾ ਕੇ ਦੇਣੀ ਹੈ।

ਰੋਸ਼ਨਾ ਬੇਗ਼ਮ ਜੇਲ੍ਹ ਵਿਚ ਸਿੰਘਾਂ ਨੂੰ ਚੜ੍ਹਦੀ ਕਲਾ ਵਿਚ ਦੇਖ ਕੇ ਹੈਰਾਨ ਸੀ ਕਿ ਸਿੰਘ ਬੜੇ ਬਹਾਦਰ ਹਨ, ਜਿਨ੍ਹਾਂ ਨੂੰ ਮੌਤ ਦਾ ਰੱਤੀ ਭਰ ਵੀ ਡਰ ਨਹੀਂ। ਰੋਸ਼ਨਾ ਬੇਗ਼ਮ ਵੇਖ ਕੇ ਉਦਾਸ ਹੋ ਗਈ। ਇਹ ਵੇਖ ਕੇ ਦਰੋਗਾ ਕਹਿਣ ਲੱਗਾ, "ਬੇਗ਼ਮ ਸਾਹਿਬਾ, ਤੁਸੀਂ ਚੌਧਰੀ ਮਸਲ-ਉਲ-ਦੀਨ (ਮੱਸਾ ਰੰਘੜ) ਦੇ ਕਾਤਲ ਨੂੰ ਵੇਖ ਕੇ ਉਦਾਸ ਕਿਉਂ ਹੋ ਗਏ ਹੋ?"

ਰੋਸ਼ਨਾ ਬੇਗ਼ਮ, "ਦਰੋਗਾ ਸਾਹਿਬ, ਉਦਾਸ ਕੀ ਹੋਣਾ ਹੈ। ਮੈਂ ਸੋਚਦੀ ਹਾਂ, ਜ਼ਕਰੀਆ ਖ਼ਾਨ ਮੁਗ਼ਲ ਹਕੂਮਤ ਦੀ ਸਿੱਖਾਂ ਨਾਲ ਵੈਰ ਦੀ ਖੇਡ ਅਜੇ ਕਿੰਨਾ ਚਿਰ ਹੋਰ ਜਾਰੀ ਰਹੇਗੀ। ਇਹ ਸਿੰਘ ਜ਼ਿੰਦਗੀ ਮੌਤ ਵਿਚ ਕੋਈ ਫ਼ਰਕ ਨਹੀਂ ਸਮਝਦੇ। ਇਹਨਾਂ ਬਹਾਦਰ ਸਿੰਘਾਂ ਨੂੰ ਮੌਤ ਦੀ ਕੀ ਪਰਵਾਹ ਹੈ। ਮੌਤ ਨੂੰ ਤਾਂ ਸਿੰਘ, ਸਿੱਖ ਧਰਮ ਖ਼ਾਤਰ ਕੁਰਬਾਨ ਹੋਣਾ, ਸ਼ਹਾਦਤ, ਅਸਲੀ ਅਮਰ ਜ਼ਿੰਦਗੀ ਕਹਿੰਦੇ ਹਨ, ਸਮਝਦੇ ਹਨ।"

ਦਰੋਗਾ, "ਬੇਗ਼ਮ ਸਾਹਿਬਾ, ਤੁਸੀਂ ਵੀ ਬਾਗ਼ੀ ਸਿੰਘਾਂ ਦੀ ਬਹਾਦਰੀ ਦੀ ਸਿਫ਼ਤ ਕਰ ਰਹੇ ਹੋ। ਇਹਨਾਂ ਬਾਗ਼ੀ ਸਿੰਘਾਂ ਨੇ ਫ਼ੌਜਦਾਰ ਮੱਸੇ ਦਾ ਕਤਲ ਕੀਤਾ

ਹੈ। ਮੱਸੇ ਦਾ ਸਿਰ ਵੱਢ ਕੇ ਲੈ ਗਏ ਸਨ। ਤੁਸੀਂ ਖ਼ੁਸ਼ ਹੋਵੋ ਕਿ ਸਿੰਘਾਂ ਨੂੰ ਦਿੱਤੀ ਜਾ ਰਹੀ ਮੌਤ ਦੀ ਸਜ਼ਾ ਨੂੰ ਅੱਖੀ ਵੇਖ ਰਹੇ ਹੋ।"

ਰੌਸ਼ਨਾ ਬੇਗ਼ਮ, "ਦਰੋਗਾ ਸਾਹਿਬ, ਇਨਸਾਨ ਦੁੱਖ ਵੇਲੇ ਹੀ ਬੁਰੇ-ਭਲੇ ਦੀ ਵਿਚਾਰ ਕਰਦਾ ਹੈ। ਸੁੱਖਾਂ ਵਿਚ ਗ਼ਲਤਾਨ ਬੰਦੇ ਦੀ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ। ਤਾਕਤ ਅਤੇ ਹੰਕਾਰ ਦਾ ਨਸ਼ਾ ਬੰਦੇ ਨੂੰ ਲੈ ਡੁੱਬਦਾ ਹੈ। ਸਾਡੇ ਨਾਲ ਵੀ ਇਸੇ ਤਰ੍ਹਾਂ ਹੋਈ ਹੈ। ਜ਼ਕਰੀਆ ਖ਼ਾਨ ਨੇ ਚੌਧਰੀ ਸਾਹਿਬ ਨੂੰ ਇਕ ਆਮ ਚੌਧਰੀ ਤੋਂ ਫ਼ੌਜਦਾਰ ਬਣਾ ਦਿੱਤਾ। ਚੌਧਰੀ ਸਾਹਿਬ ਹਕੂਮਤੀ ਨਸ਼ੇ ਵਿਚ ਸਿੱਖਾਂ ਉੱਤੇ ਜ਼ੁਲਮ ਕਰਨ ਲੱਗੇ। ਸਾਨੂੰ ਹਕੂਮਤ ਦੇ ਨਸ਼ੇ ਵਿਚ ਚੰਗੇ-ਮੰਦੇ, ਬੁਰੇ-ਭਲੇ, ਨੇਕੀ-ਬਦੀ ਦੀ ਪਹਿਚਾਣ ਭੁੱਲ ਗਈ। ਸੂਬੇਦਾਰ ਜ਼ਕਰੀਆ ਖ਼ਾਨ ਦੀਆਂ ਖ਼ੁਸ਼ੀਆਂ ਹਾਸਲ ਕਰਨ ਲਈ ਚੌਧਰੀ ਸਾਹਿਬ ਨੇ ਖ਼ੁਦਾ ਦੇ ਘਰ, ਸਿੱਖਾਂ ਦੇ ਹਰਿਮੰਦਰ ਸਾਹਿਬ ਦੀ ਬੇਅਦਬੀ ਕੀਤੀ, ਸਿੱਖਾਂ ਉੱਤੇ ਜ਼ੁਲਮ ਕੀਤੇ। ਸਿੰਘਾਂ ਨਾਲ ਵੈਰ ਪਾ ਲਿਆ। ਹਰਿਮੰਦਰ ਸਾਹਿਬ, ਸੱਚੇ ਖ਼ੁਦਾ ਦੇ ਘਰ ਦੀ ਘੋਰ ਬੇਅਦਬੀ ਕੀਤੀ, ਘੋਰ ਨਿਰਾਦਰੀ ਕੀਤੀ, ਜੋ ਸੱਚੇ ਰੱਬ, ਸੱਚੇ ਖ਼ੁਦਾ, ਅਕਾਲ ਪੁਰਖ ਵਾਹਿਗੁਰੂ ਨੂੰ ਨਾ ਭਾਈ। ਚੌਧਰੀ ਸਾਹਿਬ ਨੇ ਅੱਤ ਚੁੱਕ ਲਈ। ਖ਼ੁਦਾ ਦਾ ਖ਼ੌਫ਼ ਭੁਲਾ ਦਿੱਤਾ। ਬਹਾਦਰ ਸਿੰਘਾਂ ਦਾ ਖ਼ੌਫ਼ ਭੁਲਾ ਦਿੱਤਾ। ਇਹ ਸਿੰਘ ਨਾ ਹਰਿਮੰਦਰ ਸਾਹਿਬ ਦੀ ਬੇਅਦਬੀ ਜਰਦੇ ਨੇ ਤੇ ਨਾ ਹੀ ਮੌਤ ਤੋਂ ਡਰਦੇ ਹਨ। ਸਿੰਘਾਂ ਨੇ ਚੌਧਰੀ ਸਾਹਿਬ ਦਾ ਕਤਲ ਬੜੀ ਬਹਾਦਰੀ ਤੇ ਦਲੇਰੀ ਨਾਲ ਕੀਤਾ। ਚੌਧਰੀ ਸਾਹਿਬ ਦਾ ਸਿਰ ਵੱਢ ਕੇ ਲੈ ਗਏ। ਮੇਰਾ ਜਹਾਨ ਉੱਜੜ ਗਿਆ। ਜ਼ਕਰੀਆ ਖ਼ਾਨ ਹਕੂਮਤ ਦੀਆਂ ਗ਼ਲਤ ਨੀਤੀਆਂ ਨੇ ਸਾਡਾ ਬਹੁਤ ਨੁਕਸਾਨ ਕਰਵਾਇਆ। ਚੌਧਰੀ ਦੇ ਕਤਲ ਤੋਂ ਪਿੱਛੋਂ ਸਿੰਘਾਂ ਨੇ ਮੇਰੇ ਦਿਉਰ, ਜੇਠ ਅਤੇ ਮੇਰੇ ਭਰਾ ਵੀ ਮਾਰ ਦਿੱਤੇ।

"ਦਰੋਗਾ ਸਾਹਿਬ, ਦੱਸੋ ਅਸੀਂ ਕੀ ਖੱਟਿਆ ਹਕੂਮਤ ਦੀ ਵਫ਼ਾਦਾਰੀ ਪਾਲ ਕੇ ? ਸਿੰਘਾਂ ਨਾਲ ਖਾਹ-ਮਖਾਹ ਬਿਨਾਂ ਵਜ੍ਹਾ ਦੁਸ਼ਮਣੀ ਪਾ ਕੇ। ਅਸੀਂ ਜ਼ਨਾਨੀਆਂ ਇਕੱਲੀਆਂ ਰਹਿ ਗਈਆਂ। ਹਕੂਮਤ ਨੇ ਸਾਡੀ ਵਾਤ ਤਕ ਨਹੀਂ ਪੁੱਛੀ। ਸਾਡੇ ਮਾਸੂਮ ਬੱਚੇ ਤੇ ਅਸੀਂ ਰੁਲਦੇ ਫਿਰਦੇ ਹਾਂ। ਜਦੋਂ ਸਾਡੇ ਬੱਚੇ ਪੁੱਛਦੇ ਹਨ ਕਿ ਸਾਡੇ ਅੱਬਾ ਕਿਥੇ ਹਨ ਤਾਂ ਕੀ ਦੱਸੀਏ ਉਹਨਾਂ ਨੂੰ ? ਜ਼ਕਰੀਆ ਖ਼ਾਨ ਦੀ ਸਿੱਖਾਂ ਨਾਲ ਵੈਰ ਦੀ ਖੇਡ ਨੇ ਸਾਡਾ ਸਾਰਾ ਕੁਝ ਤਬਾਹ ਕਰ ਦਿੱਤਾ। ਕੱਖ ਨਹੀਂ ਛੱਡਿਆ ਸਾਡੇ ਪੱਲੇ।

"ਦਰੋਗਾ ਸਾਹਿਬ, ਕੀ ਇਹਨਾਂ ਸਿੱਖਾਂ ਨੂੰ ਮੌਤ ਦੀ ਸਜ਼ਾ ਦੇ ਕੇ ਸਾਡੇ ਉੱਜੜੇ ਘਰ ਵੱਸ ਪੈਣਗੇ। ਸਾਡੇ ਦੁੱਖ ਸੁੱਖਾਂ ਵਿਚ ਬਦਲ ਜਾਣਗੇ। ਮੌਤ ਦੀ ਸਜ਼ਾ ਦਾ ਭੈ-ਡਰ ਤਾਂ ਬੁਜ਼ਦਿਲਾਂ, ਡਰਾਕਲਾਂ ਨੂੰ ਹੁੰਦਾ ਹੈ। ਬਹਾਦਰ ਸਿੰਘ ਮੌਤ ਨੂੰ ਮਖ਼ੌਲਾਂ ਕਰਦੇ ਹਨ। ਬਹਾਦਰਾਂ ਨੂੰ ਮੌਤ ਦਾ ਡਰ ਕਾਹਦਾ ? ਬਹਾਦਰ ਸਿੰਘ ਮੌਤ ਨੂੰ ਲਾੜੀ ਸਮਝਦੇ ਹਨ। ਪਤਾ ਨਹੀਂ ਜ਼ਕਰੀਆ ਖ਼ਾਨ ਦੀ ਸਿੰਘਾਂ ਨਾਲ ਵੈਰ ਰੱਖਣ ਦੀ ਨੀਤੀ

ਨੇ ਸਾਡੇ ਵਾਂਗ ਸੁਖੀ ਵੱਸਦੇ ਅਜੇ ਕਿੰਨੇ ਕੁ ਹੋਰ ਘਰ ਉਜਾੜਨੇ ਹਨ। ਖ਼ੁਦਾ ਸਿੰਘਾਂ ਨਾਲ ਦੁਸ਼ਮਣੀ ਦੀ ਖੇਡ ਕਦੋਂ ਖ਼ਤਮ ਕਰੇਗਾ ?"

ਰੋਸ਼ਨਾ ਬੇਗਮ ਦੀਆਂ ਸੱਚੀਆਂ ਤੇ ਖਰੀਆਂ ਗੱਲਾਂ ਸੁਣ ਕੇ ਜੇਲ੍ਹ ਦਾ ਦਰੋਗਾ ਵੀ ਉਦਾਸ ਹੋ ਗਿਆ। ਸਰਕਾਰ ਦਾ ਮੁਲਾਜ਼ਮ ਹੁਕਮ ਦਾ ਬੱਝਾ ਉਹ ਕਰ ਵੀ ਕੀ ਸਕਦਾ ਸੀ ?

ਜ਼ਕਰੀਆ ਖ਼ਾਨ ਨੂੰ ਕੌਣ ਆਖੇ, ਰਾਣੀਏਂ ਅੱਗਾ ਢੱਕ।

ਰੋਸ਼ਨਾ ਬੇਗਮ ਦੁਖੀ ਸੀ। ਉਸ ਨੂੰ ਉਦਾਸੀ ਨੇ ਅਜਿਹਾ ਘੇਰਿਆ ਕਿ ਉਹ ਖਲੋਤੀ ਹੀ ਡਿੱਗ ਪਈ ਤੇ ਬੇਹੋਸ਼ ਹੋ ਗਈ। ਦਰੋਗੇ ਨੇ ਸਿਪਾਹੀਆਂ ਨੂੰ ਕਹਿ ਕੇ ਉਸ ਨੂੰ ਚੁਕਾ ਕੇ ਡਾਕਟਰੀ ਸਹਾਇਤਾ ਲਈ ਭੇਜ ਦਿੱਤਾ।

ਨਿਖ਼ਾਸ ਚੌਂਕ ਲਾਹੌਰ ਵਿਚ ਲੋਕਾਂ ਦਾ ਤਾਂਤਾ ਲੱਗ ਗਿਆ। ਕੁਝ ਮਨਚਲੇ ਲੋਕ ਸਿੰਘਾਂ ਨੂੰ ਹਕੂਮਤ ਵੱਲੋਂ ਦਿੱਤੀ ਜਾਂਦੀ ਸਜ਼ਾ ਦਾ ਤਮਾਸ਼ਾ ਵੇਖਣ ਆਏ ਸੀ। ਕੁਝ ਖ਼ੁਦਾ ਦੇ ਪਿਆਰੇ ਧਰਮੀ ਸਿੰਘਾਂ ਦਾ ਸਿਦਕ ਵੇਖਣ ਆਏ ਸੀ। ਲਾਹੌਰ ਦੀ ਸ਼ਾਹੀ ਫ਼ੌਜ ਦੇ ਘੋੜ ਸਵਾਰਾਂ ਪੂਰੀ ਸਖ਼ਤਾਈ ਕੀਤੀ ਹੋਈ ਸੀ। ਸਾਰੇ ਲਾਹੌਰ ਸ਼ਹਿਰ ਵਿਚ ਢੋਲ ਵਜਾ ਕੇ ਚੌਧਰੀ ਮੱਸੇ ਦਾ ਸਿਰ ਵੱਢ ਕੇ ਲਿਜਾਣ ਵਾਲੇ ਸਰਦਾਰ ਮਹਿਤਾਬ ਸਿੰਘ ਨੂੰ ਹਕੂਮਤ ਵੱਲੋਂ ਦਿੱਤੀ ਜਾਣ ਵਾਲੀ ਸਜ਼ਾ ਵੇਖਣ ਲਈ ਨਿਖ਼ਾਸ ਚੌਂਕ ਵਿਚ ਪੁੱਜਣ ਦਾ ਸੱਦਾ ਦਿੱਤਾ ਗਿਆ ਸੀ।

ਨਿਖ਼ਾਸ ਚੌਂਕ ਲਾਹੌਰ ਵਿਚ ਸੂਲੀ ਗੱਡੀ ਹੋਈ ਸੀ, ਸਿੰਘਾਂ ਨੂੰ ਸ਼ਹੀਦ ਕਰਨ ਲਈ ਚਰਖੜੀ ਗੱਡੀ ਹੋਈ ਸੀ।

ਜ਼ਕਰੀਆ ਖ਼ਾਨ ਦੇ ਹੁਕਮ ਦੀ ਤਾਮੀਲ ਹੋਈ। ਸ਼ਾਹੀ ਕਾਜ਼ੀ ਨਿਖ਼ਾਸ ਚੌਂਕ ਵਿਚ ਪਹੁੰਚ ਗਿਆ। ਜੱਲਾਦ ਵੀ ਪੁੱਜ ਗਏ। ਜੱਲਾਦਾਂ ਨੇ ਚਰਖੜੀ ਦੇ ਦੰਦੇ ਤਿੱਖੇ ਕਰ ਲਏ। ਤਮਾਸ਼ਾ ਵੇਖਣ ਆਏ ਲੋਕ ਸਿੰਘਾਂ ਦੀ ਬੇਸਬਰੀ ਨਾਲ ਉਡੀਕ ਕਰਨ ਲੱਗੇ।

ਕੋਤਵਾਲ ਜੇਲ੍ਹ ਪੁੱਜਾ ਤੇ ਸ. ਮਹਿਤਾਬ ਸਿੰਘ ਮੀਰਾਂਕੋਟ, ਭਾਈ ਤਾਰੂ ਸਿੰਘ ਜੀ, ਭਾਈ ਗਰਜਾ ਸਿੰਘ ਜੀ, ਭਾਈ ਦਿਆਲ ਸਿੰਘ ਸਹਿੰਸਰਾ, ਬਾਬਾ ਬੁਲਾਕਾ ਸਿੰਘ ਕੰਗਾਂ ਵਾਲਾ ਅਤੇ ਹੋਰ 14 ਸਿੰਘਾਂ ਨੂੰ ਜੇਲ੍ਹ ਵਿਚੋਂ ਕੱਢ ਕੇ ਲੈ ਆਇਆ। ਸਿੰਘਾਂ ਅੱਗੋਂ ਚੜ੍ਹਦੀ ਕਲਾ ਵਾਲੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਦਿੱਤੇ। ਕੋਤਵਾਲ ਨੇ ਫ਼ੌਜ ਦੇ ਪਹਿਰੇ ਹੇਠਾਂ ਸਿੰਘਾਂ ਨੂੰ ਨਿਖ਼ਾਸ ਚੌਂਕ ਵੱਲ ਤੋਰ ਲਿਆ। ਸਿੰਘਾਂ ਦੇ ਹੱਥੀਂ ਹੱਥਕੜੀਆਂ, ਪੈਰੀਂ ਬੇੜੀਆਂ ਪਾਈਆਂ ਹੋਈਆਂ ਸਨ। ਸਿੰਘਾਂ ਦੇ ਤੇੜ ਗੋਡਿਆਂ ਤਕ ਕਛਹਿਰੇ ਪਾਏ ਹੋਏ ਸਨ। ਗਲ ਮੈਲੇ ਜਿਹੇ ਕੁੜਤੇ ਸਨ, ਜੋ ਵੇਖਣ ਵਾਲਿਆਂ ਨੂੰ ਸਾਬਤ ਸੂਰਤ ਸਿੰਘਾਂ ਦੀ ਪਹਿਚਾਣ ਕਰਾਉਂਦੇ ਸਨ। ਸਿੰਘਾਂ ਦੇ ਚਿਹਰਿਆਂ ਉੱਤੇ ਲਾਲੀਆਂ ਭਖ ਰਹੀਆਂ ਸਨ। ਸਿੰਘਾਂ ਦੇ ਚਿਹਰਿਆਂ ਉੱਤੇ ਭੈ ਜਾਂ ਚਿੰਤਾ ਦੀ ਕੋਈ ਨਿਸ਼ਾਨੀ ਨਜ਼ਰ ਨਹੀਂ ਸੀ ਆਉਂਦੀ।

ਕੋਤਵਾਲ ਸਿੰਘਾਂ ਨੂੰ ਲੈ ਕੇ ਨਿਖ਼ਾਸ ਚੌਂਕ ਪਹੁੰਚ ਗਿਆ। ਸਿੰਘਾਂ ਨੂੰ ਜੱਲਾਦਾਂ ਦੇ ਹਵਾਲੇ ਕਰ ਦਿੱਤਾ ਗਿਆ। ਸ਼ਾਹੀ ਕਾਜ਼ੀ ਫ਼ਤਹਿ ਮੁਹੰਮਦ ਨੇ ਆਪਣੀ ਮੁਹਾਰਨੀ ਫਿਰ ਦੁਹਰਾਈ, "ਬਾਗ਼ੀ ਸਿੰਘੋ, ਜੇ ਤੁਸੀਂ ਇਸਲਾਮ ਧਰਮ ਕਬੂਲ ਕਰ ਲਵੋ, ਮੁਸਲਮਾਨ ਬਣ ਜਾਵੋ ਤਾਂ ਤੁਹਾਨੂੰ ਅਜੇ ਵੀ ਛੱਡਿਆ ਜਾ ਸਕਦਾ ਹੈ।"

ਸਿੰਘਾਂ ਨੇ ਅੱਗੋਂ ਜਵਾਬ ਦਿੱਤਾ, "ਕਾਜ਼ੀ ਸਾਹਿਬ, ਆਪਣਾ ਵਕਤ ਖ਼ਰਾਬ ਨਾ ਕਰੋ। ਸਿੰਘ ਜਿਹੜੇ ਜਨਮੇ ਹੀ ਤਲਵਾਰ ਦੀ ਧਾਰ ਵਿਚੋਂ ਹਨ, ਉਹਨਾਂ ਨੂੰ ਮੌਤ ਦਾ ਭੈ, ਜ਼ੁਲਮ ਤਸੀਹੇ ਧਰਮ ਤੋਂ ਨਹੀਂ ਡੁਲਾ ਸਕਦੇ। ਸਾਡਾ ਰਾਖਾ ਅਕਾਲ ਪੁਰਖ ਵਾਹਿਗੁਰੂ ਹੈ। ਜਿਸ ਨੇ ਸਾਡਾ ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭਾਉਣਾ ਹੈ। ਭਗਤ ਕਬੀਰ ਜੀ ਗੁਰਬਾਣੀ ਵਿਚ ਫ਼ੁਰਮਾਉਂਦੇ ਹਨ—'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟ ਮਰੈ ਕਬਹੂੰ ਨ ਛਾਡੈ ਖੇਤੁ॥"

ਸਿੰਘਾਂ ਨੇ ਉੱਚੀ ਆਵਾਜ਼ ਵਿਚ ਗੱਜ ਕੇ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਈ।

ਸੂਬੇਦਾਰ ਲਾਹੌਰ ਜ਼ਕਰੀਆ ਖ਼ਾਨ ਬਹਾਦਰ ਅਤੇ ਸ਼ਾਹੀ ਕਾਜ਼ੀ ਫ਼ਤਹਿ ਮੁਹੰਮਦ ਸਿੰਘਾਂ ਦੇ ਹਠ ਧਰਮ, ਸਿੱਖੀ ਸਿਦਕ ਅੱਗੇ ਹਾਰ ਗਏ।

ਸ਼ਾਹੀ ਕਾਜ਼ੀ ਨੇ ਹੁਕਮ ਦਿੱਤਾ, "ਬਾਗ਼ੀ ਸਿੰਘਾਂ ਨੂੰ ਕਤਲ ਕਰ ਦਿਉ।"

ਨਿਖ਼ਾਸ ਚੌਂਕ ਵਿਚ ਸ਼ਾਹੀ ਕਾਜ਼ੀ ਦੇ ਮੂੰਹੋਂ ਨਿਕਲਿਆ 'ਕਤਲ' ਸ਼ਬਦ ਆਖ਼ਰੀ ਹੁਕਮ ਸੀ। ਜੱਲਾਦਾਂ ਨੇ ਸਭ ਤੋਂ ਪਹਿਲਾਂ ਨਿਖ਼ਾਸ ਚੌਂਕ ਵਿਚ ਗੱਡੀ ਸੂਲੀ ਉੱਤੇ ਭਾਈ ਗਰਜਾ ਸਿੰਘ ਜੀ ਨੂੰ ਚੜ੍ਹਾ ਦਿੱਤਾ। ਜੱਲਾਦ ਸੂਲੀ ਹਿਲਾਈ ਗਏ। ਭਾਈ ਗਰਜਾ ਸਿੰਘ ਜੀ 'ਸਤਿਨਾਮ ਵਾਹਿਗੁਰੂ, ਸਤਿਨਾਮ ਵਾਹਿਗੁਰੂ' ਦਾ ਜਾਪ ਕਰੀ ਗਏ। ਸੂਲੀ ਦੀ ਤਿੱਖੀ ਨੋਕ ਸਿੰਘ ਦੀ ਗੁਦਾ ਵਿਚ ਦੀ ਸਰੀਰ ਨੂੰ ਚੀਰਦੀ ਹੋਈ ਸਰੀਰ ਦੇ ਵਿਚਦੀ ਪੇਟ, ਛਾਤੀ, ਧੌਣ ਵਿਚਦੀ, ਤਾਲੂ ਵਿਚਦੀ ਪਾਰ ਹੋ ਗਈ। ਭਾਈ ਗਰਜਾ ਸਿੰਘ ਜੀ ਦਾ ਸਿਰ ਜ਼ਕਰੀਆ ਖ਼ਾਨ ਦੇ ਜ਼ੁਲਮ, ਸੂਲੀ ਅੱਗੇ ਨਾ ਝੁਕਿਆ। ਭਾਈ ਗਰਜਾ ਸਿੰਘ ਸਿੱਖ ਧਰਮ ਤੋਂ 'ਵਾਹਿਗੁਰੂ ਵਾਹਿਗੁਰੂ' ਦਾ ਜਾਪ ਕਰਦਾ ਹੋਇਆ 8 ਜੂਨ 1745 ਈਸਵੀ ਨੂੰ ਸੂਲੀ ਉੱਤੇ ਚੜ੍ਹ ਕੇ ਸਿੱਖ ਧਰਮ ਹੇਤ ਕੁਰਬਾਨ ਹੋ ਗਿਆ। ਇਸ ਤੋਂ ਬਾਅਦ ਸਿੰਘਾਂ ਨੂੰ ਚਰਖੜੀ ਉੱਤੇ ਚੜ੍ਹਾ ਕੇ ਸ਼ਹੀਦ ਕਰਨ ਦਾ ਸਿਲਸਿਲਾ ਸ਼ੁਰੂ ਹੋਇਆ। ਇਹ ਸਾਰਾ ਸ਼ਹੀਦੀ ਸਾਕਾ 8 ਜੂਨ 1745 ਨੂੰ ਭਾਈ ਤਾਰੂ ਸਿੰਘ ਜੀ ਦੀਆਂ ਅੱਖਾਂ ਸਾਹਮਣੇ ਵਿਖਾ ਕੇ ਕੀਤਾ ਗਿਆ। ਸਭ ਤੋਂ ਪਹਿਲਾਂ ਭਾਈ ਦਿਆਲ ਸਿੰਘ ਸਹਿਸਰਾ ਨੂੰ ਚਰਖੜੀ 'ਤੇ ਚੜ੍ਹਾਇਆ ਗਿਆ। ਜੱਲਾਦਾਂ ਨੇ ਚਰਖੜੀ ਨੂੰ ਗੇੜਿਆ ਤਾਂ ਚਰਖੜੀ ਦੇ ਤਿੱਖੇ ਦੰਦੇ ਸਿੰਘ ਦੀਆਂ ਹੱਡੀਆਂ ਭੰਨਦੇ, ਮਾਸ ਲਹੂ ਦੀਆਂ ਬੋਟੀਆਂ ਉੱਡਦੀਆਂ। ਸਿੰਘਾਂ ਦਾ ਸਰੀਰ ਖ਼ੂਨ ਨਾਲ ਲੱਥ-ਪੱਥ ਹੋ ਗਿਆ। ਭਾਈ ਦਿਆਲ ਸਿੰਘ ਦਾ ਸਰੀਰ ਬੋਟੀ-ਬੋਟੀ ਹੋ ਕੇ ਰੂੰ ਵਾਂਗ ਪਿੰਜਿਆ ਗਿਆ। ਸਤਿਨਾਮ ਵਾਹਿਗੁਰੂ ਦਾ

ਜਾਪ ਕਰਦਾ ਸਿੰਘ ਸਿੱਖ ਧਰਮ ਹੇਤ ਸ਼ਹੀਦ ਹੋ ਗਿਆ। ਦੂਜੇ ਨੰਬਰ 'ਤੇ ਸ੍ਰੀ ਹਰਿਮੰਦਰ ਸਾਹਿਬ ਦੀ ਚੌਧਰੀ ਮੱਸੇ ਰੰਘੜ ਵੱਲੋਂ ਬੇਅਦਬੀ ਕਰਨ ਦੀ ਖ਼ਬਰ ਬੀਕਾਨੇਰ ਬੁੱਢਾ ਜੌਹੜ ਸਿੰਘਾਂ ਨੂੰ ਪਹੁੰਚਾਉਣ ਵਾਲੇ ਬਾਬਾ ਬੁਲਾਕਾ ਸਿੰਘ ਹਠੀਲਾ ਕੰਗਾਂ ਵਾਲੇ ਨੂੰ ਚਰਖੜੀ ਉੱਤੇ ਚੜ੍ਹਾ ਕੇ ਸ਼ਹੀਦ ਕੀਤਾ ਗਿਆ। ਤੀਜੇ ਨੰਬਰ 'ਤੇ ਭਾਈ ਮਹਿਤਾਬ ਸਿੰਘ ਜੀ ਨੂੰ ਚਰਖੜੀ ਉੱਤੇ ਚੜ੍ਹਾਉਣ ਦੀ ਵਾਰੀ ਆਈ। ਭਾਈ ਮਹਿਤਾਬ ਸਿੰਘ ਜੀ ਕਹਿਣ ਲੱਗੇ, "ਕਾਜ਼ੀ ਸਾਹਿਬ, ਤੁਸੀਂ ਚਰਖੜੀ ਦੇ ਦੰਦੇ ਤਿੱਖੇ ਕਰ ਲਵੋ। ਮੈਂ ਆਪਣਾ ਮਨ ਤਿੱਖਾ ਕਰ ਲਵਾਂ। ਤੁਹਾਡੇ ਚਰਖੜੀ ਦੇ ਮੁੜੇ ਦੰਦਿਆਂ ਉੱਤੇ ਸਿੱਖੀ ਦੇ ਆਸ਼ਕ ਨੂੰ ਸ਼ਹੀਦ ਹੋਣ ਦਾ ਨਜ਼ਾਰਾ ਨਹੀਂ ਆਉਣਾ।"

ਭਾਈ ਮਹਿਤਾਬ ਸਿੰਘ ਮੀਰਾਂਕੋਟ ਦਾ ਬਚਨ ਸੁਣ ਕੇ ਲੋਕ ਹੈਰਾਨ ਸਨ ਕਿ ਸਿੰਘ ਕਿੱਡੇ ਬੇਪ੍ਰਵਾਹ ਹਨ।

ਕਾਜ਼ੀ ਫ਼ਤਹਿ ਮੁਹੰਮਦ ਕਹਿਣ ਲੱਗਾ, "ਸਿੰਘਾ, ਚਰਖੜੀ ਦੇ ਦੰਦੇ ਤਾਂ ਅਸੀਂ ਰੇਤੀ ਜਾਂ ਟਕੋਰੇ ਨਾਲ ਤਿੱਖੇ ਕਰ ਲਵਾਂਗੇ, ਪਰ ਤੂੰ ਆਪਣਾ ਮਨ ਕਿਸ ਚੀਜ਼ ਨਾਲ ਤਿੱਖਾ ਕਰੇਂਗਾ?"

ਭਾਈ ਮਹਿਤਾਬ ਸਿੰਘ ਜੀ ਨੇ ਕਿਹਾ, "ਕਾਜ਼ੀ ਸਾਹਿਬ, ਮੈਂ ਆਪਣਾ ਮਨ ਜਪੁ ਜੀ ਸਾਹਿਬ ਦੇ ਪਾਠ ਨਾਲ ਤਿੱਖਾ ਕਰ ਲਵਾਂਗਾ।"

ਜੱਲਾਦਾਂ ਨੇ ਚਰਖੜੀ ਦੇ ਦੰਦੇ ਤਿੱਖੇ ਕਰ ਲਏ।

ਭਾਈ ਮਹਿਤਾਬ ਸਿੰਘ ਜੀ ਨੇ ਜਪੁ ਜੀ ਸਾਹਿਬ ਦਾ ਪਾਠ ਕਰਦਿਆਂ ਹੋਇਆਂ ਆਪਣੇ ਆਪ ਚਰਖੜੀ ਦੇ ਦੰਦਿਆਂ ਵਿਚ ਸਰੀਰ ਦੇ ਦਿੱਤਾ। ਜੱਲਾਦ ਚਰਖੜੀ ਜ਼ੋਰ ਦੀ ਗੇੜ ਕੇ ਘੁਮਾਉਣ ਲੱਗੇ। ਚਰਖੜੀ ਭਾਈ ਮਹਿਤਾਬ ਸਿੰਘ ਸੂਰਮੇ ਦੇ ਸਰੀਰ ਦੇ ਤੂੰਬੇ ਉਡਾਉਣ ਲੱਗੀ। ਚਰਖੜੀ ਦੇ ਤਿੱਖੇ ਦੰਦਿਆਂ ਨੇ ਭਾਈ ਮਹਿਤਾਬ ਸਿੰਘ ਦੇ ਸੀਸ ਤੋਂ ਮੱਥਾ, ਨੱਕ, ਧੌਣ ਤੋਂ ਸਿੱਧਾ ਛਾਤੀ ਤੋਂ ਸਿੱਧਾ ਚੀਰੀ ਲੱਕੜ ਵਾਂਗ ਦੋ ਫਾੜ ਕਰ ਦਿੱਤਾ। ਭਾਈ ਮਹਿਤਾਬ ਸਿੰਘ ਮੀਰਾਂਕੋਟ ਦਾ ਸੁੰਦਰ ਸਰੀਰ ਦੋ ਟੋਟੇ ਹੋ ਕੇ ਚਰਖੜੀ ਦੇ ਦੋਵੇਂ ਪਾਸੇ ਡਿੱਗ ਪਿਆ। ਖ਼ੁਦਾ ਦੇ ਪਿਆਰਿਆਂ ਨੇ ਬਹਾਦਰ ਸਿੰਘਾਂ ਦਾ ਸਿੱਖੀ ਤੋਂ ਕੁਰਬਾਨ ਹੁੰਦਿਆਂ ਦਾ ਸਿਦਕ ਵੇਖਿਆ। ਜ਼ਕਰੀਆ ਖ਼ਾਨ ਦੇ ਜ਼ੁਲਮ ਦਾ ਦ੍ਰਿਸ਼ ਅੱਖੀਂ ਵੇਖਿਆ। ਮਨਚਲੇ ਨਾਸਤਕਾਂ ਨੇ ਸਿੱਖਾਂ ਨੂੰ ਹਕੂਮਤ ਵੱਲੋਂ ਦਿੱਤੀ ਗਈ ਸਜ਼ਾ ਦਾ ਦ੍ਰਿਸ਼ ਤੇ ਤਮਾਸ਼ਾ ਵੇਖਿਆ। ਖ਼ੁਦਾ ਦੇ ਪਿਆਰੇ ਮੁਸਲਮਾਨ ਅਤੇ ਹੋਰ ਲੋਕ ਇਕ ਦੂਜੇ ਨੂੰ ਕਹਿੰਦੇ ਸਨ ਕਿ ਸੂਫ਼ੀ ਸੰਤ ਸ਼ਮਸ ਤਬਰੇਜ਼ ਤੇ ਮਨਜ਼ੂਰ ਅਤੇ ਯਿਸੂ ਮਸੀਹ ਦੀਆਂ ਸ਼ਹੀਦੀਆਂ ਸੁਣੀਦੀਆਂ ਸਨ, ਅੱਜ ਸਿੰਘਾਂ ਨੂੰ ਸਿੱਖ ਧਰਮ ਖ਼ਾਤਰ ਸ਼ਹੀਦ ਹੁੰਦਿਆਂ ਅੱਖੀਂ ਵੇਖਿਆ ਹੈ। ਭਾਈ ਮਹਿਤਾਬ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਨੂੰ ਚਰਖੜੀ ਉੱਤੇ ਚੜ੍ਹਾ ਕੇ ਸ਼ਹੀਦ ਕਰਨ ਦਾ ਸ਼ਹੀਦੀ ਸਾਕਾ 8 ਜੂਨ ਸੰਨ 1745

ਨੂੰ ਵਾਰੀ-ਵਾਰੀ ਜਾਰੀ ਰਿਹਾ। ਜੇਠ ਬਿਕ੍ਰਮੀ 1802 ਦਾ ਮਹੀਨਾ, ਗਰਮੀਆਂ ਦੇ ਦਿਨ, ਸਿਖ਼ਰ ਦੁਪਹਿਰ, ਸੂਰਜ ਅੱਗ ਦੇ ਗੋਲੇ ਧਰਤੀ ਵੱਲ ਵਰਸਾ ਰਿਹਾ ਸੀ। ਸ਼ਾਹੀ ਕਾਜ਼ੀ ਫ਼ਤਹਿ ਮੁਹੰਮਦ ਨੇ ਆਪਣੇ ਉਪਰ ਛਤਰੀ ਦੀ ਛਾਂ ਕਰਵਾਈ ਹੋਈ ਸੀ। ਜ਼ਕਰੀਆ ਖ਼ਾਨ ਬਹਾਦਰ ਸੂਬੇਦਾਰ ਲਾਹੌਰ ਦੇ ਸਿੰਘਾਂ ਉੱਤੇ ਜ਼ੁਲਮ ਦਾ ਅੰਤ ਵੇਖ ਕੇ ਲੋਕ ਘਰਾਂ ਨੂੰ ਤੁਰਨੇ ਸ਼ੁਰੂ ਹੋ ਗਏ ਸਨ। ਜ਼ਕਰੀਆ ਖ਼ਾਨ ਦੇ ਸਿੱਖਾਂ ਉੱਤੇ ਜ਼ੁਲਮ ਵੇਖ ਕੇ ਲੋਕ ਕਹਿ ਰਹੇ ਸਨ, ਅੱਤ ਅਤੇ ਤੱਤ ਦਾ ਵੈਰ ਹੁੰਦਾ ਹੈ। ਜਦੋਂ ਕੋਈ ਵੀ ਹਾਕਮ ਇਤਨਾ ਜ਼ੁਲਮ ਕਰਨ ਲੱਗ ਪਏ, ਉਸ ਦੇ ਦਿਨ ਥੋੜ੍ਹੇ ਹੁੰਦੇ ਹਨ। ਅੰਤ ਨੇੜੇ ਹੁੰਦਾ ਹੈ। ਸੱਚੇ-ਸੁੱਚੇ ਲੋਕ ਖ਼ੁਦਾ ਅੱਗੇ ਦੁਆ ਕਰ ਰਹੇ ਸਨ ਕਿ ਅਜਿਹੀ ਜ਼ਾਲਮ ਹਕੂਮਤ ਨੂੰ ਖ਼ਤਮ ਕਰ ਦੇ, ਜਿਹੜੀ ਪਰਜਾ ਉੱਤੇ ਇਤਨਾ ਜ਼ੁਲਮ ਕਰਦੀ ਹੈ।

8 ਜੂਨ ਸੰਨ 1745 ਦਾ ਦਿਨ ਹੈ। ਸਿੰਘਾਂ ਦਾ ਸ਼ਹੀਦੀ ਸਾਕਾ ਵੇਖ ਕੇ ਭਾਈ ਗਰਜਾ ਸਿੰਘ ਜੀ ਨੂੰ ਸੂਲੀ ਉੱਤੇ ਚੜ੍ਹ ਕੇ ਸ਼ਹੀਦ ਹੁੰਦਾ ਵੇਖ ਕੇ, ਭਾਈ ਦਿਆਲ ਸਿੰਘ ਸਹਿੰਸਰਾ, ਬਾਬਾ ਬੁਲਾਕਾ ਸਿੰਘ ਕੰਗਾਂ ਵਾਲਾ, ਭਾਈ ਮਹਿਤਾਬ ਸਿੰਘ ਮੀਰਾਂਕੋਟ ਨੂੰ ਚਰਖੜੀ ਉੱਤੇ ਚੜ੍ਹ ਕੇ ਸਿੱਖ ਧਰਮ ਹੇਤ ਕੁਰਬਾਨ ਹੁੰਦਿਆਂ ਵੇਖ ਕੇ ਲੋਕ ਜ਼ੁਲਮਾਂ ਨੂੰ ਅੱਖਾਂ ਨਾਲ ਨਾ ਸਹਾਰਦੇ ਹੋਏ ਘਰਾਂ ਨੂੰ ਤੁਰ ਗਏ ਹਨ। ਨਿਖ਼ਾਸ ਚੌਂਕ ਲਾਹੌਰ ਵਿਚ ਬਾਕੀ ਸਿੰਘਾਂ ਦਾ ਵੀ ਸਿੱਖੀ ਸਿਦਕ ਪਰਖਿਆ ਜਾ ਰਿਹਾ ਹੈ। ਮੁਗ਼ਲ ਹਕੂਮਤ ਦੀ ਚਰਖੜੀ 8 ਜੂਨ 1745 ਨੂੰ ਸਾਰਾ ਦਿਨ ਗਿੜਦੀ ਰਹੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਸਪੁੱਤਰ ਵਾਰੀ-ਵਾਰੀ ਇਕ-ਇਕ ਕਰ ਕੇ ਸ. ਰੂਪ ਸਿੰਘ ਤਰਖਾਣ ਖੁਡੀਆਂ ਦਾ, ਸ. ਹੀਰਾ ਸਿੰਘ ਰੰਘੜ ਨੰਗਲ ਦਾ, ਸ. ਸੂਰਾ ਸਿੰਘ ਕਲਾਲ, ਸ. ਬਾਘੜ ਸਿੰਘ ਰਾਜਪੂਤ ਬਾਸਰਕੇ ਦਾ, ਸ. ਸਦਨ ਸਿੰਘ, ਸ. ਪਹਾੜ ਸਿੰਘ ਸੈਦਪੁਰੀਆ, ਸ. ਤੇਗਾ ਸਿੰਘ ਮਤਾਬ ਕੋਟ ਦਾ, ਸ. ਕਰਤਾ ਸਿੰਘ, ਸ. ਵਜ਼ੀਰ ਸਿੰਘ ਮਜੀਠੇ ਦਾ, ਸ. ਬਹਾਦਰ ਸਿੰਘ, ਸ. ਤਕੜਾ ਸਿੰਘ ਰੰਧਾਵੇ ਦੇ ਸਿੰਘਾਂ ਨੂੰ 8 ਜੂਨ ਸੰਨ 1745 ਨੂੰ ਭਾਈ ਤਾਰੂ ਸਿੰਘ ਜੀ ਦੇ ਸਾਹਮਣੇ ਚਰਖੜੀ ਉੱਤੇ ਚੜ੍ਹਾ ਕੇ ਸ਼ਹੀਦ ਕੀਤਾ ਗਿਆ।

ਮੁਗ਼ਲ ਹਕੂਮਤ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਬਹਾਦਰ ਦੇ ਜ਼ੁਲਮਾਂ ਨੂੰ ਵੇਖ ਕੇ ਤਾਂ ਸੂਰਜ ਵੀ ਸ਼ਰਮਾਅ ਗਿਆ। ਸੂਰਜ ਨੇ ਵੀ ਸਿੰਘਾਂ ਦੇ ਸਿਦਕ ਅਤੇ ਸਿੰਘਾਂ ਉੱਤੇ ਹੁੰਦਾ ਜ਼ੁਲਮ ਵੇਖ ਕੇ ਆਪਣਾ ਮੁੱਖ ਬੱਦਲਾਂ ਓਹਲੇ ਛਿਪਾ ਲਿਆ। ਕੁਦਰਤ ਵੀ ਸਿੰਘਾਂ ਉੱਤੇ ਜ਼ੁਲਮ ਹੁੰਦਾ ਵੇਖ ਕੇ ਅੱਥਰੂ ਕੇਰ ਰਹੀ ਸੀ। ਕੁਦਰਤ ਨੇ ਸਿੰਘਾਂ ਦੇ ਸਿੱਖੀ ਸਿਦਕ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਮੀਂਹ ਵਰ੍ਹਾ ਦਿੱਤਾ। ਸਿੰਘਾਂ ਦੇ ਖ਼ੂਨ ਮਿੱਝ ਦਾ ਗਾਰਾ ਮੀਂਹ ਦੇ ਪਾਣੀ ਨੂੰ ਲਾਲ, ਲਹੂ ਲੁਹਾਨ ਕਰਦਾ ਹੋਇਆ ਨਿਖ਼ਾਸ ਚੌਂਕ ਲਾਹੌਰ ਵਿਚੋਂ ਨੀਵੇਂ ਪਾਸੇ ਨੂੰ ਜਾਣ ਲੱਗਾ। ਹਕੂਮਤ ਵੱਲੋਂ ਸਿੰਘਾਂ ਨੂੰ ਸ਼ਹੀਦ ਕਰਦਿਆਂ ਸਾਰਾ ਦਿਨ ਬੀਤ ਗਿਆ। ਜੱਲਾਦ

ਥੱਕ ਗਏ। ਚਰਖੜੀ ਦੇ ਦੰਦੇ ਮੁੜ ਗਏ, ਸਿੰਘਾਂ ਨੂੰ ਸ਼ਹੀਦ ਕਰਦਿਆਂ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਸਪੁੱਤਰਾਂ, ਸਿੱਖਾਂ ਦੇ ਸਰੀਰ ਚਰਖੜੀ ਉੱਤੇ ਚੜ੍ਹਨ ਤੋਂ ਪਿੱਛੇ ਨਾ ਹਟੇ। ਭਾਈ ਮਹਿਤਾਬ ਸਿੰਘ ਮੀਰਾਂਕੋਟ, ਭਾਈ ਗਰਜਾ ਸਿੰਘ, ਬਾਬਾ ਬੁਲਾਕਾ ਸਿੰਘ ਕੰਗਾਂ ਵਾਲਾ, ਭਾਈ ਦਿਆਲ ਸਿੰਘ ਸਹਿੰਸਰਾ ਸਮੇਤ ਪੰਦਰਾਂ ਸਿੰਘਾਂ ਦੀ ਸ਼ਹੀਦੀ ਭਾਈ ਤਾਰੂ ਸਿੰਘ ਜੀ ਦੀਆਂ ਅੱਖਾਂ ਸਾਹਮਣੇ ਉਹਨਾਂ ਨੂੰ ਸਿੱਖ ਧਰਮ ਤੋਂ ਡੁਲਾਉਣ ਲਈ ਜ਼ਕਰੀਆ ਖ਼ਾਨ ਦੇ ਹੁਕਮ ਉੱਤੇ 8 ਜੂਨ 1745 ਨੂੰ ਕਰਾਈ ਗਈ।

8 ਜੂਨ 1745 ਦਾ ਸ਼ਹੀਦੀ ਸਾਕਾ ਨਿਖ਼ਾਸ ਚੌਂਕ ਦਾ ਵਿਖਾ ਕੇ ਭਾਈ ਤਾਰੂ ਸਿੰਘ ਜੀ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਭਾਈ ਤਾਰੂ ਸਿੰਘ ਜੀ ਅਕਾਲ ਪੁਰਖ ਵਾਹਿਗੁਰੂ ਦਾ ਧਿਆਨ ਧਰ ਕੇ ਸਾਰੀ ਰਾਤ ਗੁਰਬਾਣੀ ਦਾ ਪਾਠ ਕਰਦੇ ਰਹੇ। ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਦਾ ਜਾਪ ਕਰਦੇ ਰਹੇ।

ਚਰਖੜੀਆਂ ਉੱਤੇ ਚੜ੍ਹਨ ਵਾਲੇ ਸ਼ਹੀਦ ਸਿੰਘਾਂ ਨੂੰ ਸਿੱਖ ਕੌਮ, ਖ਼ਾਲਸਾ ਪੰਥ ਦੀ ਅਰਦਾਸ ਵਿਚ ਹਰ ਰੋਜ਼ ਯਾਦ ਕੀਤਾ ਜਾਂਦਾ ਹੈ—ਜਿਨ੍ਹਾਂ ਸਿੰਘਾਂ ਸਿੰਘਣੀਆਂ ਧਰਮ ਹੇਤ ਸੀਸ ਦਿੱਤੇ, ਬੰਦ-ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ, ਤਨ ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭਾਇਆ, ਤਿਨ੍ਹਾਂ ਸਿੰਘਾਂ ਸਿੰਘਣੀਆਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ ਸਾਹਿਬ ਬੋਲੋ ਜੀ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ।

ਕਾਂਡ 26

ਭਾਈ ਤਾਰੂ ਸਿੰਘ ਜੀ ਸਾਰੀ ਰਾਤ ਜੇਲ੍ਹ ਅੰਦਰ ਅਕਾਲ ਪੁਰਖ ਵਾਹਿਗੁਰੂ ਦਾ ਨਾਮ ਸਿਮਰਨ ਕਰਦੇ ਰਹੇ, ਗੁਰਬਾਣੀ ਦਾ ਪਾਠ ਕਰਦੇ ਰਹੇ। ਅਕਾਲ ਪੁਰਖ ਵਾਹਿਗੁਰੂ ਅੱਗੇ ਇਹੋ ਅਰਦਾਸ ਕਰਦੇ ਰਹੇ, 'ਸੱਚੇ ਪਾਤਸ਼ਾਹ ਜੀਓ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੰਮ੍ਰਿਤ ਦੇ ਦਾਤੇ, ਪੰਥ ਦੇ ਵਾਲੀ, ਕਲਗੀਧਰ ਸਤਿਗੁਰੂ ਵੱਲੋਂ ਬਖ਼ਸ਼ੀ ਖੰਡੇ-ਬਾਟੇ ਦੀ ਪਾਹੁਲ ਅੰਮ੍ਰਿਤ ਦੀ ਦਾਤ ਛਕੀ ਹੈ। ਸਿੱਖ ਸੇਵਕ ਦਾ ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭ ਜਾਵੇ। ਸੱਚੇ ਪਾਤਸ਼ਾਹ ਵਾਹਿਗੁਰੂ ਜੀਓ, ਸਿੱਖ ਸੇਵਕ ਦੀ ਲਾਜ ਰੱਖਣੀ।'

9 ਜੂਨ 1745 ਨੂੰ ਭਾਈ ਤਾਰੂ ਸਿੰਘ ਨੂੰ ਕੋਤਵਾਲ ਵੱਲੋਂ ਜ਼ਕਰੀਆ ਖ਼ਾਨ ਬਹਾਦਰ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸੂਬੇਦਾਰ ਲਾਹੌਰ ਜ਼ਕਰੀਆ ਖ਼ਾਨ ਬਹਾਦਰ ਦੀ ਕਚਹਿਰੀ ਵਿਚ ਦਾਖ਼ਲ ਹੁੰਦਿਆਂ ਭਾਈ ਤਾਰੂ ਸਿੰਘ ਜੀ ਨੇ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਈ।

ਜ਼ਕਰੀਆ ਖ਼ਾਨ, "ਤਾਰੂ ਸਿੰਘਾ, ਸਾਨੂੰ ਹੁਣ ਇਥੇ ਹੋਰ ਕਿਸੇ ਸਬੂਤ ਦੀ ਲੋੜ ਨਹੀਂ। ਤੂੰ ਬਾਗ਼ੀ ਹੋਣ ਦਾ ਸਬੂਤ ਮੇਰੀ ਕਚਹਿਰੀ ਵਿਚ 'ਫ਼ਤਹਿ' ਬੁਲਾ ਕੇ ਆਪ ਹੀ ਦੇ ਦਿੱਤਾ ਹੈ। ਤੂੰ ਦੱਸ, ਤੈਨੂੰ ਇਸਲਾਮ ਧਰਮ ਕਬੂਲ ਹੈ ਜਾਂ ਨਹੀਂ। ਜੇ ਤੂੰ ਮੁਸਲਮਾਨ ਬਣ ਜਾਵੇਂਗਾ ਤਾਂ ਤੈਨੂੰ ਮਾਫ਼ ਕਰ ਦਿੱਤਾ ਜਾਵੇਗਾ। ਤੇਰੀ ਮੁਸਲਮਾਨ ਲੜਕੀ ਨਾਲ ਸ਼ਾਦੀ ਕਰ ਦਿੱਤੀ ਜਾਵੇਗੀ। ਜ਼ਿੰਦਗੀ ਦੇ ਸਾਰੇ ਸੁੱਖ ਤੇਰੇ ਅੱਗੇ-ਪਿੱਛੇ ਹੋਣਗੇ, ਜ਼ਿੰਦਗੀ ਵਿਚ ਸੁੱਖ ਭੋਗੇਂਗਾ। ਨਹੀਂ ਤਾਂ ਬੁਰੀ ਮੌਤੇ ਮਾਰਿਆ ਜਾਵੇਂਗਾ।"

ਭਾਈ ਤਾਰੂ ਸਿੰਘ, "ਨਵਾਬ ਖ਼ਾਨ ਬਹਾਦਰ, ਜੇ ਮੁਸਲਮਾਨ ਹੋ ਕੇ ਬੰਦਾ ਨਾ ਮਰਦਾ ਹੋਵੇ ਤਾਂ ਮੁਸਲਮਾਨ ਹੋ ਜਾਈਏ। ਜਦ ਮੁਸਲਮਾਨ ਹੋ ਕੇ ਵੀ ਅੰਤ ਨੂੰ ਮਰਨਾ ਹੈ ਤਾਂ ਫਿਰ ਕਿਉਂ ਚਾਰ ਦਿਨਾਂ ਦੀ ਝੂਠੀ ਜ਼ਿੰਦਗੀ ਪਿੱਛੇ, ਸੁੱਖਾਂ ਦੇ ਲਾਲਚ ਪਿੱਛੇ, ਸਿੱਖ ਧਰਮ ਛੱਡੀਏ ? ਮੈਂ ਗੁਰੂ ਦਾ ਸਿੱਖ ਹਾਂ, ਮੇਰਾ ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭੇਗਾ। ਮੈਂ ਇਸਲਾਮ ਧਰਮ ਕਬੂਲ ਨਹੀਂ ਕਰਾਂਗਾ। ਮੇਰਾ ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭੇਗਾ।"

ਭਾਈ ਤਾਰੂ ਸਿੰਘ ਜੀ ਦਾ ਜਵਾਬ ਸੁਣ ਕੇ ਜ਼ਕਰੀਆ ਖ਼ਾਨ ਗੁੱਸੇ ਵਿਚ

ਪਾਗਲ ਹੋ ਗਿਆ ਤੇ ਕਹਿਣ ਲੱਗਾ, "ਤਾਰੂ ਸਿੰਘਾ, ਜਿਹੜੇ ਕੇਸਾਂ ਦੀ ਤੂੰ ਗੱਲ ਕਰਦਾ ਹੈਂ ਮੈਂ ਇਹਨਾਂ ਤੇਰੇ ਸਿਰ ਦਿਆਂ ਵਾਲਾਂ ਨੂੰ ਜੁੱਤੀਆਂ ਮਾਰ-ਮਾਰ ਕੇ ਉਡਾ ਦਿਆਂਗਾ। ਫਿਰ ਮੈਂ ਵੇਖਾਂਗਾ ਕਿਵੇਂ ਨਿਭਦੀ ਹੈ ਤੇਰੀ ਸਿੱਖੀ ਕੇਸਾਂ ਸਵਾਸਾਂ ਨਾਲ।"

ਭਾਈ ਤਾਰੂ ਸਿੰਘ ਜੀ ਨੇ ਆਖਿਆ, "ਨਵਾਬ, ਯਾਦ ਰੱਖੀਂ, ਮੇਰਾ ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਮੇਰਾ ਗੁਰੂ ਨਿਭਾਵੇਗਾ ਪਰ ਤੈਨੂੰ ਜੁੱਤੀ ਅੱਗੇ ਲਾ ਕੇ ਲਿਜਾਵਾਂਗਾ।"

ਭਾਈ ਤਾਰੂ ਸਿੰਘ ਜੀ ਦਾ ਉੱਤਰ ਸੁਣ ਕੇ ਜ਼ਕਰੀਆ ਖ਼ਾਨ ਗੁੱਸੇ ਵਿਚ ਅੱਗ-ਬਬੂਲਾ ਹੋ ਗਿਆ।

ਭਾਈ ਤਾਰੂ ਸਿੰਘ ਜੀ ਨੂੰ ਸਿੱਖ ਧਰਮ ਤੋਂ ਨਾ ਡੋਲਦਾ ਵੇਖ ਕੇ ਜ਼ਕਰੀਆ ਖ਼ਾਨ ਨੇ ਭਾਈ ਤਾਰੂ ਸਿੰਘ ਜੀ ਦੇ ਸਿਰ ਦੇ ਕੇਸ ਜਬਰੀ ਕੱਟਣ ਲਈ ਨਾਈ ਸੱਦ ਲਏ। ਜ਼ਕਰੀਆ ਖ਼ਾਨ ਨੇ ਕੋਤਵਾਲ ਨੂੰ ਹੁਕਮ ਦਿੱਤਾ ਕਿ ਤਾਰੂ ਸਿੰਘ ਨੂੰ ਨਿਖ਼ਾਸ ਚੌਂਕ ਲਾਹੌਰ ਵਿਚ ਲੈ ਚੱਲੋ। ਸਾਰੇ ਸ਼ਹਿਰ ਵਿਚ ਢੋਲ ਵਜਾ ਦਿਉ ਕਿ ਅੱਜ ਭਾਈ ਤਾਰੂ ਸਿੰਘ ਨੂੰ ਮੁਸਲਮਾਨ ਬਣਾਏ ਜਾਣ ਦਾ ਦ੍ਰਿਸ਼ ਲੋਕ ਆਪਣੀਆਂ ਅੱਖਾਂ ਨਾਲ ਵੇਖਣ।

ਭਾਈ ਤਾਰੂ ਸਿੰਘ ਜੀ ਦੇ ਪੈਰਾਂ ਵਿਚ ਬੇੜੀਆਂ ਅਤੇ ਹੱਥਾਂ ਨੂੰ ਹਥਕੜੀਆਂ ਨਾਲ ਜਕੜ ਕੇ ਨਿਖ਼ਾਸ ਚੌਂਕ ਵਿਚ ਬਿਠਾ ਦਿੱਤਾ ਗਿਆ। ਚੁਫੇਰੇ ਲੋਕਾਂ ਦੀ ਭੀੜ ਇਕੱਠੀ ਹੋ ਗਈ ਅਤੇ ਫ਼ੌਜ ਦੇ ਕਰੜੇ ਪ੍ਰਬੰਧ ਕਰ ਦਿੱਤੇ ਗਏ। ਭਾਈ ਤਾਰੂ ਸਿੰਘ ਜੀ ਦਾ ਅਕਾਲ ਪੁਰਖ ਵਾਹਿਗੁਰੂ ਉੱਤੇ ਪੂਰਨ ਭਰੋਸਾ ਹੈ। ਸਿੰਘ ਜਬਰ ਦਾ ਟਾਕਰਾ ਗੁਰੂ ਦੇ ਭਰੋਸੇ ਸਬਰ ਨਾਲ ਕਰ ਰਿਹਾ ਹੈ। ਭਾਈ ਤਾਰੂ ਸਿੰਘ ਜੀ ਜਪੁ ਜੀ ਸਾਹਿਬ ਅਤੇ ਚੌਪਈ ਸਾਹਿਬ ਦਾ ਪਾਠ ਕਰਦੇ ਰਹੇ।

ਜ਼ਕਰੀਆ ਖ਼ਾਨ ਦੇ ਹੁਕਮ 'ਤੇ ਨਾਈ ਕੈਂਚੀ ਨਾਲ ਭਾਈ ਤਾਰੂ ਸਿੰਘ ਜੀ ਦੇ ਸਿਰ ਦੇ ਕੇਸ ਕੱਟਣ ਲੱਗੇ ਪਰ ਭਾਈ ਤਾਰੂ ਸਿੰਘ ਜੀ ਦੇ ਕੇਸਾਂ ਨੂੰ ਆਂਚ ਤਕ ਨਾ ਆਈ। ਕੈਂਚੀ ਮੁੜ ਗਈ, ਨਾਈ ਘਬਰਾ ਗਏ।

ਜ਼ਕਰੀਆ ਖ਼ਾਨ ਨੇ ਡਾਂਟਦਿਆਂ ਆਖਿਆ, "ਕੀ ਗੱਲ ਹੈ ? ਤੁਸੀਂ ਬਾਗ਼ੀ ਸਿੰਘ ਦੇ ਵਾਲ ਕਿਉਂ ਨਹੀਂ ਕੱਟਦੇ ?"

ਨਾਈ, "ਜਹਾਂ ਪਨਾਹ, ਸਿੰਘ ਕੋਈ ਕਲਮਾ (ਗੁਰਬਾਣੀ) ਪੜ੍ਹ ਰਿਹਾ ਹੈ। ਇਹ ਸਿੰਘ ਜਾਦੂਗਰ ਹੈ। ਕੈਂਚੀਆਂ ਇਸ ਦੇ ਵਾਲ ਨਹੀਂ ਕੱਟਦੀਆਂ, ਕੈਂਚੀਆਂ ਖੁੰਡੀਆਂ ਹੋ ਜਾਂਦੀਆਂ ਹਨ।"

ਜ਼ਕਰੀਆ ਖ਼ਾਨ ਵੱਲੋਂ ਹੋਰ ਨਾਈਆਂ ਨੂੰ ਭਾਈ ਤਾਰੂ ਸਿੰਘ ਜੀ ਦੇ ਕੇਸ ਕੱਟਣ ਲਈ ਲਾਇਆ ਗਿਆ। ਜਦੋਂ ਦੂਜੇ ਨਾਈ ਨੇ ਭਾਈ ਤਾਰੂ ਸਿੰਘ ਜੀ ਦੇ ਕੇਸਾਂ ਨੂੰ ਕੈਂਚੀ ਲਾਈ ਤਾਂ ਅੱਗੋਂ ਨਾਈ ਦੇ ਹੱਥ ਮੁੜ ਗਏ। ਅੱਗੋਂ ਬਿਜਲੀ ਵਾਂਗ

ਝਟਕਾ ਵੱਜਿਆ।

ਨਾਈ, "ਜਹਾਂ ਪਨਾਹ, ਸਾਡੇ ਤੋਂ ਭਾਈ ਤਾਰੂ ਸਿੰਘ ਦੇ ਵਾਲ ਨਹੀਂ ਜੇ ਕੱਟੇ ਜਾਂਦੇ। ਇਸ ਦੇ ਜਾਦੂ ਨੇ ਤਾਂ ਸਾਡੇ ਹੱਥਾਂ ਦੇ ਘੁੰਡ ਮੋੜ ਦਿੱਤੇ ਹਨ।"

ਜ਼ਕਰੀਆ ਖ਼ਾਨ ਨਾਈਆਂ ਨੂੰ ਝਿੜਕਾਂ ਦੇਣ ਲੱਗਾ। ਹੋਰ ਨਾਈ ਨੂੰ ਭਾਈ ਤਾਰੂ ਸਿੰਘ ਜੀ ਦੇ ਸਿਰ ਦੇ ਕੇਸ ਕੱਟਣ ਲਈ ਅੱਗੇ ਕੀਤਾ। ਨਾਈ ਨੇ ਜਦੋਂ ਭਾਈ ਤਾਰੂ ਸਿੰਘ ਜੀ ਦੇ ਕੇਸਾਂ ਨੂੰ ਕੈਂਚੀ ਲਾਈ ਤਾਂ ਨਾਈ ਅੱਖਾਂ ਤੋਂ ਅੰਨ੍ਹਾ ਹੋ ਗਿਆ। ਨਾਈ ਚੀਕਾਂ ਮਾਰਨ ਲੱਗ ਪਿਆ, "ਕਹਿਰ ਖ਼ੁਦਾ ਦਾ ਲੋਕੋ, ਮੈਨੂੰ ਅੱਖਾਂ ਤੋਂ ਦਿਸਣੋਂ ਹਟ ਗਿਆ ਜੇ, ਮੈਂ ਅੰਨ੍ਹਾ ਹੋ ਗਿਆ ਲੋਕੋ, ਮੈਂ ਮਾਰਿਆ ਗਿਆ। ਦੁਹਾਈ ਖ਼ੁਦਾ ਦੀ, ਸਿੰਘ ਕੋਈ ਕਲਮਾ ਪੜ੍ਹ ਰਿਹਾ ਹੈ, ਜਿਸ ਨਾਲ ਇਸ ਦੇ ਕੇਸ ਨਹੀਂ ਕੱਟੇ ਜਾਂਦੇ।"

ਜ਼ਕਰੀਆ ਖ਼ਾਨ, "ਬਾਗੀ ਤਾਰੂ ਸਿੰਘ ਨੇ ਕੋਈ ਜਾਦੂ ਚਲਾਇਆ ਹੋਇਆ ਹੈ, ਕੋਈ ਗੱਲ ਨਹੀਂ।"

ਫਿਰ ਉਸ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਜਾ ਕੇ ਸ਼ਹਿਰ ਵਿਚੋਂ ਦੋ-ਚਾਰ ਮੋਚੀ ਫੜ ਲਿਆਓ। ਹੁਕਮ ਮੰਨ ਕੇ ਸਿਪਾਹੀ ਚਾਰ ਮੋਚੀ ਫੜ ਲਿਆਏ। ਜ਼ਕਰੀਆ ਖ਼ਾਨ ਨੇ ਮੋਚੀਆਂ ਨੂੰ ਹੁਕਮ ਦਿੱਤਾ ਕਿ ਭਾਈ ਤਾਰੂ ਸਿੰਘ ਦੇ ਸਿਰ ਦੀ ਖੋਪਰੀ ਰੰਬੀ ਨਾਲ ਉਤਾਰ ਦਿਉ। ਮੋਚੀ ਨੇ ਹੁਕਮ ਮੰਨਿਆ, ਭਾਈ ਤਾਰੂ ਸਿੰਘ ਜੀ ਨੇ ਇਹ ਹੁਕਮ ਸੁਣ ਕੇ ਖ਼ੁਸ਼ੀ ਮਨਾਈ ਕਿ ਮੇਰੇ ਸਿਰ ਦੇ ਕੇਸ ਖੋਪਰੀ ਦੇ ਨਾਲ ਹੀ ਰਹਿਣਗੇ। ਮੇਰਾ ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭਾਉਣ ਦਾ ਬਚਨ ਨਿਭੇਗਾ। ਭਾਈ ਤਾਰੂ ਸਿੰਘ ਜੀ 'ਅਕਾਲ ਅਕਾਲ, ਵਾਹਿਗੁਰੂ ਵਾਹਿਗੁਰੂ' ਉੱਚੀ-ਉੱਚੀ ਜਪਣ ਲੱਗੇ। ਨਿਖ਼ਾਸ ਚੌਂਕ ਵਿਚ ਲੋਕ ਸਿੱਖ ਦਾ ਸਿੱਖੀ ਸਿਦਕ ਵੇਖ ਰਹੇ ਸਨ।

ਜ਼ਕਰੀਆ ਖ਼ਾਨ ਦੇ ਹੁਕਮ ਨਾਲ ਮੋਚੀ ਨੇ ਭਾਈ ਤਾਰੂ ਸਿੰਘ ਦੇ ਮੱਥੇ ਤੋਂ ਰੰਬੀ ਕੰਨਾਂ ਨੂੰ ਧਸਾ ਦਿੱਤੀ ਤੇ ਗਿੱਚੀ ਤੋਂ ਰੰਬੀ ਧਸਾ ਕੇ ਸਮੇਤ ਕੇਸਾਂ ਦੇ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਲਾਹ ਦਿੱਤੀ। ਭਾਈ ਤਾਰੂ ਸਿੰਘ ਜੀ ਦਾ ਸਰੀਰ ਖ਼ੂਨ ਨਾਲ ਰੰਗਿਆ ਗਿਆ। ਸਿੱਖੀ ਦੇ ਪਿਆਰੇ ਆਸ਼ਕ ਨੇ ਮੁੱਖ ਤੋਂ 'ਸੀ' ਤਕ ਨਾ ਉਚਾਰੀ। 'ਵਾਹਿਗੁਰੂ ਵਾਹਿਗੁਰੂ ਵਾਹਿਗੁਰੂ' ਦਾ ਸਿਮਰਨ ਕਰਦਾ ਰਿਹਾ। ਜੋ ਲੋਕ ਨਿਖ਼ਾਸ ਚੌਂਕ ਵਿਚ ਇਕੱਠੇ ਹੋਏ ਸੀ, ਭਾਈ ਤਾਰੂ ਸਿੰਘ ਜੀ ਉੱਤੇ ਹੋਏ ਹਕੂਮਤੀ ਜ਼ੁਲਮ ਨੂੰ ਵੇਖ ਕੇ ਹਾਏ-ਹਾਏ ਪੁਕਾਰ ਉੱਠੇ। ਜਿਸ ਨੇ ਵੇਖਿਆ, ਜਿਸ ਨੇ ਸੁਣਿਆ, ਸਭ ਨੇ ਬੁਰਾ ਮਨਾਇਆ। ਹਾਹਾਕਾਰ ਮੱਚ ਗਈ। ਭਾਈ ਤਾਰੂ ਸਿੰਘ ਜੀ ਦੀ ਖੋਪਰੀ ਲੱਥੀ ਵੇਖ ਕੇ, ਸਰੀਰ ਲਹੂ-ਲੁਹਾਨ ਵੇਖ ਕੇ ਲੋਕ ਜ਼ਕਰੀਆ ਖ਼ਾਨ ਨੂੰ ਬਦ-ਦੁਆਵਾਂ ਦੇਣ ਲੱਗੇ। ਹੇ ਖ਼ੁਦਾ, ਇਤਨਾ ਜ਼ੁਲਮ ਕਰਨ ਵਾਲੇ ਪਾਪੀ ਦਾ

ਰਾਜ ਖ਼ਤਮ ਕਰ ਦੇ। ਖ਼ੁਦਾ, ਸਾਡੇ ਤੋਂ ਇਤਨੇ ਜ਼ੁਲਮ ਨਹੀਂ ਵੇਖੇ ਜਾਂਦੇ। ਸਿਆਣੇ ਲੋਕ ਆਖ ਰਹੇ ਸਨ—ਖ਼ਾਨ ਬਹਾਦਰ ਸਿੰਘਾਂ ਉੱਤੇ ਜ਼ੁਲਮ ਕਰ ਰਿਹਾ ਹੈ। ਇਸ ਨੇ ਤਾਂ ਹੁਣ ਜ਼ੁਲਮ ਦੀ ਅੱਤ ਹੀ ਕਰ ਦਿੱਤੀ ਹੈ। ਸਮਝੋ, ਇਸ ਦੇ ਦਿਨ ਥੋੜ੍ਹੇ ਹਨ। ਅੱਤ ਅਤੇ ਤੱਤ ਦਾ ਵੈਰ ਹੁੰਦਾ ਹੈ। ਇਤਨੀ ਅੱਤ ਖ਼ੁਦਾ ਨੂੰ ਭਾਉਂਦੀ ਨਹੀਂ। ਜਿਸ ਰਾਜ ਦੇ ਰਾਖੇ ਪਰਜਾ ਦੀ ਰਾਖੀ ਕਰਨ ਵਾਲੇ ਪਰਜਾ ਉੱਤੇ ਜ਼ੁਲਮ ਕਰਨ ਲੱਗ ਪੈਣ, ਉਸ ਦਾ ਅੰਤ ਛੇਤੀ ਹੀ ਹੋ ਜਾਂਦਾ ਹੈ।

ਜ਼ਕਰੀਆ ਖ਼ਾਨ ਬਹਾਦਰ ਨੇ ਭਾਈ ਤਾਰੂ ਸਿੰਘ ਦੀ ਖੋਪਰੀ ਲੁਹਾ ਕੇ ਭਾਈ ਤਾਰੂ ਸਿੰਘ ਨੂੰ ਕਿਲ੍ਹੇ ਦੀ ਖਾਈ ਵਿਚ ਸੁਟਾ ਦਿੱਤਾ। ਲਾਹੌਰ ਸ਼ਹਿਰ ਦੇ ਮਿਸਤਰੀ ਸਿੱਖਾਂ ਨੇ ਜ਼ਕਰੀਆ ਖ਼ਾਨ ਨੂੰ ਆਖਿਆ ਕਿ ਸਰਕਾਰ, ਜੇ ਤੁਹਾਡਾ ਹੁਕਮ ਹੋਵੇ ਤਾਂ ਅਸੀਂ ਭਾਈ ਤਾਰੂ ਸਿੰਘ ਨੂੰ ਆਪਣੇ ਘਰ ਲੈ ਜਾਈਏ। ਜਿੰਨੇ ਦਿਨ ਇਹਨਾਂ ਦੇ ਸਵਾਸ ਪੂਰੇ ਨਹੀਂ ਹੁੰਦੇ, ਉਤਨੇ ਦਿਨ ਇਹਨਾਂ ਦੀ ਸੇਵਾ ਕਰਦੇ ਰਹਾਂਗੇ। ਸਵਾਸ ਪੂਰੇ ਹੋ ਜਾਣ 'ਤੇ ਇਹਨਾਂ ਦਾ ਸਸਕਾਰ ਕਰ ਦੇਵਾਂਗੇ।

ਜ਼ਕਰੀਆ ਖ਼ਾਨ ਨੇ ਭਾਈ ਤਾਰੂ ਸਿੰਘ ਨੂੰ ਲਾਹੌਰ ਦੇ ਮਿਸਤਰੀ ਸਿੱਖਾਂ ਨੂੰ ਚੁਕਾ ਦਿੱਤਾ। ਲਾਹੌਰ ਦੇ ਮਿਸਤਰੀ ਸਿੱਖ ਭਾਈ ਤਾਰੂ ਸਿੰਘ ਜੀ ਨੂੰ ਘਰ ਲਿਜਾ ਕੇ, ਸਿਰ ਉੱਤੇ ਪੱਟੀਆਂ ਬੰਨ੍ਹ ਕੇ ਅਤੇ ਦੁੱਧ-ਘਿਉ ਨਾਲ ਸੇਵਾ ਕਰਦੇ ਰਹੇ ਅਤੇ ਮੁੱਠੀ-ਚਾਪੀ ਕਰਦੇ ਰਹੇ। ਭਾਈ ਤਾਰੂ ਸਿੰਘ ਜੀ ਜਪੁ ਜੀ ਸਾਹਿਬ ਅਤੇ ਚੌਪਈ ਸਾਹਿਬ ਦਾ ਪਾਠ ਕਰਦੇ ਰਹਿੰਦੇ।

ਭਾਈ ਤਾਰੂ ਸਿੰਘ ਜੀ ਬਚਨ ਕਰਦੇ, "ਸਿੱਖ ਭਰਾਵੋ, ਜ਼ਕਰੀਏ ਨੂੰ ਮੈਂ ਛੱਡਣਾ ਨਹੀਂ। ਇਸ ਨੂੰ ਜੁੱਤੀ (ਛਿੱਤਰ) ਅੱਗੇ ਲਾ ਕੇ ਲਿਜਾਣਾ ਹੈ।"

ਭਾਈ ਤਾਰੂ ਸਿੰਘ ਜੀ ਦੀ ਜ਼ਕਰੀਆ ਖ਼ਾਨ ਬਹਾਦਰ ਸੂਬੇਦਾਰ ਲਾਹੌਰ ਦੇ ਹੁਕਮ ਨਾਲ ਖੋਪਰੀ ਲੁਹਾਉਣ ਦਾ ਇਹ ਸਾਕਾ ਨਿਖ਼ਾਸ ਚੌਂਕ ਲਾਹੌਰ ਵਿਚ 9 ਜੂਨ 1745 ਵਿਚ ਹੋਇਆ।

ਕਾਂਡ 27

ਸਾਧੂ ਸੁਭਾਅ, ਭੁੱਖਿਆਂ ਨੂੰ ਲੰਗਰ ਛਕਾਉਣ ਵਾਲੇ, ਨੰਗਿਆਂ ਨੂੰ ਬਸਤਰ ਦੇਣ ਵਾਲੇ, ਲੋੜਵੰਦਾਂ ਦੇ ਮਦਦਗਾਰ ਭਾਈ ਤਾਰੂ ਸਿੰਘ ਜੀ, ਸੰਤ ਮਹਾਂਪੁਰਖ ਦੀ 9 ਜੂਨ ਸੰਨ 1745 ਨੂੰ ਖੋਪਰੀ ਲੁਹਾ ਦਿੱਤੀ ਗਈ। ਜ਼ਕਰੀਆ ਖ਼ਾਨ ਨੇ ਸਾਰੀ ਜ਼ਿੰਦਗੀ ਕੋਈ ਚੰਗਾ ਕੰਮ ਨਹੀਂ ਕੀਤਾ ਸੀ। ਜ਼ਕਰੀਆ ਖ਼ਾਨ ਬਹਾਦਰ ਸੂਬੇਦਾਰ ਲਾਹੌਰ ਦੇ ਜ਼ੁਲਮਾਂ ਦਾ ਅੰਤ ਆ ਗਿਆ। ਅਕਾਲ ਪੁਰਖ ਵਾਹਿਗੁਰੂ ਨੇ ਭਾਈ ਤਾਰੂ ਸਿੰਘ ਜੀ ਦਾ ਬਚਨ 'ਖ਼ਾਨ ਬਹਾਦਰ ਜ਼ਕਰੀਆ ਖ਼ਾਨ, ਤੈਨੂੰ ਜੁੱਤੀ ਅੱਗੇ ਲਾ ਕੇ ਲਿਜਾਵਾਂਗਾ' ਪੂਰਾ ਕਰਨਾ ਹੈ।

ਜ਼ਕਰੀਆ ਖ਼ਾਨ ਬਹਾਦਰ ਨੂੰ ਪਿਸ਼ਾਬ ਦਾ ਬੰਨ੍ਹ ਪੈ ਗਿਆ ਤੇ ਪੀੜ ਨਾਲ ਤੜਫਣ ਲੱਗਾ। ਵੈਦ ਹਕੀਮ ਸੱਦੇ ਗਏ। ਉਹਨਾਂ ਬੜਾ ਇਲਾਜ ਕੀਤਾ, ਜ਼ੋਰ ਲਾਇਆ ਪਰ ਜ਼ਕਰੀਆ ਖ਼ਾਨ ਨੂੰ ਪਿਸ਼ਾਬ ਨਾ ਆਇਆ। ਜ਼ਕਰੀਆ ਖ਼ਾਨ ਪਿਸ਼ਾਬ ਦਾ ਬੰਨ੍ਹ ਪੈਣ ਨਾਲ ਦੁਖੀ ਹੋ ਰਿਹਾ ਸੀ ਪਰ ਹੰਕਾਰ ਨਾਲ ਭਰਿਆ ਪਿਆ ਸੀ। ਜ਼ਕਰੀਆ ਖ਼ਾਨ ਨੇ ਆਪਣੇ ਕੁਝ ਅਹਿਲਕਾਰ ਸਵਾਰ ਨਾਲ ਲਏ ਤੇ ਜਿਸ ਧਰਮਸ਼ਾਲਾ ਵਿਚ ਮਿਸਤਰੀ ਤਰਖਾਣ ਸਿੱਖ ਰਹਿੰਦੇ ਸਨ, ਜਿਥੇ ਸਿੱਖ ਭਾਈ ਤਾਰੂ ਸਿੰਘ ਜੀ ਦੀ ਜ਼ਖ਼ਮੀ ਹਾਲਤ ਵਿਚ ਸੇਵਾ ਕਰ ਰਹੇ ਸੀ, ਜ਼ਕਰੀਆ ਖ਼ਾਨ ਉਥੇ ਪਹੁੰਚ ਗਿਆ। ਜ਼ਕਰੀਆ ਖ਼ਾਨ ਬਹਾਦਰ ਸੂਬੇਦਾਰ ਲਾਹੌਰ ਹੰਕਾਰ ਵੱਸ ਭਾਈ ਤਾਰੂ ਸਿੰਘ ਜੀ ਨੂੰ ਕਹਿਣ ਲੱਗਾ, "ਸਿੱਖਾ, ਤੂੰ ਕਹਿੰਦਾ ਸੀ, ਸਿੱਖੀ ਕੇਸਾਂ ਸਵਾਸਾਂ ਸੰਗ ਨਿਭੇਗੀ। ਹੁਣ ਤੇਰੇ ਸਿਰ ਦੇ ਕੇਸ ਕਿਥੇ ਹਨ ? ਸਿੱਖਾ, ਤੇਰਾ ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭਾਉਣ ਵਾਲਾ ਵਾਅਦਾ ਝੂਠਾ ਹੋਇਆ ਹੈ। ਤੂੰ ਜਿਉਂਦਾ ਹੈ ਪਰ ਤੇਰੇ ਕੇਸ ਕਿਥੇ ਨੇ ?"

ਭਾਈ ਤਾਰੂ ਸਿੰਘ ਜੀ, "ਨਵਾਬ ਖ਼ਾਨ ਬਹਾਦਰ, ਤੈਨੂੰ ਗੱਲ ਦੀ ਸਮਝ ਨਹੀਂ ਆਈ। ਮੇਰੇ ਕੇਸ ਖੋਪਰੀ ਦੇ ਨਾਲ ਰਹੇ ਹਨ। ਮੇਰੇ ਸਿਰ ਦੀ ਖੋਪਰੀ ਲੱਥੀ ਪਰ ਕੇਸ ਨਹੀਂ ਲੱਥੇ। ਦੂਜੀ ਗੱਲ ਇਹ ਹੈ ਕਿ ਮੈਂ ਸਵਾਸ ਅਜੇ ਤਕ ਤਾਂ ਨਹੀਂ ਦਿੱਤੇ, ਮੈਂ ਅਜੇ ਤਾਂ ਜਿਉਂਦਾ ਹਾਂ ਕਿ ਤੈਨੂੰ ਜੁੱਤੀ ਅੱਗੇ ਲਾ ਕੇ ਲਿਜਾਵਾਂਗਾ। ਤੈਨੂੰ ਅੱਗੇ ਕੋਈ ਉਸਤਾਦ ਨਹੀਂ ਮਿਲਿਆ, ਹੁਣ ਮੈਂ ਤੈਨੂੰ ਛੱਡ ਕੇ ਨਹੀਂ ਜਾਂਦਾ। ਜੇ ਤੈਨੂੰ ਛੱਡ ਗਿਆ ਤਾਂ ਤੂੰ ਆਪਣੇ ਆਪ ਨੂੰ ਬਲੀ ਕਹਾਵੇਂਗਾ। ਸੱਚੇ ਖ਼ੁਦਾ

ਦੀ ਦਰਗਾਹ ਵਿਚ ਤੇਰੇ ਨਾਲ ਲੇਖੇ ਹੋਣਗੇ। ਉਥੇ ਤੇਰੀ ਕਿਸੇ ਕਾਜ਼ੀ, ਮੁਲਾਣੇ ਨੇ ਸਿਫ਼ਾਰਸ਼ ਨਹੀਂ ਕਰਨੀ। ਦਰਗਾਹ ਵਿਚ ਤਾਂ ਚੰਗੇ-ਮੰਦੇ ਕਰਮਾਂ ਦੇ, ਨੇਕੀ-ਬਦੀ, ਹੱਕ-ਸੱਚ, ਪੁੰਨ-ਪਾਪ ਦੇ ਨਿਬੇੜੇ ਹੋਣੇ ਹਨ। ਖ਼ਾਨ ਬਹਾਦਰ, ਨਰਕਾਂ ਨੂੰ ਜਾਣ ਦੀ ਤਿਆਰੀ ਕਰ, ਦੋਜ਼ਖ਼ ਨੂੰ ਜਾਣ ਦੀ.....ਮੈਂ ਤੈਨੂੰ ਜੁੱਤੀ ਅੱਗੇ ਲਾ ਕੇ ਲਿਜਾਊਂ।"

ਭਾਈ ਤਾਰੂ ਸਿੰਘ ਜੀ ਦਾ ਜਵਾਬ ਸੁਣ ਕੇ ਜ਼ਕਰੀਆ ਖ਼ਾਨ ਦਾ ਦਿਲ ਕੰਬ ਗਿਆ। ਪਿਸ਼ਾਬ ਦੇ ਬੰਨ੍ਹ ਨਾਲ ਪੀੜ ਪਲੋ-ਪਲੀ ਵਧ ਰਹੀ ਸੀ। ਜ਼ਕਰੀਆ ਖ਼ਾਨ ਨੂੰ ਮੌਤ ਦਾ ਬੰਨਾ ਨੇੜੇ ਨਜ਼ਰ ਆਉਣ ਲੱਗਾ। ਕੰਬਦੇ ਸਰੀਰ ਨਾਲ ਭਾਈ ਤਾਰੂ ਸਿੰਘ ਜੀ ਦੀਆਂ ਗੱਲਾਂ ਸੁਣ ਕੇ ਭੈ-ਭੀਤ ਹੋ ਗਿਆ। ਜ਼ਕਰੀਆ ਖ਼ਾਨ ਘੋੜੇ ਉੱਤੇ ਚੜ੍ਹ ਕੇ ਸਾਥੀਆਂ ਸਮੇਤ ਵਾਪਸ ਕਿਲ੍ਹੇ ਨੂੰ ਤੁਰ ਪਿਆ। ਜ਼ਕਰੀਆ ਖ਼ਾਨ ਵਾਪਸ ਮਹਿਲਾਂ ਵਿਚ ਜਾ ਕੇ ਪਲੰਘ ਉੱਤੇ ਲੇਟ ਗਿਆ। ਅਕਾਲ ਪੁਰਖ ਵਾਹਿਗੁਰੂ ਨੇ ਭਾਈ ਤਾਰੂ ਸਿੰਘ ਜੀ ਦਾ ਬਚਨ ਪੂਰਾ ਕਰਨਾ ਹੈ।

ਜ਼ਕਰੀਆ ਖ਼ਾਨ ਦਾ ਪਿਸ਼ਾਬ ਬੰਦ ਹੋ ਗਿਆ। ਪਿਸ਼ਾਬ ਦਾ ਬੰਨ੍ਹ ਪੈਣ ਨਾਲ ਢਿੱਡ ਪਾਟਣ 'ਤੇ ਆ ਗਿਆ। ਜ਼ਕਰੀਆ ਖ਼ਾਨ ਪੀੜ ਨਾਲ ਤੜਪ ਰਿਹਾ ਸੀ। ਕਦੇ ਪਲੰਘ 'ਤੇ ਲੰਮਾ ਲਵੇ, ਕਦੇ ਉੱਠ ਕੇ ਬੈਠ ਜਾਵੇ, ਕਦੇ ਮੂਧਾ ਪਵੇ, ਕਦੀ ਉੱਚੀ ਕੂਕ ਕੇ ਰੋਵੇ, "ਹੇ ਖ਼ੁਦਾ, ਮੈਨੂੰ ਰੱਖ ਲੈ, ਮੈਂ ਮਰ ਗਿਆ ਓਏ। ਮੇਰੀ ਜਾਨ ਨਿਕਲਦੀ ਪਈ ਓਏ।"

ਅਮੀਰ, ਵਜ਼ੀਰ, ਕਾਜ਼ੀ, ਮੁੱਲਾਂ ਚਾਰ-ਚੁਫੇਰੇ ਇਕੱਠੇ ਹੋ ਗਏ। ਵੈਦ ਹਕੀਮ ਦਵਾਈ ਦਾਰੂ ਦੇਣ। ਜ਼ਕਰੀਆ ਖ਼ਾਨ 'ਤੇ ਦਵਾ-ਦਾਰੂ ਦਾ ਕੋਈ ਅਸਰ ਨਾ ਹੋਵੇ। ਵੈਦ, ਹਕੀਮ, ਵਜ਼ੀਰ, ਅਮੀਰ, ਬੇਗਮਾਂ, ਪੁੱਤਰ, ਕਾਜ਼ੀ, ਮੁੱਲਾਂ ਸਭ ਪਰੇਸ਼ਾਨ ਹੋ ਗਏ। ਕਾਜ਼ੀ-ਮੁੱਲਾਂ, ਸਿਆਣੇ-ਸਿਆਣੇ ਸੱਦੇ ਗਏ। ਕਾਜ਼ੀ-ਮੁੱਲਾਂ, ਇਸਲਾਮੀ ਕੁਰਾਨ ਸ਼ਰੀਫ ਦੇ ਕਲਮੇ ਪੜ੍ਹ-ਪੜ੍ਹ ਕੇ ਜ਼ਕਰੀਆ ਖ਼ਾਨ ਦੀ ਸਿਹਤ ਦੀ ਤੰਦਰੁਸਤੀ ਲਈ ਖ਼ੁਦਾ ਅੱਗੇ ਦੁਆਵਾਂ ਕਰਨ ਲੱਗੇ। ਕਾਜ਼ੀ ਪੜ੍ਹ-ਪੜ੍ਹ ਕੇ, ਲਿਖ-ਲਿਖ ਕੇ ਕਲਮਾਂ, ਜਾਦੂ-ਮੰਤਰ, ਅੱਗ ਵਿਚ ਪਾਉਣ-ਫੂਕਣ ਲੱਗੇ। ਜ਼ਕਰੀਆ ਖ਼ਾਨ ਨੂੰ ਪਿਸ਼ਾਬ ਦੇ ਬੰਨ੍ਹ ਦਾ ਦੁੱਖ ਪਲ-ਪਲ ਸਤਾਉਣ ਲੱਗਾ। ਉਹ ਜ਼ੋਰ-ਜ਼ੋਰ ਦੀ ਹੂੰਗੇ।

ਕਾਜ਼ੀ ਕਹਿਣ, "ਜਹਾਂ ਪਨਾਹ, ਖ਼ਾਨ ਬਹਾਦਰ, ਅੱਲ੍ਹਾ ਤਾਅਲਾ ਨੂੰ ਯਾਦ ਕਰ। ਕੁਰਾਨ-ਏ-ਸ਼ਰੀਫ਼ ਦੀਆਂ ਆਇਤਾਂ ਪੜ੍ਹ, ਅੱਲ੍ਹਾ ਤਾਅਲਾ ਮਿਹਰ ਕਰੇਗਾ।"

ਜ਼ਕਰੀਆ ਖ਼ਾਨ ਪੀਰ ਪੈਗ਼ੰਬਰਾਂ ਨੂੰ ਧਿਆਉਣ ਲੱਗਾ ਤੇ ਨਾਲ ਹੀ ਆਖੇ, "ਕਾਜ਼ੀ ਸਾਹਿਬ, ਕਰੋ ਕੋਈ ਚਾਰਾ। ਔਹ ਵੇਖੋ, ਸਿੰਘ ਆ ਗਏ ਜੇ। ਆਹ ਮੇਰੇ ਸਾਹਮਣੇ ਤਲਵਾਰਾਂ ਸੂਤੀ ਖਲੋਤੇ ਹਨ। ਔਹ ਸਿੰਘ ਪੈਗ਼ੰਬਰ ਨੂੰ ਪੈ ਗਿਆ ਜੇ ਭੰਗ-ਘੋਟਣਾ ਲੈ ਕੇ। ਔਹ ਨੀਲੇ ਬਾਣੇ ਵਿਚ ਸਿੰਘਾਂ ਦੀ ਫ਼ੌਜ ਆ ਗਈ ਜੇ। ਬਚਾਓ, ਬਚਾਓ, ਮੈਨੂੰ ਬਚਾਓ। ਮੈਨੂੰ ਸਿੰਘਾਂ ਨੇ ਛੱਡਣਾ ਨਹੀਂ। ਓ ਖ਼ੁਦਾ, ਮੇਰੀ

ਰੱਖਿਆ ਕਰ। ਮੈਨੂੰ ਸਿੱਖਾਂ ਤੋਂ ਬਚਾ ਲੈ। ਖ਼ੁਦਾ, ਸਿੰਘਾਂ ਤੋਂ ਇਕ ਵਾਰੀ ਰੱਖ ਲੈ, ਫਿਰ ਨਹੀਂ ਮੈਂ ਸਿੰਘਾਂ ਨੂੰ ਦੁੱਖ ਦੇਂਦਾ।"

ਕਾਜ਼ੀ-ਮੁੱਲਾਂ ਦੀਆਂ ਖ਼ੁਦਾ ਅੱਗੇ ਕੋਈ ਦਰਿਆਦ-ਫ਼ਰਿਆਦ ਨਾ ਚੱਲਦੀ ਵੇਖ ਕੇ ਜ਼ਕਰੀਆ ਖ਼ਾਨ ਨੇ ਦੀਵਾਨ ਸੂਰਤ ਸਿੰਘ ਨੂੰ ਆਖਿਆ, "ਦੀਵਾਨ ਜੀ, ਸ. ਸੁਬੇਗ ਸਿੰਘ ਨੂੰ ਲਿਆਉ।"

ਕੁਝ ਦਿਨ ਪਹਿਲਾਂ ਹੀ ਜ਼ਕਰੀਆ ਖ਼ਾਨ ਨੇ ਕਾਜ਼ੀ-ਮੁਲਾਣਿਆਂ ਦੇ ਮਗਰ ਲੱਗ ਕੇ ਸੁਬੇਗ ਸਿੰਘ ਨੂੰ ਬੰਦੀਖ਼ਾਨੇ ਦੀ ਜੇਲ੍ਹ ਵਿਚ ਬੰਦ ਕਰ ਦਿੱਤਾ ਸੀ।

ਦੀਵਾਨ ਸੂਰਤ ਸਿੰਘ ਸ. ਸੁਬੇਗ ਸਿੰਘ ਨੂੰ ਜੇਲ੍ਹ ਵਿਚੋਂ ਰਿਹਾਅ ਕਰਵਾ ਕੇ ਲੈ ਆਏ।

ਜ਼ਕਰੀਆ ਖ਼ਾ, "ਆ ਗਏ ਸ. ਸੁਬੇਗ ਸਿੰਘ ਜੀ, ਚੰਗਾ ਹੋਇਆ, ਤੁਸੀਂ ਆ ਗਏ। ਤੁਸੀਂ ਮੈਨੂੰ ਜ਼ਰੂਰ ਕੋਈ ਚੰਗੀ ਰਾਏ ਦੇਵੋਗੇ। ਇਥੇ ਤਾਂ ਸਾਰੇ ਦੇ ਸਾਰੇ ਨਾਲਾਇਕ ਹੀ ਇਕੱਠੇ ਹੋਏ ਹਨ। ਸੁਬੇਗ ਸਿੰਘ ਜੀ, ਮੈਨੂੰ ਅਫ਼ਸੋਸ ਹੈ ਕਿ ਮੈਂ ਇਹਨਾਂ ਨਾਲਾਇਕਾਂ ਦੇ ਆਖੇ ਲੱਗ ਕੇ ਤੁਹਾਨੂੰ ਦੁੱਖ ਦਿੱਤਾ ਹੈ।"

ਜ਼ਕਰੀਆ ਖ਼ਾਨ ਬਹਾਦਰ ਸੂਬੇਦਾਰ ਲਾਹੌਰ ਦੇ ਮੂੰਹੋਂ ਸੱਚੀਆਂ-ਸੱਚੀਆਂ ਸੁਣ ਕੇ ਕਾਜ਼ੀ-ਮੁਲਾਣੇ ਸ਼ਰਮ ਨਾਲ ਪਾਣੀ-ਪਾਣੀ ਹੋ ਗਏ। ਅਸੀਂ ਤਾਂ ਸ. ਸੁਬੇਗ ਸਿੰਘ ਨੂੰ ਕਤਲ ਕਰਵਾਉਣ ਦੀ ਸਕੀਮ ਸੋਚੀ ਸੀ। ਖ਼ਾਨ ਬਹਾਦਰ ਨੇ ਸੁਬੇਗ ਸਿੰਘ ਨੂੰ ਰਿਹਾਅ ਕਰਵਾ ਦਿੱਤਾ ਹੈ। ਝੂਠੇ ਅਤੇ ਚੁਗਲ, ਚੌਧਰ ਦੇ ਭੁੱਖੇ ਬੰਦਿਆਂ ਕੋਲ ਬੇਸ਼ਰਮੀ ਤੇ ਸ਼ਰਮਿੰਦਗੀ ਤੋਂ ਸਿਵਾਏ ਕੁਝ ਵੀ ਪੱਲੇ ਨਹੀਂ ਹੁੰਦਾ।

ਜ਼ਕਰੀਆ ਖ਼ਾਨ, "ਸ. ਸੁਬੇਗ ਸਿੰਘ ਜੀ, ਮੈਨੂੰ ਪਿਸ਼ਾਬ ਨਹੀਂ ਆਉਂਦਾ। ਵੈਦ, ਹਕੀਮ, ਕਾਜ਼ੀ, ਮੁਲਾਣੇ ਸਭ ਜ਼ੋਰ ਲਾ ਕੇ ਥੱਕ ਗਏ ਹਨ। ਹੁਣ ਤੁਸੀਂ ਕੋਈ ਚਾਰਾ ਕਰੋ। ਤੁਹਾਡੇ ਬਿਨਾਂ ਮੇਰੀ ਮਦਦ ਕਿਸੇ ਨਹੀਂ ਕਰਨੀ।"

ਸ. ਸੁਬੇਗ ਸਿੰਘ, "ਖ਼ਾਨ ਬਹਾਦਰ ਸਾਹਿਬ, ਤੁਹਾਨੂੰ ਸੰਤ ਸਰੂਪ ਭਾਈ ਤਾਰੂ ਸਿੰਘ ਜੀ ਦਾ ਸਰਾਪ ਲੱਗਾ ਹੈ। ਤੁਸੀਂ ਮਜ਼ਹਬ ਦੇ ਤੁਅੱਸਬ ਵਿਚ ਆ ਕੇ ਨਿਰਦੋਸ਼ ਸਿੱਖ ਦੀ ਬੇਰਹਿਮੀ ਨਾਲ ਖੋਪਰੀ ਲੁਹਾ ਦਿੱਤੀ ਹੈ। ਹੁਣ ਇਸ ਹਾਲਤ ਵਿਚ ਭਾਈ ਤਾਰੂ ਸਿੰਘ ਜੀ ਹੀ ਬਖ਼ਸ਼ ਸਕਦੇ ਹਨ। ਹੋਰ ਤਾਂ ਕੋਈ ਇਲਾਜ ਨਹੀਂ।"

ਜ਼ਕਰੀਆ ਖ਼ਾਨ, "ਸ. ਸੁਬੇਗ ਸਿੰਘ ਜੀ, ਤੁਸੀਂ ਜਾਉ। ਮੇਰੇ ਵੱਲੋਂ ਭਾਈ ਤਾਰੂ ਸਿੰਘ ਜੀ ਤੋਂ ਮਾਫ਼ੀ ਮੰਗੋ। ਮੈਂ ਇਸ ਤੋਂ ਅੱਗੇ ਕਿਸੇ ਸਿੱਖ ਨੂੰ ਦੁੱਖ ਨਹੀਂ ਦੇਵਾਂਗਾ। ਮੈਂ ਤੈਨੂੰ ਆਪਣੇ ਵੱਲੋਂ ਲਾਹੌਰ ਦਾ ਕੋਤਵਾਲ ਨਿਯੁਕਤ ਕਰਦਾ ਹਾਂ। ਤੁਸੀਂ ਸੁਬੇਗ ਸਿੰਘ ਜੀ, ਸਾਰੇ ਸਿੱਖ ਕੈਦੀ ਛੱਡ ਦਿਉ। ਮੇਰੇ ਵੱਲੋਂ ਸਿੱਖਾਂ ਉੱਤੇ ਜ਼ੁਲਮ ਬੰਦ ਕਰਨ ਦਾ ਐਲਾਨ ਕੀਤਾ ਜਾਂਦਾ ਹੈ।"

ਸ. ਸੁਬੇਗ ਸਿੰਘ, "ਖ਼ਾਨ ਬਹਾਦਰ ਸਾਹਿਬ, ਤੁਸੀਂ ਪਹਿਲਾਂ ਸਭ ਕੈਦੀ ਛੱਡ ਦੇਵੋ। ਸ਼ਾਇਦ ਪਰਮਾਤਮਾ ਤੁਹਾਡਾ ਦੁੱਖ ਦੂਰ ਕਰ ਦੇਵੇ। ਭਲਾ ਕੀਤਿਆਂ ਹੀ

ਭਲਾ ਹੁੰਦਾ ਹੈ।"

ਜ਼ਕਰੀਆ ਖ਼ਾਨ, "ਚਲੋ ਭਾਈ ਸੁਬੇਗ ਸਿੰਘ ਜੀ, ਆਪਾਂ ਜੇਲ੍ਹ ਦੇ ਬੂਹੇ ਖੋਲ੍ਹ ਦੇਈਏ।"

ਜ਼ਕਰੀਆ ਖ਼ਾਨ ਬਹਾਦਰ ਨੇ ਸ. ਸੁਬੇਗ ਸਿੰਘ ਨੂੰ ਲਾਹੌਰ ਦਾ ਕੋਤਵਾਲ ਨਿਯੁਕਤ ਕਰ ਦਿੱਤਾ ਅਤੇ ਸਭ ਕੈਦੀ ਸਲਾਮਾਂ ਕਰ-ਕਰ ਕੇ ਰਿਹਾਅ ਕਰ ਦਿੱਤੇ, ਪਰ ਫਿਰ ਵੀ ਜ਼ਕਰੀਆ ਖ਼ਾਨ ਨੂੰ ਕੋਈ ਆਰਾਮ ਨਾ ਆਇਆ।

ਜ਼ਕਰੀਆ ਖ਼ਾਨ ਨੇ ਲਾਹੌਰ ਸ਼ਹਿਰ ਦੇ ਸਿੱਖ ਸੱਦ ਲਏ ਤੇ ਬੇਨਤੀ ਕੀਤੀ ਕਿ ਭਾਈ ਤਾਰੂ ਸਿੰਘ ਦਾ ਸਰਾਪ ਸਿੱਖ ਹੀ ਬਖ਼ਸ਼ ਸਕਦੇ ਹਨ। ਤੁਸੀਂ ਸਾਰੇ ਸ. ਸੁਬੇਗ ਸਿੰਘ ਨਾਲ ਜਾਉ ਤੇ ਮੇਰੀਆਂ ਭੁੱਲਾਂ ਬਖ਼ਸ਼ਾ ਦੇਵੋ।

ਸ. ਸੁਬੇਗ ਸਿੰਘ ਲਾਹੌਰ ਦੇ ਸਿੱਖਾਂ ਨੂੰ ਨਾਲ ਲੈ ਕੇ ਭਾਈ ਤਾਰੂ ਸਿੰਘ ਜੀ ਪਾਸ ਪੁੱਜ ਗਿਆ ਤੇ ਭਾਈ ਤਾਰੂ ਸਿੰਘ ਜੀ ਨੂੰ ਬੇਨਤੀ ਕੀਤੀ, "ਭਾਈ ਸਾਹਿਬ ਜੀਉ, ਜ਼ਕਰੀਆ ਖ਼ਾਨ ਹੁਣ ਤੁਹਾਡੀ ਮਿੰਨਤ ਕਰਦਾ ਹੈ। ਖ਼ਾਲਸਾ ਬਖ਼ਸ਼ਣਹਾਰ ਹੈ। ਭਾਈ ਤਾਰੂ ਸਿੰਘ ਜੀ, ਸੂਬੇਦਾਰ ਜ਼ਕਰੀਆ ਖ਼ਾਨ ਨੂੰ ਮਾਫ਼ ਕਰ ਦਿਉ।"

ਭਾਈ ਤਾਰੂ ਸਿੰਘ ਜੀ, "ਧੰਨ ਹੋ ਭਾਈ ਸੁਬੇਗ ਸਿੰਘ ਜੀ, ਤੁਸੀਂ ਦਰਸ਼ਨ ਆ ਦਿੱਤੇ। ਤੁਸੀਂ ਜਾ ਕੇ ਖ਼ਾਨ ਬਹਾਦਰ ਜ਼ਕਰੀਏ ਨੂੰ ਕਹਿ ਦੇਵੋ ਕਿ ਆਪਣਾ ਜ਼ੋਰ ਲਾ ਲਵੇ, ਮੈਂ ਇਸ ਦੇ ਪ੍ਰਾਣ ਨਹੀਂ ਛੱਡਣੇ, ਇਸ ਨੂੰ ਜੁੱਤੀਆਂ ਅੱਗੇ ਲਾ ਕੇ ਲਿਜਾਣਾ ਹੈ। ਮੈਂ ਇਸ ਨੂੰ ਇਸ ਜਹਾਨ ਵਿਚ ਨਹੀਂ ਛੱਡਣਾ, ਜ਼ਕਰੀਆ ਖ਼ਾਨ ਨੂੰ ਮੈਂ ਨਹੀਂ ਬਖ਼ਸ਼ਣਾ। ਮੇਰੇ ਹੱਥੋਂ ਤੀਰ ਨਿਕਲ ਚੁੱਕਾ ਹੈ। ਜੇ ਇਸ ਨੂੰ ਬਖ਼ਸ਼ ਸਕਦਾ ਹੈ ਤਾਂ ਖ਼ਾਲਸਾ ਪੰਥ ਹੀ ਬਖ਼ਸ਼ ਸਕਦਾ ਹੈ।"

ਸ. ਸੁਬੇਗ ਸਿੰਘ ਜੀ ਨੇ ਜਾ ਕੇ ਜ਼ਕਰੀਆ ਖ਼ਾਨ ਬਹਾਦਰ ਸੂਬੇਦਾਰ ਲਾਹੌਰ ਨੂੰ ਦੱਸਿਆ ਕਿ ਭਾਈ ਤਾਰੂ ਸਿੰਘ ਜੀ ਦਾ ਬਚਨ ਹੈ ਕਿ ਹੁਣ ਮੈਂ ਨਹੀਂ ਬਖ਼ਸ਼ ਸਕਦਾ, ਖ਼ਾਲਸਾ ਪੰਥ ਹੀ ਬਖ਼ਸ਼ ਸਕਦਾ ਹੈ।

ਜ਼ਕਰੀਆ ਖ਼ਾਨ ਨੇ ਕਿਹਾ, "ਭਾਈ ਸੁਬੇਗ ਸਿੰਘ ਜੀ, ਤੁਸੀਂ ਮੇਰੇ ਵੱਲੋਂ ਖ਼ਾਲਸਾ ਪੰਥ ਨੂੰ ਬੇਨਤੀ ਕਰੋ। ਮੈਂ ਇਸ ਤੋਂ ਅੱਗੇ ਕਿਸੇ ਸਿੱਖ ਨੂੰ ਦੁੱਖ ਨਹੀਂ ਦੇਵਾਂਗਾ। ਖ਼ਾਲਸਾ ਪੰਥ ਪਰਉਪਕਾਰੀ ਹੈ, ਬਖ਼ਸ਼ਿੰਦ ਹੈ, ਮੈਨੂੰ ਜ਼ਰੂਰ ਬਖ਼ਸ਼ ਦੇਵੇਗਾ।"

ਜ਼ਕਰੀਆ ਖ਼ਾਨ ਬਹਾਦਰ ਨੇ ਸ. ਸੁਬੇਗ ਸਿੰਘ ਜੀ ਨੂੰ ਆਪਣੇ ਵੱਲੋਂ ਪੰਜ ਹਜ਼ਾਰ ਰੁਪਏ ਦਰਸ਼ਨੀ ਭੇਟਾ ਲਈ ਦਿੱਤੇ। ਬੜੀ ਨਿਮਰਤਾ ਨਾਲ ਮਿੰਨਤਾਂ ਤਰਲੇ ਕਰ ਕੇ ਤੋਰਿਆ।

ਸ. ਸੁਬੇਗ ਸਿੰਘ ਜੀ ਪੰਜ ਹਜ਼ਾਰ ਰੁਪਿਆ ਲੈ ਕੇ ਕੁਝ ਸਾਥੀਆਂ ਸਮੇਤ ਲਾਹੌਰ ਤੋਂ ਕਲੇਰਾਂ ਦੀ ਬੀੜ ਜੰਗਲ ਵਿਚ ਪੁੱਜ ਗਏ। ਕਲੇਰਾਂ ਦੀ ਬੀੜ ਵਿਚ

ਨਵਾਬ ਕਪੂਰ ਸਿੰਘ ਜੀ ਦਾ ਜਥਾ ਠਹਿਰਿਆ ਹੋਇਆ ਸੀ।

ਭਾਈ ਸੁਬੇਗ ਸਿੰਘ ਜੀ ਨੇ ਨਵਾਬ ਸ. ਕਪੂਰ ਸਿੰਘ ਜੀ ਅੱਗੇ ਪੰਜ ਹਜ਼ਾਰ ਰੁਪਏ ਭੇਟਾ ਰੱਖ ਕੇ ਬੇਨਤੀ ਕੀਤੀ ਕਿ ਭਾਈ ਤਾਰੂ ਸਿੰਘ ਜੀ ਪੂਰਨ ਬ੍ਰਹਮ ਗਿਆਨੀ ਦੇ ਸਰਾਪ ਨਾਲ ਜ਼ਕਰੀਆ ਖ਼ਾਨ ਬਹਾਦਰ ਸੂਬੇਦਾਰ ਲਾਹੌਰ ਨੂੰ ਪਿਸ਼ਾਬ ਦਾ ਬੰਨ੍ਹ ਪੈ ਗਿਆ ਹੈ। ਜ਼ਕਰੀਆ ਖ਼ਾਨ ਬੜਾ ਦੁਖੀ ਹੈ, ਖ਼ਾਲਸਾ ਪੰਥ ਦੀ ਸ਼ਰਨ ਪਿਆ ਹੈ। ਪੰਥ ਸ਼ਰਨ ਪਏ ਦੀ ਲਾਜ ਰੱਖੇ। ਖ਼ਾਲਸਾ ਪੰਥ ਅਰਦਾਸ ਕਰੇ, ਜ਼ਕਰੀਆ ਖ਼ਾਨ ਦਾ ਪਿਸ਼ਾਬ ਦਾ ਬੰਨ੍ਹ ਟੁੱਟ ਜਾਵੇ।

ਨਵਾਬ ਕਪੂਰ ਸਿੰਘ ਜੀ ਕਹਿਣ ਲੱਗੇ, "ਭਾਈ ਸੁਬੇਗ ਸਿੰਘ ਜੀ, ਤੁਹਾਨੂੰ ਜ਼ਕਰੀਆ ਖ਼ਾਨ ਦੀ ਫ਼ਰਮਾਇਸ਼ ਕਰਨ ਨਹੀਂ ਸੀ ਆਉਣਾ ਚਾਹੀਦਾ। ਜੋ ਭਾਈ ਤਾਰੂ ਸਿੰਘ ਜੀ ਦਾ ਬਚਨ ਹੈ, ਉਹ ਪੂਰਾ ਹੋਵੇਗਾ।"

ਭਾਈ ਸੁਬੇਗ ਸਿੰਘ, "ਜਥੇਦਾਰ ਜੀ, ਖ਼ਾਲਸਾ ਪੰਥ ਸ਼ਰਨ ਆਏ ਨੂੰ ਕੰਠ ਲਾਉਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਸੁਖਮਨੀ ਸਾਹਿਬ ਬਾਣੀ ਵਿਚ ਫ਼ੁਰਮਾਉਂਦੇ ਹਨ:

ਸਲੋਕ ॥
ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰੁ ॥
ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥੧॥.....
ਸੰਤ ਕਾ ਦੋਖੀ ਸਦਾ ਅਪਵਿਤੁ ॥
ਸੰਤ ਦਾ ਦੋਖੀ ਕਿਸੈ ਕਾ ਨਹੀ ਮਿਤੁ ॥
ਸੰਤ ਕੇ ਦੋਖੀ ਕਉ ਡਾਨੁ ਲਾਗੈ ॥
ਸੰਤ ਕੇ ਦੋਖੀ ਕਉ ਸਭ ਤਿਆਗੈ ॥
ਸੰਤ ਕਾ ਦੋਖੀ ਮਹਾ ਅਹੰਕਾਰੀ ॥
ਸੰਤ ਕਾ ਦੋਖੀ ਸਦਾ ਬਿਕਾਰੀ ॥
ਸੰਤ ਕਾ ਦੋਖੀ ਜਨਮੈ ਮਰੈ ॥
ਸੰਤ ਕੀ ਦੂਖਨਾ ਸੁਖ ਤੇ ਟਰੈ ॥
ਸੰਤ ਕੇ ਦੋਖੀ ਕਉ ਨਾਹੀ ਠਾਉ ॥
ਨਾਨਕ ਸੰਤ ਭਾਵੈ ਤਾ ਲਏ ਮਿਲਾਇ ॥੪॥

ਸ. ਸੁਬੇਗ ਸਿੰਘ ਜੀ ਪੜ੍ਹੇ-ਲਿਖੇ ਵਿਦਵਾਨ ਸਨ ਤੇ ਵਕੀਲ ਵੀ ਸਨ। ਅਕਲ-ਇਲਮ ਦੇ ਜ਼ੋਰ ਨਾਲ ਲਾਹੌਰ ਦਰਬਾਰ ਵਿਚ ਅਸਰ-ਰਸੂਖ਼ ਰੱਖਦੇ ਸਨ। ਨੌਕਰੀ ਕਰਦੇ ਸਨ। ਖ਼ਾਲਸਾ ਪੰਥ ਵਿਚ ਵੀ ਪੂਰੇ ਸਤਿਕਾਰੇ ਜਾਂਦੇ ਸਨ।

ਸ. ਸੁਬੇਗ ਸਿੰਘ ਜੀ ਦਾ ਸਮੁੱਚਾ ਜੀਵਨ ਖ਼ਾਲਸਾ ਪੰਥ ਨੂੰ ਸਮਰਪਿਤ ਹੈ। ਸਿੱਖ ਇਤਿਹਾਸ ਵਿਚ ਇਸ ਤਰ੍ਹਾਂ ਪ੍ਰਸਿੱਧ ਹੈ—'ਥੱਲੇ ਧਰਤੀ ਉੱਤੇ ਅੰਬਰ। ਵਿਚ ਫਿਰ ਸੁਬੇਗ ਸਿੰਘ ਜੰਬਰ।' ਨਵਾਬ ਕਪੂਰ ਸਿੰਘ ਜੀ ਦੀ ਅਗਵਾਈ ਵਿਚ ਸਿੰਘਾਂ

ਨੇ ਗੁਰਮਤਾ ਕੀਤਾ ਕਿ ਜੇ ਭਾਈ ਤਾਰੂ ਸਿੰਘ ਜੀ ਦੇ ਪੈਰ ਦੀ ਜੁੱਤੀ ਜ਼ਕਰੀਆ ਖ਼ਾਨ ਬਹਾਦਰ ਸੂਬੇਦਾਰ ਦੇ ਸਿਰ ਵਿਚ ਮਾਰੀ ਜਾਵੇ ਤਾਂ ਖ਼ਾਨ ਜ਼ਕਰੀਏ ਨੂੰ ਪਿਸ਼ਾਬ ਆਵੇਗਾ। ਮੌਤ ਸਿਰ ਉੱਤੇ ਬਣੀ ਰਹੇਗੀ। ਸਿੰਘਾਂ ਦਾ, ਪੰਥ ਦਾ ਇਹ ਗੁਰਮਤਾ ਸੁਣ ਕੇ ਪੰਥ ਤੋਂ ਆਗਿਆ ਲੈ ਕੇ, ਫ਼ਤਹਿ ਬੁਲਾ ਕੇ, ਸ. ਸੁਬੇਗ ਸਿੰਘ ਜੀ ਕਲੇਰਾਂ ਦੀ ਬੀੜ ਵਿਚੋਂ ਸਾਥੀਆਂ ਸਮੇਤ ਘੋੜਿਆਂ 'ਤੇ ਚੜ੍ਹ ਕੇ ਲਾਹੌਰ ਨੂੰ ਤੁਰ ਪਏ।

ਕਾਂਡ 28

ਦੀਵਾਨ ਸੂਰਤ ਸਿੰਘ, "ਆ ਗਏ ਸ. ਸੁਬੇਗ ਸਿੰਘ ਜੀ, ਖ਼ਾਲਸਾ ਪੰਥ ਨੇ ਦਿੱਤੀ ਮਾਫ਼ੀ ਖ਼ਾਨ ਬਹਾਦਰ ਨੂੰ.....?"

ਦੀਵਾਨ ਸੂਰਤ ਸਿੰਘ ਨੇ ਸ. ਸੁਬੇਗ ਸਿੰਘ ਨੂੰ ਬੜੀ ਉਤਸੁਕਤਾ ਨਾਲ ਪੁੱਛਿਆ।

ਸ. ਸੁਬੇਗ ਸਿੰਘ, "ਦੀਵਾਨ ਸੂਰਤ ਸਿੰਘ ਜੀ, ਮਾਫ਼ੀ ਤਾਂ ਖ਼ਾਲਸਾ ਪੰਥ ਨੇ ਦੇ ਦਿੱਤੀ ਹੈ, ਪਰ.....।"

ਦੀਵਾਨ ਸੂਰਤ ਸਿੰਘ, "ਸ. ਸੁਬੇਗ ਸਿੰਘ ਜੀ, ਛੇਤੀ ਦੱਸੋ, ਪਰ ਕੀ ? ਖ਼ਾਨ ਬਹਾਦਰ ਕੰਧਾਂ ਨੂੰ ਟੱਕਰਾਂ ਮਾਰ ਰਹੇ ਹਨ। ਤੁਸੀਂ ਸਾਰੀ ਗੱਲ ਖੋਲ੍ਹ ਕੇ ਦੱਸੋ ?"

ਸ. ਸੁਬੇਗ ਸਿੰਘ, "ਦੀਵਾਨ ਜੀ, ਪੰਥ ਦਾ ਹੁਕਮ ਬੜਾ ਸਖ਼ਤ ਹੈ। ਹੁਕਮ ਨੂੰ ਲਾਗੂ ਕਰਨਾ ਵੀ ਸੌਖੀ ਗੱਲ ਨਹੀਂ। ਤੁਹਾਡੇ ਨਾਲ ਵਿਚਾਰ ਕਰਨ ਲਈ ਹੀ ਤਾਂ ਸਿੱਧਾ ਤੁਹਾਡੇ ਕੋਲ ਆਇਆ ਹਾਂ। ਖ਼ਾਲਸਾ ਪੰਥ ਦਾ ਹੁਕਮ ਹੈ ਕਿ ਭਾਈ ਤਾਰੂ ਸਿੰਘ ਜੀ ਦੇ ਪੈਰ ਦੀ ਜੁੱਤੀ ਖ਼ਾਨ ਬਹਾਦਰ ਦੇ ਸਿਰ ਵਿਚ ਮਾਰਨ ਨਾਲ ਹੀ ਪਿਸ਼ਾਬ ਆਵੇਗਾ।"

ਦੀਵਾਨ ਸੂਰਤ ਸਿੰਘ, "ਭਾਈ ਸਾਹਿਬ, ਕੋਈ ਗੱਲ ਨਹੀਂ, ਮੈਂ ਖ਼ਾਨ ਬਹਾਦਰ ਨਾਲ ਗੱਲ ਕਰਦਾ ਹਾਂ। ਤੁਸੀਂ ਇਥੇ ਹੀ ਠਹਿਰੋ।"

ਦੀਵਾਨ ਸੂਰਤ ਸਿੰਘ ਖ਼ਾਨ ਬਹਾਦਰ ਦੇ ਮਹਿਲਾਂ ਵਿਚ ਪਹੁੰਚ ਗਿਆ। ਜ਼ਕਰੀਆ ਖ਼ਾਨ ਪਿਸ਼ਾਬ ਦੇ ਬੰਨ੍ਹ ਨਾਲ ਇੰਜ ਤੜਫ ਰਿਹਾ ਸੀ ਜਿਵੇਂ ਪਾਣੀ ਤੋਂ ਬਿਨਾਂ ਮੱਛੀ ਤੜਫਦੀ ਹੈ। ਪੁੱਤਰ, ਬੇਗਮਾਂ, ਕਾਜ਼ੀ, ਮੁਲਾਣੇ, ਸਭ ਖ਼ਾਮੋਸ਼ ਚਿੰਤਾ ਵਿਚ ਡੁੱਬੇ ਹੋਏ ਸਨ। ਜ਼ਕਰੀਆ ਖ਼ਾਨ ਦੁੱਖ ਤੇ ਪੀੜ ਨਾਲ ਚੀਕਾਂ ਮਾਰ ਕੇ ਹਾਲ ਦੁਹਾਈ ਪਾ ਰਿਹਾ ਸੀ।

ਜ਼ਕਰੀਆ ਖ਼ਾਨ, "ਆਉ ਦੀਵਾਨ ਜੀ, ਆਇਆ ਨਹੀਂ ਸੁਬੇਗ ਸਿੰਘ ?"

ਦੀਵਾਨ ਸੂਰਤ ਸਿੰਘ, "ਖ਼ਾਨ ਬਹਾਦਰ ਸਾਹਿਬ, ਸ. ਸੁਬੇਗ ਸਿੰਘ ਆ ਗਿਆ ਹੈ ਪਰ ਖ਼ਾਲਸਾ ਪੰਥ ਦਾ ਹੁਕਮ ਬੜਾ ਸਖ਼ਤ ਹੈ। ਜੇ ਲਾਗੂ ਹੋ ਜਾਵੇ ਤਾਂ ਪਿਸ਼ਾਬ ਜ਼ਰੂਰ ਆ ਸਕਦਾ ਹੈ।"

ਜ਼ਕਰੀਆ ਖ਼ਾਨ, "ਲਿਆਉ ਸੁਬੇਗ ਸਿੰਘ ਨੂੰ, ਸੱਦੋ, ਛੇਤੀ ਸੱਦੋ। ਜੋ ਵੀ

ਪੰਥ ਦਾ ਹੁਕਮ ਹੈ, ਮੈਨੂੰ ਸੁਣਾਵੇ, ਮੈਂ ਜ਼ਰੂਰ ਪੂਰਾ ਕਰਾਂਗਾ।"

ਦੀਵਾਨ ਸੂਰਤ ਸਿੰਘ, "ਖ਼ਾਨ ਬਹਾਦਰ ਸਾਹਿਬ, ਖ਼ਾਲਸਾ ਪੰਥ ਦਾ ਹੁਕਮ ਇਹ ਹੈ ਕਿ ਭਾਈ ਤਾਰੂ ਸਿੰਘ ਜੀ ਦੇ ਪੈਰ ਦੀ ਜੁੱਤੀ ਖ਼ਾਨ ਬਹਾਦਰ ਸਾਹਿਬ ਦੇ ਸਿਰ ਉੱਤੇ ਲਾਉਣ ਨਾਲ ਪਿਸ਼ਾਬ ਆਵੇਗਾ।"

ਜ਼ਕਰੀਆ ਖ਼ਾਨ, "ਕਿਥੇ ਹੈ ਸੁਬੇਗ ਸਿੰਘ? ਲਿਆਵੇ ਤਾਰੂ ਸਿੰਘ ਦੇ ਪੈਰ ਦੀ ਜੁੱਤੀ, ਮੇਰੇ ਸਿਰ 'ਤੇ ਲਾਵੇ। ਮੈਨੂੰ ਪਿਸ਼ਾਬ ਆ ਜਾਵੇ। ਮੇਰੀ ਜਾਨ ਬੜੀ ਔਖੀ ਹੈ। ਮੈਨੂੰ ਕੁਝ ਆਰਾਮ ਆਵੇ।"

ਭਾਈ ਤਾਰੂ ਸਿੰਘ ਜੀ ਦੇ ਪੈਰਾਂ ਨੂੰ ਜੁੱਤੀ ਛੂਹਾ ਕੇ ਲਿਆਂਦੀ ਗਈ। ਸ. ਸੁਬੇਗ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਦੇ ਪੈਰਾਂ ਦੀ ਜੁੱਤੀ ਕੱਪੜੇ ਵਿਚ ਲਪੇਟੀ ਖ਼ਾਨ ਬਹਾਦਰ ਦੇ ਅੱਗੇ ਰੱਖ ਦਿੱਤੀ।

ਜ਼ਕਰੀਆ ਖ਼ਾਨ ਸ. ਸੁਬੇਗ ਸਿੰਘ ਦੇ ਪੈਰੀਂ ਹੱਥ ਲਾਉਣ ਲੱਗਾ, "ਭਾਈ ਸੁਬੇਗ ਸਿੰਘ ਜੀ, ਤੁਸੀਂ ਧੰਨ ਹੋ। ਤੁਸੀਂ ਮੇਰੀ ਔਖੇ ਵੇਲੇ ਮਦਦ ਕਰਦੇ ਹੋ, ਤੁਸੀਂ ਧੰਨ ਹੋ, ਧੰਨ ਹੋ।"

ਸ. ਸੁਬੇਗ ਸਿੰਘ ਪਿੱਛੇ ਹਟ ਗਿਆ। ਆਪਣੇ ਪੈਰੀਂ ਹੱਥ ਨਾ ਲਾਉਣ ਦਿੱਤਾ।

ਜ਼ਕਰੀਆ ਖ਼ਾਨ, "ਸੁਬੇਗ ਸਿੰਘ ਜੀ, ਤੁਸੀਂ ਪਿੱਛੇ ਨਾ ਹੋਵੋ। ਤਾਰੂ ਸਿੰਘ ਦੇ ਪੈਰ ਦੀ ਜੁੱਤੀ ਮੇਰੇ ਸਿਰ ਉੱਤੇ ਮਾਰੋ। ਮੇਰਾ ਪਿਸ਼ਾਬ ਦਾ ਬੰਨ੍ਹ ਟੁੱਟੇ ਤੇ ਮੇਰੀ ਜਾਨ ਸੌਖੀ ਹੋਵੇ।"

ਸ. ਸੁਬੇਗ ਸਿੰਘ, "ਖ਼ਾਨ ਬਹਾਦਰ ਸਾਹਿਬ, ਕਾਜ਼ੀ ਸਾਹਿਬ ਨੂੰ ਕਹੋ ਕਿ ਇਤਨੀ ਕੁ ਸੇਵਾ ਉਹ ਕਰ ਦੇਣ। ਨਾਲੇ ਫੇਰ ਵੀ ਇਹ ਸਿਆਣੇ ਹਨ।"

ਸ. ਸੁਬੇਗ ਸਿੰਘ ਦੀ ਇਹ ਗੱਲ ਸੁਣ ਕੇ ਕਾਜ਼ੀ-ਮੁਲਾਣਿਆਂ ਦੇ ਢਿੱਡੀਂ ਵੱਟ ਪੈ ਗਿਆ। ਸੁਬੇਗ ਸਿੰਘ ਸਾਡੀ ਕੁੱਛੜ ਬਹਿ ਕੇ ਦਾਹੜੀ ਖੋਹ ਰਿਹਾ ਹੈ। ਅੱਲ੍ਹਾ ਤਾਅਲਾ ਨੇ ਕਿਹੋ ਜਿਹਾ ਸਮਾਂ ਲੈ ਆਂਦਾ ਹੈ। ਹੇਠਲੀ ਉੱਤੇ ਆ ਗਈ ਹੈ। ਕਾਜ਼ੀ ਮੁਲਾਣੇ ਆਪਣੇ ਗੁੱਸੇ ਨੂੰ ਵਿਚੇ-ਵਿਚ ਪੀ ਗਏ।

ਜ਼ਕਰੀਆ ਖ਼ਾਨ, "ਸੁਬੇਗ ਸਿੰਘ ਜੀ, ਦੁਹਾਈ ਖ਼ੁਦਾ ਦੀ, ਮੇਰੀ ਜਾਨ ਨਿਕਲ ਰਹੀ ਹੈ। ਇਹਨਾਂ ਨਾਲਾਇਕਾਂ ਦੇ ਪੁੱਤਰਾਂ ਨੇ ਕੀ ਕਰਨਾ ਹੈ। ਇਹਨਾਂ ਦੀਆਂ ਚੁੱਕਣਾਂ ਨੇ ਹੀ ਮੈਨੂੰ ਮਾਰ ਕੇ ਰੱਖ ਦਿੱਤਾ ਹੈ। ਸ਼ਰ੍ਹਾ ਦੇ ਫ਼ਤਵੇ ਸੁਣਾ-ਸੁਣਾ ਕੇ ਇਹਨਾਂ ਮੈਨੂੰ ਜ਼ਿੰਦਗੀ ਵਿਚ ਕੋਈ ਚੰਗਾ ਕੰਮ ਕਰਨ ਹੀ ਨਹੀਂ ਦਿੱਤਾ।"

ਜਦੋਂ ਬੰਦਾ ਦੁਖੀ ਹੁੰਦਾ ਹੈ, ਜਦੋਂ ਹਕੂਮਤ ਦਾ ਨਸ਼ਾ ਲੱਥਾ ਹੋਵੇ, ਉਦੋਂ ਸੱਚ ਬੋਲਦਾ ਹੈ। ਹਕੂਮਤ ਦੇ ਨਸ਼ੇ ਵਿਚ ਅੱਖਾਂ ਤੋਂ ਅੰਨ੍ਹਾ ਤੇ ਕੰਨਾਂ ਤੋਂ ਬੋਲਾ ਹੁੰਦਾ ਹੈ। ਹਕੂਮਤ ਦੇ ਨਸ਼ੇ ਵਿਚ ਉਸ ਨੂੰ ਮਾਸੂਮਾਂ, ਮਜ਼ਲੂਮਾਂ ਉੱਤੇ ਕੀਤਾ ਜ਼ੁਲਮ ਅੱਖਾਂ ਨਾਲ ਦਿੱਸਦਾ ਨਹੀਂ ਤੇ ਮਾਸੂਮਾਂ, ਨਿਰਦੋਸ਼ਾਂ, ਬੇਗੁਨਾਹਾਂ ਦੀ ਚੀਕ-ਪੁਕਾਰ ਉਸ ਨੂੰ ਕੰਨਾਂ ਨਾਲ ਸੁਣਦੀ ਨਹੀਂ।

ਜ਼ਕਰੀਆ ਖ਼ਾਨ ਬਹਾਦਰ ਸੂਬੇਦਾਰ ਲਾਹੌਰ ਦੁੱਖ ਵਿਚ ਸੀ ਤਾਂ ਹੀ ਤਾਂ ਸੱਚੀਆਂ ਗੱਲਾਂ ਕਰ ਰਿਹਾ ਸੀ।

ਸ. ਸੁਬੇਗ ਸਿੰਘ ਨੇ ਜ਼ਕਰੀਆ ਖ਼ਾਨ ਬਹਾਦਰ ਦੇ ਸਿਰ ਵਿਚ ਭਾਈ ਤਾਰੂ ਸਿੰਘ ਜੀ ਦੇ ਪੈਰ ਦੀ ਜੁੱਤੀ ਦਾ ਛਿੱਤਰ ਮਾਰਿਆ। ਜ਼ਕਰੀਆ ਖ਼ਾਨ ਨੂੰ ਸਰੀਰ ਵਿਚ ਹਿਲਜੁੱਲ ਜਿਹੀ ਮਹਿਸੂਸ ਹੋਈ।

ਜ਼ਕਰੀਆ ਖ਼ਾਨ, "ਸੁਬੇਗ ਸਿੰਘ ਜੀ, ਹੋਰ ਮਾਰ ਹੋਰ, ਪੰਜ ਛਿੱਤਰ ਮਾਰਨ ਦਾ ਸ਼ਗਨ ਪੂਰਾ ਕਰ ਦੇ।"

ਸ. ਸੁਬੇਗ ਸਿੰਘ ਨੇ ਪੰਜ ਛਿੱਤਰ ਜ਼ਕਰੀਆ ਖ਼ਾਨ ਬਹਾਦਰ ਦੇ ਸਿਰ ਵਿਚ ਪੋਲੇ-ਪੋਲੇ ਮਾਰ ਦਿੱਤੇ। ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੂੰ ਪਿਸ਼ਾਬ ਆ ਗਿਆ। ਸਰੀਰ ਦਾ ਦੁੱਖ ਕੁਝ ਘਟਿਆ ਮਹਿਸੂਸ ਹੋਇਆ।

ਜ਼ਕਰੀਆ ਖ਼ਾਨ ਬਹਾਦਰ, "ਭਾਈ ਸੁਬੇਗ ਸਿੰਘ ਜੀ, ਮੇਰੇ ਸਿਰ 'ਤੇ ਜ਼ੋਰ ਦੀ ਹੋਰ ਛਿੱਤਰ ਮਾਰ, ਮੇਰਾ ਸਾਰਾ ਦੁੱਖ ਦੂਰ ਹੋ ਜਾਵੇਗਾ।"

ਕਾਜ਼ੀ-ਮੁਲਾਣੇ, ਜ਼ਕਰੀਆ ਖ਼ਾਨ ਦੀਆਂ ਬੇਗਮਾਂ, ਪੁੱਤਰ ਅਤੇ ਹੋਰ ਅਹਿਲਕਾਰ ਹੈਰਾਨ ਸਨ। ਭਾਈ ਤਾਰੂ ਸਿੰਘ ਦੇ ਛਿੱਤਰ ਜ਼ਕਰੀਆ ਖ਼ਾਨ ਦੇ ਸਿਰ ਵਿਚ ਮਾਰਨ ਨਾਲ ਜ਼ਕਰੀਆ ਖ਼ਾਨ ਨੂੰ ਪਿਸ਼ਾਬ ਆ ਰਿਹਾ ਸੀ।

ਜ਼ਕਰੀਆ ਖ਼ਾਨ, "ਸੁਬੇਗ ਸਿੰਘ ਜੀ, ਹੁਣ ਤੁਸੀਂ ਲਾਹੌਰ ਦੇ ਕੋਤਵਾਲ ਹੋ, ਤੁਸੀਂ ਆਪਣੀ ਜ਼ਿੰਮੇਵਾਰੀ ਨਾਲ ਸਾਰੇ ਕੰਮ ਨਿਭਾਉ। ਜਿਵੇਂ ਤੁਹਾਨੂੰ ਪ੍ਰਬੰਧ ਠੀਕ ਲੱਗੇ, ਕਰੋ।"

ਭਾਈ ਸੁਬੇਗ ਸਿੰਘ ਜੀ ਨੇ ਲਾਹੌਰ ਦੇ ਕੋਤਵਾਲ ਦਾ ਅਹੁਦਾ ਸੰਭਾਲਦਿਆਂ ਸਭ ਤੋਂ ਪਹਿਲਾਂ ਸ਼ਹੀਦ ਸਿੰਘਾਂ ਦੇ ਸਿਰਾਂ ਦੇ ਜਿਹੜੇ ਮੁਨਾਰੇ ਤੇ ਬੁਰਜ ਉਸਾਰੇ ਸੀ ਅਤੇ ਜਿਹੜੇ ਸ਼ਹੀਦ ਸਿੰਘਾਂ ਦੇ ਸਿਰਾਂ ਨਾਲ ਖੂਹ ਭਰੇ ਸੀ, ਸ਼ਹੀਦ ਸਿੰਘਾਂ ਦੇ ਸਿਰਾਂ ਅਤੇ ਸਰੀਰਾਂ ਦਾ ਸਸਕਾਰ ਕਰਵਾਇਆ। ਤਸੀਹੇ ਦੇ ਕੇ ਕਤਲ ਕਰਨ ਉੱਤੇ ਰੋਕ ਲਗਾ ਦਿੱਤੀ। ਨਿਖ਼ਾਸ ਚੌਂਕ ਲਾਹੌਰ ਵਿਚੋਂ ਚਰਖੜੀ ਪੁਟਾ ਦਿੱਤੀ।

ਜ਼ਕਰੀਆ ਖ਼ਾਨ ਬਹਾਦਰ ਨੂੰ ਇਕ ਵਾਰੀ ਪਿਸ਼ਾਬ ਆ ਗਿਆ ਤਾਂ ਉਸ ਨੇ ਸ਼ੁਕਰ ਕੀਤਾ।

ਪਰ ਅਕਾਲ ਪੁਰਖ ਵਾਹਿਗੁਰੂ ਨੇ ਭਾਈ ਤਾਰੂ ਸਿੰਘ ਜੀ ਦਾ ਬਚਨ ਪੂਰਾ ਕਰਨਾ ਸੀ। ਜ਼ਕਰੀਆ ਖ਼ਾਨ ਨੂੰ ਪਿਸ਼ਾਬ ਦਾ ਬੰਨ੍ਹ ਦੁਬਾਰਾ ਫਿਰ ਪੈ ਗਿਆ। ਫਿਰ ਤੜਫਣ ਲੱਗਾ, ਪਹਿਲਾਂ ਵਾਲੀ ਹਾਲਤ ਫਿਰ ਹੋ ਗਈ। ਇਲਾਜ ਵੀ ਪਹਿਲਾ ਹੀ ਕਰਨਾ ਪਿਆ। ਜ਼ਕਰੀਆ ਖ਼ਾਨ ਬਹਾਦਰ ਭਾਈ ਤਾਰੂ ਸਿੰਘ ਦੇ ਪੈਰ ਦੀ ਜੁੱਤੀ ਆਪਣੇ ਸਿਰ ਵਿਚ ਮਾਰੇ ਤਾਂ ਪਿਸ਼ਾਬ ਆਵੇ, ਨਹੀਂ ਤਾਂ ਪਿਸ਼ਾਬ ਬੰਦ ਹੋ ਜਾਵੇ। ਖ਼ਾਨ ਬਹਾਦਰ ਪੀੜ ਨਾਲ ਤੜਫੇ, ਸ਼ਹੀਦ ਸਿੰਘ ਫਿਰ ਸਾਹਮਣੇ ਆਣ ਖਲੋਣ। ਸ਼ਹੀਦ ਸਿੰਘਾਂ ਨੂੰ ਵੇਖ ਕੇ ਜ਼ਕਰੀਆ ਖ਼ਾਨ ਬਹਾਦਰ ਚੀਕਾਂ ਮਾਰੇ, ਹਾਲ

ਦੁਹਾਈ ਪਾਏ, ਖ਼ੁਦਾ ਨੂੰ ਯਾਦ ਕਰੇ। ਸਿੰਘ ਅੱਗੋਂ ਆਖਣ ਕਿ ਚੱਲ ਦੁਸ਼ਟਾ, ਤੈਨੂੰ ਦੋਜ਼ਖ਼ ਦੀ ਅੱਗ ਵਿਚ ਸੁੱਟਾਂਗੇ। ਤੂੰ ਸਿੰਘਾਂ ਨੂੰ ਖ਼ਤਮ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਹੁਣ ਅਸੀਂ ਤੈਨੂੰ ਛੱਡਣਾ ਨਹੀਂ।

ਜ਼ਕਰੀਆ ਖ਼ਾਨ ਬਹਾਦਰ ਚੀਕਾਂ-ਚਾਂਗਰਾਂ ਮਾਰੇ। ਕਾਜ਼ੀ-ਮੁਲਾਣੇ, ਜ਼ਕਰੀਆ ਖ਼ਾਨ ਦੀਆਂ ਬੇਗਮਾਂ, ਪੁੱਤਰ, ਅਹਿਲਕਾਰ ਸਭ ਪਰੇਸ਼ਾਨ, ਪਰ ਕਰ ਵੀ ਕੀ ਸਕਦੇ ਸੀ। ਕਿਸੇ ਵੈਦ, ਹਕੀਮ, ਕਾਜ਼ੀ, ਮੁੱਲਾਂ ਦਾ ਕੋਈ ਇਲਾਜ, ਕੋਈ ਮੰਤਰ ਨਹੀਂ ਸੀ ਚੱਲਦਾ। ਸਿਰਫ਼ ਇਕੋ-ਇਕ ਇਲਾਜ ਸੀ, ਭਾਈ ਤਾਰੂ ਸਿੰਘ ਜੀ ਦੇ ਪੈਰ ਦੀ ਜੁੱਤੀ ਦਾ ਛਿੱਤਰ ਹੀ ਜ਼ਕਰੀਆ ਖ਼ਾਨ ਆਪ ਆਪਣੇ ਹੱਥਾਂ ਨਾਲ ਆਪਣੇ ਸਿਰ ਵਿਚ ਜਿੰਨੀ ਜ਼ੋਰ ਦੀ ਮਾਰਦਾ, ਤਾਂ ਪਿਸ਼ਾਬ ਆਉਂਦਾ, ਸਰੀਰ ਨੂੰ ਕੁਝ ਆਰਾਮ ਮਹਿਸੂਸ ਹੁੰਦਾ। ਨਹੀਂ ਤਾਂ ਜ਼ਕਰੀਆ ਖ਼ਾਨ ਬਹਾਦਰ ਦੀ ਜਾਨ ਨਿਕਲੇ।

ਜ਼ਕਰੀਆ ਖ਼ਾਨ ਬਹਾਦਰ ਇਸ ਤਰ੍ਹਾਂ ਬਾਈ (22) ਦਿਨ ਆਪਣੇ ਸਿਰ ਵਿਚ ਆਪਣੇ ਹੱਥੀਂ ਭਾਈ ਤਾਰੂ ਸਿੰਘ ਜੀ ਦੇ ਪੈਰ ਦੀ ਜੁੱਤੀ ਦਾ ਛਿੱਤਰ ਮਾਰਦਾ ਰਿਹਾ ਅਤੇ ਆਖ਼ਰਕਾਰ ਜ਼ਕਰੀਆ ਖ਼ਾਨ ਬਹਾਦਰ ਸੂਬੇਦਾਰ ਲਾਹੌਰ ਦਾ ਸਿਰ ਜੁੱਤੀਆਂ ਵੱਜਣ ਨਾਲ ਪੋਲਾ ਹੋ ਗਿਆ।

ਕਾਜ਼ੀ-ਮੁਲਾਣੇ ਆਖਣ ਕਿ ਸੂਬੇਦਾਰ ਖ਼ਾਨ ਬਹਾਦਰ ਪਾਗਲ ਹੋ ਗਿਆ ਹੈ ਜਿਹੜਾ ਆਪਣੇ ਸਿਰ ਵਿਚ ਇਤਨੇ ਜ਼ੋਰ ਦੀ ਛਿੱਤਰ ਮਾਰ ਰਿਹਾ ਹੈ।

ਜ਼ਕਰੀਆ ਖ਼ਾਨ ਜਿੰਨੇ ਜ਼ੋਰ ਦੀ ਆਪਣੇ ਸਿਰ ਵਿਚ ਛਿੱਤਰ ਮਾਰਦਾ, ਓਨਾ ਹੀ ਉਸ ਨੂੰ ਸਾਹ ਸੌਖਾ ਆਉਂਦਾ ਸੀ। ਇਸ ਤਰ੍ਹਾਂ ਜ਼ਕਰੀਆ ਖ਼ਾਨ ਬਹਾਦਰ ਬਾਈ ਦਿਨ ਇਸੇ ਹਾਲਤ ਵਿਚ ਆਪਣੇ ਸਿਰ ਵਿਚ ਆਪ ਹੀ ਭਾਈ ਤਾਰੂ ਸਿੰਘ ਜੀ ਦੇ ਪੈਰ ਦੀ ਜੁੱਤੀ ਮਾਰਦਾ ਹੋਇਆ ਪਹਿਲੀ ਜੁਲਾਈ 1745 ਨੂੰ ਇਸ ਦੁਨੀਆਂ ਤੋਂ ਸਦਾ ਲਈ ਤੁਰ ਗਿਆ।

ਅਕਾਲ ਪੁਰਖ ਵਾਹਿਗੁਰੂ ਨੇ ਸੰਤ ਸਰੂਪ ਭਾਈ ਤਾਰੂ ਸਿੰਘ ਜੀ ਦਾ ਇਹ ਬਚਨ ਪੂਰਾ ਕਰ ਦਿੱਤਾ ਕਿ ਸਿੰਘ ਦਾ (ਮੇਰਾ) ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਮੇਰਾ ਗੁਰੂ ਅਕਾਲ ਪੁਰਖ ਵਾਹਿਗੁਰੂ ਆਪ ਨਿਭਾਵੇਗਾ। ਜ਼ਕਰੀਆ ਖ਼ਾਨ ਬਹਾਦਰ ਤੈਨੂੰ ਸਿੰਘ ਦੀ ਜੁੱਤੀ ਅੱਗੇ ਲੱਗ ਕੇ ਜਾਣਾ ਪਵੇਗਾ। ਅਕਾਲ ਪੁਰਖ ਵਾਹਿਗੁਰੂ ਨੇ ਭਾਈ ਤਾਰੂ ਸਿੰਘ ਜੀ ਦਾ ਬਚਨ ਸਫਲ ਕਰ ਕੇ ਵਿਖਾਇਆ ਹੈ।

ਸ. ਸੁਬੇਗ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਨੂੰ ਜਾ ਕੇ ਦੱਸਿਆ, "ਭਾਈ ਸਾਹਿਬ ਭਾਈ ਤਾਰੂ ਸਿੰਘ ਜੀ, ਅਕਾਲ ਪੁਰਖ ਵਾਹਿਗੁਰੂ ਨੇ ਤੁਹਾਡਾ ਬਚਨ ਪੂਰਾ ਕਰ ਦਿੱਤਾ ਹੈ। ਅੱਜ ਤੁਹਾਡੇ ਪੈਰ ਦੀ ਜੁੱਤੀ ਜ਼ਕਰੀਆ ਖ਼ਾਨ ਬਹਾਦਰ ਸੂਬੇਦਾਰ ਲਾਹੌਰ ਆਪਣੇ ਸਿਰ ਵਿਚ ਮਾਰਦਾ ਹੋਇਆ ਇਸ ਦੁਨੀਆਂ ਤੋਂ ਕੂਚ ਕਰ ਗਿਆ ਹੈ।"

ਭਾਈ ਤਾਰੂ ਸਿੰਘ ਜੀ ਜਪੁ ਜੀ ਸਾਹਿਬ ਦਾ ਪਾਠ ਕਰ ਰਹੇ ਸਨ। ਜਪੁ ਜੀ ਸਾਹਿਬ ਦੇ ਪਾਠ ਦਾ ਭੋਗ ਪਾ ਕੇ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ ਤੇ ਭਾਈ ਤਾਰੂ ਸਿੰਘ ਜੀ ਨੇ ਸ. ਸੁਬੇਗ ਸਿੰਘ ਜੀ ਨੂੰ ਜੱਫੀ ਵਿਚ ਘੁੱਟ ਕੇ ਆਖਿਆ, "ਭਾਈ ਸੁਬੇਗ ਸਿੰਘ ਜੀ, ਸਿੱਖ ਨੂੰ ਗੁਰੂ ਉੱਤੇ ਪੂਰਨ ਭਰੋਸਾ ਹੋਣਾ ਚਾਹੀਦਾ ਹੈ, ਸਿੱਖੀ ਦੀ ਲਾਜ, ਸਿੱਖ ਦੀ ਪੱਤ ਰੱਖਣ ਵਾਲਾ ਅਕਾਲ ਪੁਰਖ ਵਾਹਿਗੁਰੂ ਆਪ ਹੈ।"

ਭਾਈ ਤਾਰੂ ਸਿੰਘ ਜੀ ਕਹਿਣ ਲੱਗੇ, "ਭਾਈ ਸੁਬੇਗ ਸਿੰਘ ਜੀ, ਹੁਣ ਅਸੀਂ ਕਲਗੀਧਰ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਜਾ ਰਹੇ ਹਾਂ। ਭਾਈ ਸੁਬੇਗ ਸਿੰਘ ਜੀਉ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।"

ਫ਼ਤਹਿ ਗਜਾ ਕੇ ਭਾਈ ਤਾਰੂ ਸਿੰਘ ਜੀ ਨੇ ਭਾਈ ਸੁਬੇਗ ਸਿੰਘ ਜੀ ਦੀਆਂ ਬਾਹਵਾਂ ਵਿਚ ਹੀ ਸਵਾਸ ਦੇ ਦਿੱਤੇ।

ਭਾਈ ਤਾਰੂ ਸਿੰਘ ਜੀ ਦੀ ਸੇਵਾ ਕਰਨ ਵਾਲੇ ਮਿਸਤਰੀ ਸਿੱਖ ਅਤੇ ਭਾਈ ਸੁਬੇਗ ਸਿੰਘ ਜੀ ਨਾਲ ਹੋਰ ਮੁਸਲਮਾਨ ਅਫ਼ਸਰ ਹੈਰਾਨ ਸਨ। ਸਿੱਖੀ ਦੇ ਅਨੋਖੇ ਆਸ਼ਕ ਭਾਈ ਤਾਰੂ ਸਿੰਘ ਜੀ ਦੀ ਕਹਿਣੀ-ਕਰਨੀ ਦੇ, ਸ਼ਹੀਦੀ ਸਾਕੇ ਦੀ ਸੰਪੂਰਨਤਾ ਨੂੰ ਵੇਖ ਕੇ ਕਿ ਸੱਚ ਹੀ ਕਹਿੰਦੇ ਹਨ, 'ਮੇਰਾ ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ' ਅਤੇ 'ਸੀਸ ਲੱਥ ਜਾਵੇ ਸਿੰਘ ਨਹੀਂ ਜ਼ੁਬਾਨੋਂ ਹਾਰਦੇ।'

ਸਿੱਖੀ ਦਾ ਪੁਜਾਰੀ, ਹਠੀ, ਤਪੀ, ਜਪੀ, ਜਤੀ, ਸਤੀ, ਸੰਤ ਸਰੂਪ, ਸਾਧੂ ਸੁਭਾ, ਪਰਉਪਕਾਰੀ, ਸਿਦਕੀ, ਸੰਤੋਖੀ, ਕਹਿਣੀ ਦਾ ਪੂਰਾ, ਕਰਨੀ ਦਾ ਸੂਰਾ, ਖ਼ਾਲਸਾ ਦਲਾਂ ਦੇ ਦਿਲਾਂ ਦੀ ਧੜਕਣ, ਨਾਮ ਬਾਣੀ (ਗੁਰਬਾਣੀ) ਦਾ ਰਸੀਆ, ਸੰਤ ਸਿਪਾਹੀ, ਸੇਵਾ ਸਿਮਰਨ ਦੀ ਮਿਸਾਲ ਭਾਈ ਤਾਰੂ ਸਿੰਘ ਜੀ 1 ਜੁਲਾਈ 1745 ਨੂੰ ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭਾ ਕੇ ਸਿੱਖ ਧਰਮ ਦੀ ਖ਼ਾਤਰ ਸ਼ਹੀਦ ਹੋ ਗਏ।

ਸ. ਸੁਬੇਗ ਸਿੰਘ ਜੀ ਜੰਬਰ ਅਤੇ ਲਾਹੌਰ ਦੇ ਮਿਸਤਰੀ ਸਿੱਖਾਂ ਨੇ, ਜੋ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਲੱਥ ਜਾਣ 'ਤੇ ਜ਼ਖ਼ਮੀ ਹਾਲਤ ਵਿਚ ਸੇਵਾ ਕਰ ਰਹੇ ਸਨ, ਭਾਈ ਤਾਰੂ ਸਿੰਘ ਜੀ ਦੇ ਸ਼ਹੀਦ ਸਰੀਰ ਨੂੰ ਇਸ਼ਨਾਨ ਕਰਵਾਇਆ, ਸੁੰਦਰ ਬਸਤਰ ਪਹਿਨਾ ਕੇ, ਲੱਕੜਾਂ ਦਾ ਅੰਗੀਠਾ ਚਿਣ ਕੇ ਲਾਹੌਰ ਦੇ ਲੰਡੇ ਬਾਜ਼ਾਰ ਦੀ ਧਰਮਸਾਲਾ ਵਿਚ ਸਸਕਾਰ ਕਰ ਦਿੱਤਾ। ਉਸ ਥਾਂ 'ਤੇ ਹੁਣ ਗੁਰਦੁਆਰਾ ਸ਼ਹੀਦ ਗੰਜ ਭਾਈ ਤਾਰੂ ਸਿੰਘ ਜੀ ਸੁਭਾਇਮਾਨ ਹੈ।

ਜਦੋਂ ਜੰਗਲ-ਬੇਲਿਆਂ ਵਿਚ ਰਹਿੰਦੇ ਖ਼ਾਲਸਾ ਪੰਥ ਨੂੰ, ਸਿੰਘਾਂ ਦੇ ਦਲਾਂ ਨੂੰ ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਅਤੇ ਜ਼ਕਰੀਆ ਖ਼ਾਨ ਬਹਾਦਰ ਸੂਬੇਦਾਰ ਦੀ ਕੁਮੌਤ ਦੀਆਂ ਖ਼ਬਰਾਂ ਮਿਲੀਆਂ ਤਾਂ ਖ਼ਾਲਸਾ ਦਲਾਂ ਨੇ ਭਾਈ ਤਾਰੂ ਸਿੰਘ

ਜੀ ਦੀ ਲਾਸਾਨੀ ਸ਼ਹਾਦਤ ਦੇ ਸਤਿਕਾਰ ਸਵਾਗਤ ਕਰਨ ਲਈ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਆਕਾਸ਼ ਗੂੰਜਾ ਦਿੱਤਾ।

ਜ਼ਕਰੀਆ ਖ਼ਾਨ ਬਹਾਦਰ ਪੰਥ ਦੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੀ ਸਾਥੀ ਸਿੰਘਾਂ ਸਮੇਤ ਗੁਰਦਾਸ ਨੰਗਰ ਦੀ ਗੜ੍ਹੀ ਦੇ ਲੰਮੇ ਘੇਰੇ ਤੋਂ ਬਾਅਦ 17 ਦਸੰਬਰ 1715 ਵਿਚ ਗ੍ਰਿਫ਼ਤਾਰੀ ਕਰ ਕੇ ਦਿੱਲੀ ਦੇ ਬਾਦਸ਼ਾਹ ਫ਼ਰੁੱਖ਼ਸੀਅਰ ਦੇ ਪੇਸ਼ ਕਰਨ ਨਾਲ ਬਾਦਸ਼ਾਹ ਫ਼ਰੁੱਖ਼ਸੀਅਰ ਦਿੱਲੀ ਦੇ ਪ੍ਰਵਾਨ ਚੜ੍ਹਿਆ ਸੀ। ਦਿੱਲੀ ਦੇ ਬਾਦਸ਼ਾਹ ਫ਼ਰੁੱਖ਼ਸੀਅਰ ਨੇ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਾਥੀ ਸਿੰਘਾਂ ਨੂੰ ਕਤਲੇਆਮ ਦੇ ਰੂਪ ਵਿਚ ਸ਼ਹੀਦ ਕਰ ਦਿੱਤਾ ਸੀ।

ਦਿੱਲੀ ਦੇ ਮੁਗ਼ਲ ਬਾਦਸ਼ਾਹ ਫ਼ਰੁੱਖ਼ਸੀਅਰ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਗ੍ਰਿਫ਼ਤਾਰੀ ਦੇ ਇਨਾਮ ਵਜੋਂ ਜ਼ਕਰੀਆ ਖ਼ਾਨ ਨੂੰ ਮੁਲਤਾਨ ਦਾ ਸੂਬੇਦਾਰ ਗਵਰਨਰ ਬਣਾ ਦਿੱਤਾ ਅਤੇ ਜ਼ਕਰੀਆ ਖ਼ਾਨ ਦੇ ਪਿਤਾ ਅਬਦੁੱਲ ਸਮੱਦ ਖ਼ਾਂ ਨੂੰ ਲਾਹੌਰ ਦਾ ਸੂਬੇਦਾਰ ਗਵਰਨਰ ਬਣਾ ਦਿੱਤਾ ਸੀ। ਅਬਦੁੱਲ ਸਮੱਦ ਖ਼ਾਂ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਜ਼ਕਰੀਆ ਖ਼ਾਨ ਬਹਾਦਰ ਸੰਨ 1726 ਵਿਚ ਲਾਹੌਰ ਦਾ ਸੂਬੇਦਾਰ ਗਵਰਨਰ ਬਣਿਆ।

19 ਜੂਨ ਸੰਨ 1716 ਵਿਚ ਪੰਥ ਦੇ ਜਰਨੈਲ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਨਾਲ ਜ਼ਕਰੀਆ ਖ਼ਾਨ ਬਹਾਦਰ ਦੇ ਜ਼ੁਲਮਾਂ ਦਾ ਆਰੰਭ ਹੋਇਆ ਸੀ, ਜੋ ਸੰਤ ਸਰੂਪ ਹਠੀ, ਜਪੀ, ਤਪੀ, ਸੰਤ ਸਿਪਾਹੀ ਮਰਦ ਦੀ ਸ਼ਹੀਦੀ ਨਾਲ 1 ਜੁਲਾਈ ਸੰਨ 1745 ਵਿਚ ਖ਼ਤਮ ਹੋ ਗਿਆ। ਜ਼ਕਰੀਆ ਖ਼ਾਨ ਬਹਾਦਰ ਸੂਬੇਦਾਰ ਲਾਹੌਰ ਨੂੰ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਅੱਗੇ ਲੱਗ ਕੇ ਇਸ ਜਹਾਨ ਤੋਂ ਪਰਲੋਕ ਨੂੰ ਕੂਚ ਕਰਨਾ ਪਿਆ।

ਸਿੱਖ ਕੌਮ ਖ਼ਾਲਸਾ ਪੰਥ, ਦਸ ਪਾਤਸ਼ਾਹੀਆਂ, ਹਾਜ਼ਰਾ-ਹਜ਼ੂਰ, ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅਕਾਲ ਪੁਰਖ ਵਾਹਿਗੁਰੂ ਦੇ ਹਜ਼ੂਰ ਕੀਤੀ ਜਾਂਦੀ ਅਰਦਾਸ ਬੇਨਤੀ ਵਿਚ ਹਰ ਰੋਜ਼ ਅਰਦਾਸ ਕਰਦਾ ਹੈ ਕਿ ਜਿਨ੍ਹਾਂ ਸਿੰਘਾਂ ਸਿੰਘਣੀਆਂ ਧਰਮ ਹੇਤ ਸੀਸ ਦਿੱਤੇ, ਬੰਦ-ਬੰਦ ਕਟਵਾਏ (ਭਾਈ ਮਨੀ ਸਿੰਘ ਜੀ ਦੀ ਸ਼ਹੀਦੀ), ਖੋਪਰੀਆਂ ਲੁਹਾਈਆਂ (ਭਾਈ ਤਾਰੂ ਸਿੰਘ ਜੀ ਦੀ ਖੋਪਰੀ ਲਹਿਣ ਦਾ ਸ਼ਹੀਦੀ ਸਾਕਾ), ਚਰਖੜੀਆਂ 'ਤੇ ਚੜ੍ਹੇ (ਸ਼ਹੀਦ ਭਾਈ ਮਹਿਤਾਬ ਸਿੰਘ, ਬਾਬਾ ਬੁਲਾਕਾ ਸਿੰਘ, ਭਾਈ ਸੁਬੇਗ ਸਿੰਘ, ਭਾਈ ਸ਼ਾਹਬਾਜ਼ ਸਿੰਘ ਆਦਿ ਪ੍ਰਮੁੱਖ ਸਿੰਘਾਂ), ਤਨ ਆਰਿਆਂ ਨਾਲ ਚਿਰਾਏ (ਭਾਈ ਮਤੀ ਦਾਸ ਜੀ ਚਾਂਦਨੀ ਚੌਕ ਦਿੱਲੀ ਦਾ ਸ਼ਹੀਦੀ ਸਾਕਾ), ਗੁਰਦੁਆਰਿਆਂ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਅਤੇ ਸੇਵਾ-ਸੰਭਾਲ ਲਈ ਕੁਰਬਾਨੀਆਂ ਕੀਤੀਆਂ, ਧਰਮ ਨੂੰ ਕਾਇਮ ਰੱਖਣ ਖ਼ਾਤਰ ਸ਼ਹੀਦ ਹੋਣ ਵਾਲੇ ਬੇਅੰਤ ਸਿੰਘਾਂ, ਸਿੰਘਣੀਆਂ, ਭੁਜੰਗੀਆਂ ਦੀ

ਕੁਰਬਾਨੀ ਨੂੰ ਯਾਦ ਕਰਦਾ ਹੈ।

ਅਰਥਾਤ ਜਿਵੇਂ ਕਿ ਅਰਦਾਸ, "ਜਿਨ੍ਹਾਂ ਸਿੰਘਾਂ ਸਿੰਘਣੀਆਂ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆ ਲੁਹਾਈਆਂ, ਤਨ ਆਰਿਆਂ ਨਾਲ ਚਿਰਾਏ ਗਏ, ਗੁਰਧਾਮਾਂ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਖ਼ਾਤਰ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭਾਇਆ, ਤਿਨ੍ਹਾਂ ਸਿੰਘਾਂ ਸਿੰਘਣੀਆਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ ਸਾਹਿਬ, ਬੋਲੋ ਜੀ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ।.....

ਨਾਨਕ ਨਾਮ ਚੜ੍ਹਦੀ ਕਲਾ।
ਤੇਰੇ ਭਾਣੇ ਸਰਬੱਤ ਦਾ ਭਲਾ।
ਵਾਹਿਗੁਰੂ ਜੀ ਕਾ ਖ਼ਾਲਸਾ।
ਵਾਹਿਗੁਰੂ ਜੀ ਕੀ ਫ਼ਤਹਿ।



ਸ. ਮਨਿੰਦਰ ਸਿੰਘ ਬਾਜਾ

ਸ. ਮਨਿੰਦਰ ਸਿੰਘ ਬਾਜਾ ਵੱਲੋਂ ਲਿਖੀਆਂ ਹੋਈਆਂ ਬਹੁ ਚਰਚਿਤ ਹੇਠ ਦਿੱਤੀਆਂ ਪੁਸਤਕਾਂ ਨੂੰ ਪੜ੍ਹ ਕੇ ਮੌਜੂਦਾ ਸਿੱਖ ਸੰਘਰਸ਼ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।



ਪ੍ਰਕਾਸ਼ਕ—
ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)
ਦੁਕਾਨ ਨੰ.: 154-155, ਨਿਊ ਘੰਟਾ ਘਰ ਮਾਰਕੀਟ, ਅੰਮ੍ਰਿਤਸਰ
ਫੋਨ : 0183-5101231 ਮੋਬਾਇਲ : 98726-58302, 98151-61234